


These Books are printed and distributed free of cost by the :

WILLIAM BRANHAM GOOD NEWS SOCIETY
Glady's Dauch Memorial Building
PB. No. 5304
No. 13, Subbarayan Nagar I Street,
Kodambakkam, Chennai - 600 024. S.INDIA.
Phone : 2473 0634
Visit us at www.wbgns.org

PUNJABI

# The Spoken Word

By

**WILLIAM MARRION BRANHAM**

# ਚੌਥੀ ਮੋਹਰ

## THE FOURTH SEAL

21 ਮਾਰਚ 1963

ਜੈਫਰਸਨਵਿਲੇ, ਇੰਡਿਆਨਾ, ਯੂ. ਐਸ. ਏ

ਬੋਲਿਆ ਹੋਇਆ ਵਚਨ ਹੀ ਮੂਲ ਬੀਜ ਹੈ

# ਚੋਥੀ ਮੋਹਰ
# THE FOURTH SEAL

WILLIAM MARRION BRANHAM

These books are printed & distributed free of cost by the :

**WILLIAM BRANHAM GOOD NEWS SOCIETY**
Glady's Dauch Memorial Building,
Post Box No. 5304
No. 13, Dr. Subbarayan Nagar I Street,
Kodambakkam, Chennai - 600 024, South India.
Phone : 044-2473 0634
Web : www.wbgns.org



ਕੀ ਮੈਂ ਤੁਹਾਨੂੰ ਪ੍ਰਭੂ ਦੇ ਨਾਮ ਤੇ ਕੋਈ ਅਜਿਹੀ ਗੱਲ ਆਖੀ ਜੋ ਪੂਰੀ ਨਾ ਹੋਈ ਹੋਵੇ? [ਸੰਗਤ ਆਖਦੀ ਹੈ, "ਨਹੀਂ। "-ਸੰਪਾ]ਹੁਣ ਜਦਕਿ ਤੁਹਾਡੇ ਕੋਲ ਮਸੀਹ ਦੀ ਖੋਜ ਕਰਨ ਲਈ ਮੌਕਾ ਹੈ। ਹੋ ਸੱਕਦਾ ਹੈ ਕਿ ਛੇਤੀ ਹੀ ਅਜਿਹਾ ਸਮਾਂ ਆਉਂਦਾ ਹੋਵੇ ਜਦ ਤੁਸੀਂ ਇਸ ਤਰ੍ਹਾਂ ਨਹੀਂ ਕਰ ਸੱਕਦੇ ਹੋ। ਹੋ ਸੱਕਦਾ ਹੈ ਕਿ ਕਿਸੇ ਵੀ ਸਮੇਂ ਉਹ ਵਿਚੋਲਗੀ ਕਰਨ ਵਾਲੇ ਸਥਾਨ ਨੂੰ ਛੱਡ ਦੇਵੇ ਤਦ ਤੁਸੀਂ ਆਪਣੇ ਸਾਰੇ ਦਿਲ ਦੇ ਨਾਲ ਰੋ ਸੱਕਦੇ ਹੋ, ਤਦ ਤੁਸੀਂ ਨੱਚ ਸੱਕਦੇ ਹੋ, ਤਦ ਤੁਸੀਂ ਪਰਾਈਆਂ ਭਾਖਿਆਂ ਵਿੱਚ ਬੋਲ ਸੱਕਦੇ ਹੋ, ਤੁਸੀਂ ਫਰਸ਼ ਤੇ ਉੱਪਰ ਥੱਲੇ ਭੱਜ ਸੱਕਦੇ ਹੋ, ਤੁਸੀਂ ਜੋ ਚਾਹੋ ਕਰ ਸੱਕਦੇ ਹੋ, ਅਤੇ ਦੁਨੀਆਂ ਦੀ ਕਿਸੇ ਵੀ ਕਲੀਸਿਯਾ ਵਿੱਚ ਸ਼ਾਮਿਲ ਹੋ ਸੱਕਦੇ ਹੋ, ਪ੍ਰੰਤੂ ਤਦ ਤੁਹਾਡੇ ਪਾਪਾਂ ਨੂੰ ਖਤਮ ਕਰਨ ਲਈ ਕੋਈ ਵੀ ਰੰਗਕਾਟ ਨਹੀਂ ਹੋਵੇਗਾ। ਫਿਰ ਤੁਸੀਂ ਕੀ ਕਰੋਗੇ, ਫਿਰ ਤੁਸੀਂ ਕਿੱਥੇ ਹੋਵੋਗੇ?

394 ਠੀਕ ਐ, ਮੈਂ ਆਪਣੇ ਸਾਰੇ ਦਿਲ ਨਾਲ ਨਿਹਚਾ ਕਰਦਾ ਹਾਂ ਕਿ ਉਹ ਗੱਦੀ ਹਾਲੇ ਵੀ ਖੁੱਲ੍ਹੀ ਹੋਈ ਹੈ। ਅਤੇ ਮੈਂ ਨਿਹਚਾ ਕਰਦਾ ਹਾਂ ਕਿ ਉਹ ਹਾਲੇ ਵੀ ਪ੍ਰਮੇਸ਼ੁਰ ਦੇ ਸਿੱਘਾਸਣ ਉੱਤੇ ਬਿਰਾਜਮਾਨ ਹੈ। ਪਰ ਜਲਦੀ ਹੀ ਉਹ ਉੱਠਣ ਵਾਲਾ ਹੈ ਅਤੇ ਜਿੰਨਿਆ ਨੂੰ ਉਸਨੇ ਛੁਡਾਇਆ ਹੈ ਉਹਨਾਂ ਦਾ ਦਾਅਵਾ ਕਰਨ ਲਈ ਆਵੇਗਾ। ਜਦ ਰੂਥ ਇੰਤਜ਼ਾਰ ਕਰ ਰਹੀ ਹੈ, ਉਹ ਨੇੜੇ ਦਾ ਸਾਕ ਦਾ ਕੰਮ ਕਰ ਰਿਹਾ ਹੈ।

395 ਪ੍ਰੰਤੂ ਛੇਤੀ ਹੀ, ਤੁਸੀਂ ਜਾਣਦੇ ਹੋ, ਜਦ ਬੋਅਜ਼ ਨੇ ਨੇੜੇ ਦੇ ਸਾਕ ਦਾ ਕੰਮ ਖਤਮ ਕਰ ਲਿਆ ਸੀ ਤਾਂ ਉਸ ਤੋਂ ਬਾਦ ਉਹਨੇ ਆਣ ਕੇ ਆਪਣੀ ਮਿਰਾਸ ਦਾ ਦਾਅਵਾ ਕੀਤਾ। ਅਤੇ ਬਾਈਬਲ ਦੱਸਦੀ ਹੈ ਕਿ ਬਿਲਕੁੱਲ ਇਹੋ ਹੀ ਉਸਨੇ ਕੀਤਾ, ਉਸਨੇ ਅੱਗੇ ਆਣ ਕੇ ਪੋਥੀ ਲੈ ਲਈ। ਫਿਰ ਵਿਚੋਲਗੀ ਦਾ ਕੰਮ ਖਤਮ ਹੋ ਜਾਂਦਾ ਹੈ। ਉਹ ਸਿੰਘਾਸਣ ਤੋਂ ਉੱਠ ਜਾਂਦਾ ਹੈ ਅਤੇ ਕਿਰਪਾ ਦੇ ਸਿੰਘਾਸਣ ਤੇ ਕੋਈ ਵੀ ਲਹੂ ਨਹੀਂ ਰਹਿੰਦਾ ਹੈ। ਅਤੇ ਫਿਰ ਇਹ ਕੀ ਹੁੰਦਾ ਹੈ? ਨਿਆਂ ਦਾ ਸਿੰਘਾਸਣ।

396 ਇਹਨਾਂ ਦਿਨਾਂ ਵਿੱਚ ਇਹ ਨਾ ਆਖਿਆ ਜਾਵੇ, " ਮੈਂ ਸੋਚਦਾ ਹਾਂ ਕਿ ਸੁਰਗ ਤੇ ਉਠਾਇਆ ਜਾਣਾ ਹੋਣਾ ਸੀ।" ਅਤੇ ਜਵਾਬ ਵਿੱਚ ਤੁਸੀਂ ਇਹ ਅਵਾਜ਼ ਸੁਣੋ, "ਇਹ ਤਾਂ ਬੀਤ ਚੁੱਕਿਆ ਹੈ।" ਪ੍ਰਮੇਸ਼ੁਰ ਤੁਹਾਡੀ ਸਹਾਇਤਾ ਕਰੇ।

ਹੁਣ, ਆਓ ਅਸੀਂ ਆਪਣੇ ਸਿਰਾਂ ਨੂੰ ਝੁਕਾਈਏ।

397 ਭਾਈ ਨੇਵਿਲ ਸਭਾ ਨੂੰ ਖਤਮ ਕਰਨ ਲਈ ਆਓ ਜਾਂ ਜੋ ਕੁਝ ਤੁਸੀਂ ਕਰਨਾ ਹੈ ਉਹ ਕਰਨ ਲਈ ਇੱਥੇ ਆਓ। ਕੱਲ ਰਾਤ ਤੱਕ ਪ੍ਰਮੇਸ਼ੁਰ ਤੁਹਾਨੂੰ ਬਰਕਤ ਦੇਵੇ।

ਇਸਨੂੰ ਸੁਣਦਾ ਹੈ ਅਤੇ ਆਪਣੀ ਅਜਾਦੀ ਨੂੰ ਕਬੂਲ ਕਰਨ ਤੋਂ ਮਨ੍ਹਾਂ ਕਰ ਦਿੰਦਾ ਹੈ ਤਾਂ ਉਸਨੂੰ ਆਪਣੀ ਜੱਥੇਬੰਦੀ ਦੇ ਮਾਲਕ ਦੀ ਜਿੰਦਗੀ ਭਰ ਸੇਵਾ (ਗੁਲਾਮੀ)ਕਰਨੀ ਪਵੇਗੀ। ਆਮੀਨ।

388 ਔਹ ! ਔਹ !ਕੀ ਇਹ ਅਦਭੁਤ ਨਹੀਂ ਹੈ? [ਸਭਾ ਆਖਦੀ ਹੈ, "ਅਮੀਨ। "-ਸੰਪਾ]

ਮੈਂ ਉਸਨੂੰ ਪਿਆਰ ਕਰਦਾ ਹਾਂ
(ਆਓ ਆਪਣੇ ਹੱਥਾਂ ਨੂੰ ਉੱਪਰ ਉਠਾਈਏ ਅਤੇ ਉਸਦੀ ਉਪਾਸਨਾ ਕਰੀਏ)
ਕਿਉਂਕਿ ਪਹਿਲਾਂ ਉਸਨੇ ਮੇਰੇ ਨਾਲ ਪਿਆਰ ਕੀਤਾ(ਮਹਿਮਾਂ !)
ਅਤੇ ਮੇਰੀ ਮੁਕਤੀ ਨੂੰ ਕਲਵਰੀ ਦੇ ਰੁੱਖ ਉੱਤੇ ਖਰੀਦਿਆ।

389 [ਭਾਈ ਬ੍ਰਾਨਹਾਮ ਗੁਣ ਗੁਣਾਉਣਾਂ ਸ਼ੁਰੂ ਕਰਦੇ ਹਨ ਕਿ, *ਮੈਂ ਉਸਨੂੰ ਪਿਆਰ ਕਰਦਾ ਹਾਂ।* -ਸੰਪਾ] ਹੁਣ ਆਪਣੇ ਸਿਰਾਂ ਨੂੰ ਝੁਕਾਉ ਅਤੇ ਜਦ ਅਸੀਂ ਇਸ ਗੀਤ ਨੂੰ ਗਾ ਰਹੇ ਹਾਂ ਉਸਦੀ ਉਪਾਸਨਾ ਕਰੋ। [ਭਾਈ ਬ੍ਰਾਨਹਾਮ ਲਗਾਤਾਰ ਗੁਣ-ਗੁਣਾਉਂਦੇ ਹਨ, *ਮੈਂ ਉਸਨੂੰ ਪਿਆਰ ਕਰਦਾ ਹਾਂ।* ]

390 ਪ੍ਰਭੂ ਅਸੀਂ ਤੇਰੇ ਕਿੰਨੇ ਸ਼ੁਕਰਗੁਜ਼ਾਰ ਹਾਂ। ਮੈਂ ਬਹੁਤ ਹੀ ਖੁਸ਼ ਹਾਂ। ਪ੍ਰਭੂ ਮੈਂ ਤੇਰੇ ਅਤੇ ਤੇਰੇ ਲੋਕਾਂ ਲਈ ਬਹੁਤ ਹੀ ਪ੍ਰਸੰਨ ਹਾਂ। ਹੇ ਪ੍ਰਭੂ ਤੂੰ ਸਾਡੀ ਮੁਕਤੀ ਨੂੰ ਕਲਵਰੀ ਤੇ ਖਰੀਦਿਆ। ਪ੍ਰਭੂ ਅਸੀਂ ਇਸਨੂੰ ਬੜੀ ਹੀ ਖੁਸ਼ੀ ਦੇ ਨਾਲ ਕਬੂਲ ਕਰਦੇ ਹਾਂ।

391 ਹੁਣ ਪ੍ਰਭੂ, ਤੂੰ ਆਪਣੇ ਆਤਮਾ ਦੇ ਨਾਲ ਸਾਨੂੰ ਪਰਖ ਅਤੇ ਜਾਂਚ। ਅਤੇ ਜੇ ਪ੍ਰਭੂ ਸਾਡੇ ਵਿੱਚ ਕੋਈ ਬੁਰਾਈ ਪਾਈ ਜਾਂਦੀ ਹੈ ਜਾਂ ਵਚਨ ਦੇ ਪ੍ਰਤੀ ਕੋਈ ਬੇਪ੍ਰਤੀਤੀ ਪਾਈ ਜਾਂਦੀ ਹੈ ਅਤੇ ਜਾਂ ਜੇ ਕੋਈ ਅਜਿਹਾ ਆਦਮੀ ਹੈ ਜਿਹੜਾ ਪ੍ਰਮੇਸ਼ੁਰ ਦੇ ਹਰ ਇੱਕ ਵਚਨ ਤੇ "ਆਮੀਨ" ਨਹੀਂ ਆਖਦਾ ਤਾਂ ਹੋਣ ਦੇ ਕਿ ਪਵਿੱਤਰ ਆਤਮਾ ਹੁਣ ਥੱਲੇ ਆਵੇ, ਚਿੱਟੇ ਘੋੜੇ ਦਾ ਸਵਾਰ ਆਏ ਅਤੇ ਉਸਦਾ ਆਤਮਾ ਮਸੀਹ ਦਾ ਆਤਮਾ, ਮਸੀਹ ਵਿਰੋਧੀ ਦੇ ਸਾਹਮਣੇ ਹੀ ਆਪਣਿਆਂ ਨੂੰ ਬੁਲਾਵੇ। ਪ੍ਰਭੂ ਤੂੰ ਉਹਨਾਂ ਨੂੰ ਬਾਹਰ ਕੱਢ।

392 ਹੁਣ ਹੋਣ ਦੇ ਕਿ ਉਹ ਤੋਬਾ ਕਰਨ ਅਤੇ ਛੇਤੀ ਹੀ ਤੇਰੇ ਕੋਲ ਆ ਜਾਣ ਅਤੇ ਤੇਲ ਅਤੇ ਮੈ ਨਾਲ ਭਰ ਜਾਣ ਅਤੇ ਕਾਇਨ ਦੀ ਮੌਤ ਵਾਲੇ ਮਿਸ਼ਨ ਦੇ ਚੋਗੇ ਨੂੰ ਉਤਾਰ ਕੇ, ਸਦੀਪਕ ਜੀਉਣ ਵਾਲੇ ਬਰਫ ਵਾਂਗ ਸਫੈਦ ਚੋਗੇ ਨੂੰ ਪਹਿਨ ਲੈਣ ਜੋ ਕਿ ਲਾੜੇ ਦੇ ਦੁਆਰਾ ਦਿੱਤਾ ਜਾਂਦਾ ਹੈ। ਅਤੇ ਫਿਰ ਕਿਸੇ ਦਿਨ ਉਹ ਜੀ ਉੱਠਣ ਵਾਲੇ ਪ੍ਰਮਾਣਿਤ ਵਚਨ ਦੇ ਨਾਲ ਵਿਆਹ ਦੀ ਦਾਉਤ ਵਿੱਚ ਜਾਣਗੇ। ਪ੍ਰਭੂ ਇਹ ਬਖਸ਼ ਦੇ। ਪ੍ਰਭੂ ਜਦਕਿ ਲੋਕ ਤੇਰੀ ਰਾਹ ਵੇਖ ਰਹੇ ਹਨ ਤੂੰ ਉਹਨਾਂ ਦੇ ਦਿਲਾਂ ਨੂੰ ਜਾਂਚ। ਅਸੀਂ ਇਹ ਦੁਆ ਯਿਸੂ ਮਸੀਹ ਦੇ ਨਾਮ ਵਿੱਚ ਮੰਗਦੇ ਹਾਂ।

[ਭਾਈ ਬ੍ਰਾਨਹਾਮ ਗੁਣ ਗੁਣਾਉਣਾਂ ਸ਼ੁਰੂ ਕਰਦੇ ਹਨ,*ਮੈਂ ਉਸਨੂੰ ਪਿਆਰ ਕਰਦਾ ਹਾਂ* -ਸੰਪਾ]

393 ਹੁਣ ਮੇਰੇ ਭਾਈ, ਮੇਰੀ ਭੈਣ, ਮੇਰੇ ਦੋਸਤ ਤੁਸੀਂ ਬਸ ਆਪਣੇ ਦਿਲ ਦੀ ਜਾਂਚ ਕਰੋ। ਮੈਂ ਤੁਹਾਡੇ ਨਾਲ ਕਾਫੀ ਲੰਬੇ ਸਮੇਂ ਤੋਂ ਹਾਂ। ਮੈਨੂੰ ਤੁਹਾਡੇ ਨਾਲ ਰਹਿੰਦੇ ਨੂੰ ਤੇਤੀ ਸਾਲ ਹੋ ਗਏ ਹਨ।

# ਚੌਥੀ ਮੋਹਰ
# THE FOURTH SEAL

ਸ਼ੁੱਭ ਸ਼ਾਮ। ਆਓ ਕੁਝ ਪਲਾਂ ਲਈ ਆਪਣੇ ਸਿਰਾਂ ਨੂੰ ਪ੍ਰਾਰਥਨਾ ਲਈ ਝੁਕਾਈਏ।

2 ਸਾਡੇ ਦਿਆਲੂ ਸੁਰਗੀ ਪਿਤਾ, ਅਸੀਂ ਅੱਜ ਰਾਤ ਇੱਕ ਵਾਰ ਫਿਰ ਪ੍ਰਭੂ ਯਿਸੂ ਦੇ ਨਾਮ ਵਿੱਚ ਤੈਨੂੰ ਇੱਕ ਹੋਰ ਦਿਨ ਲਈ ਧੰਨਵਾਦ ਦੇਣ ਲਈ ਆਉਂਦੇ ਹਾਂ। ਅਤੇ ਅਸੀਂ ਤੇਰੇ ਕੋਲੋਂ ਅੱਜ ਰਾਤ ਦੀ ਬੰਦਗੀ ਤੇ ਬਰਕਤਾਂ ਮੰਗਦੇ ਹਾਂ। ਹੋਣ ਦੇ ਕਿ ਪਾਕ ਰੂਹ ਆਵੇ ਅਤੇ ਇਹਨਾਂ ਗੱਲਾਂ ਦਾ ਅਰਥ ਸਾਨੂੰ ਦੱਸੇ ਜਿਹਨਾਂ ਦੀ ਅਸੀਂ ਵੱਡੇ ਯਤਨ ਨਾਲ ਖੋਜ ਕਰ ਰਹੇ ਹਾਂ। ਹੇ ਖੁਦਾ ਹੋਣ ਦੇ ਕਿ ਇਹ ਸੰਗਤੀ ਸਾਡੇ ਲਈ ਏਨੀ ਬਹੁਮੁੱਲੀ ਹੋਵੇ ਕਿ ਅਸੀਂ ਸਾਰੇ ਵਚਨ ਦੇ ਦੁਆਲੇ ਇਸ ਢੰਗ ਦੇ ਨਾਲ ਸੰਗਤੀ ਕਰੀਏ ਕਿ ਜਦ ਅਸੀਂ ਇੱਥੋਂ ਜਾਈਏ ਤਾਂ ਅਸੀਂ ਇਹ ਕਹਿ ਸਕੀਏ " ਕੀ ਸਾਡੇ ਦਿਲ ਸਾਡੇ ਅੰਦਰ ਗਰਮ ਨਹੀਂ ਸੀ ਹੁੰਦੇ ਜਦ ਉਹ ਰਾਹ ਵਿੱਚ ਸਾਡੇ ਨਾਲ ਗੱਲਾਂ ਕਰਦਾ ਸੀ?" ਅਤੇ ਉਹ ਸਾਡੇ ਨਾਲ ਕਿਸ ਤਰ੍ਹਾਂ ਦਾ ਰਿਹਾ ਹੈ ਉਹਦੇ ਲਈ ਅਸੀਂ ਤੇਰਾ ਧੰਨਵਾਦ ਕਰਦੇ ਹਾਂ ਅਤੇ ਯਕੀਨ ਕਰਦੇ ਹਾਂ ਕਿ ਉਹ ਸਾਡੇ ਨਾਲ ਰਹੇਗਾ ਜਿਵੇਂ ਅਸੀਂ ਆਪਣੇ ਸਫਰ ਵਿੱਚ ਅਗਾਂਹ ਵੱਧਦੇ ਹਾਂ, ਕਿਉਂਕਿ ਅਸੀਂ ਇਸ ਦੁਆ ਨੂੰ ਯਿਸੂ ਮਸੀਹ ਦੇ ਨਾਮ ਵਿੱਚ ਮੰਗਦੇ ਹਾਂ। ਅਮੀਨ।

3 ਅੱਜ ਰਾਤ ਫਿਰ ਪ੍ਰਭੂ ਦੇ ਭਵਨ ਵਿੱਚ ਸੇਵਾ ਲਈ ਆ ਕੇ ਮੈਂ ਬਹੁਤ ਹੀ ਖੁਸ਼ ਹਾਂ !ਅਤੇ ਅਸੀਂ ਖੁਸ਼ ਹਾਂ। ਮੈਂ ਬਹੁਤ ਹੀ ਖੁਸ਼ ਹਾਂ ਕਿ ......

4 ਮੈਂ ਬਸ ਸੋਚਿਆ ਸੀ ਕਿ ਉਹ ਨਹੀਂ ਆਵੇਗਾ ਪਰ ਇਹ ਅੰਤ ਵਿੱਚ ਆ ਹੀ ਗਿਆ। ਅਤੇ ਮੈਂ ਪ੍ਰਮੇਸ਼ੁਰ ਦਾ ਬੜਾ ਹੀ ਧੰਨਵਾਦੀ ਹਾਂ ਕਿ ਅੱਜ ਰਾਤ ਅਸੀਂ ਉਨ੍ਹਾਂ ਚੋਹਾਂ ਘੋੜਸਵਾਰਾਂ ਵਿੱਚੋਂ ਆਖਰੀ ਘੋੜਸਵਾਰ ਤੇ ਹਾਂ,ਮੈਂ ਸੋਚਦਾ ਹਾਂ ਕਿ ਇਹ ਇਸ ਸਮੇਂ ਕਲੀਸਿਯਾ ਲਈ ਮੁੱਖ ਸੰਦੇਸ਼ਾਂ ਵਿੱਚੋਂ ਇੱਕ ਹੈ।

5 ਮੈਂ ਨਹੀਂ ਜਾਣਦਾ ਹਾਂ ਕਿ ਦੂਜਾ ਕੀ ਹੈ। ਮੈਂ ਤਾਂ ਇਸਨੂੰ ਦਿਨ ਬਾ ਦਿਨ ਪ੍ਰਾਪਤ ਕਰ ਰਿਹਾ ਹਾਂ, ਬਸ ਉਸੇ ਤਰ੍ਹਾਂ ਜਿਵੇਂ ਉਹ ਇਸਦਾ ਪ੍ਰਕਾਸ਼ ਦਿੰਦਾ ਹੈ। ਮੈਂ ਇਸਨੂੰ ਉਸੇ ਤਰ੍ਹਾਂ ਹੀ ਦੇਣ ਦਾ ਯਤਨ ਕਰਦਾ ਹਾਂ ......ਜਿਵੇਂ ਕਿ ਉਹ ਮੈਨੂੰ ਇਹ ਦਿੰਦਾ ਹੈ।

6 ਕੀ ਤੁਸੀਂ ਪ੍ਰਮੇਸ਼ੁਰ ਦੀਆਂ ਬਰਕਤਾਂ ਦਾ ਅਨੰਦ ਲੈ ਰਹੇ ਹੋ?[ਸੰਗਤ ਆਖਦੀ ਹੈ, "ਆਮੀਨ। "-ਸੰਪਾ]ਕੀ ਤੁਸੀਂ ਧਿਆਨ ਦਿੱਤਾ ਕਿ ਕਿਸ ਤਰ੍ਹਾਂ ਇਹ ਉਹਨਾਂ ਕਲੀਸਿਯਾਈ ਯੁੱਗਾਂ ਨਾਲ ਮੇਲ ਖਾਂਦੇ ਹਨ ਇਹ ਬਿਲਕੁੱਲ ਠੀਕ ਉਹਨਾਂ ਦੇ ਨਾਲ-ਨਾਲ ਚੱਲਦਾ ਹੈ? ਇਹ ਇਸੇ ਤਰ੍ਹਾਂ ਹੀ ਹੈ .......ਮੈਨੂੰ ਤਾਂ ਇਸ ਤੋਂ ਇਹ ਹੀ ਲੱਗਦਾ ਹੈ ਕਿ ਇਹ ਇਹੋ ਹੀ ਦਰਸਾਉਂਦਾ ਹੈ ਕਿ ਇਹ ਉਹੋ ਹੀ ਪਵਿੱਤਰ ਆਤਮਾ ਹੈ ਜਿਹਨੇ ਕਲੀਸਿਯਾ ਦੇ ਯੁੱਗਾਂ ਦਾ ਪ੍ਰਕਾਸ਼ ਦਿੱਤਾ ਸੀ, ਤੁਸੀਂ ਵੇਖੋ ਕਿ ਉਹ ਹੀ ਪਵਿੱਤਰ ਆਤਮਾ ਸਾਨੂੰ ਇਹ ਦੇ ਰਿਹਾ ਹੈ, ਕਿਉਂਕਿ ਇਹ ਇੱਕ ਦੂਜੇ ਨਾਲ ਪੂਰੀ ਤਰ੍ਹਾਂ ਮੇਲ ਖਾਂਦੇ ਹਨ; ਇਹ ਸੱਭ ਖੁਦਾ ਦਾ ਇੱਕ ਵੱਡਾ ਕੰਮ ਹੈ, ਅਤੇ ਉਹ ਆਪਣੇ ਆਪ ਨੂੰ ਵੱਖ-ਵੱਖ ਢੰਗਾਂ ਦੇ ਨਾਲ ਵਿਖਾ ਰਿਹਾ ਹੈ।

7 ਤੁਸੀਂ ਧਿਆਨ ਦਿਓ ਕਿ ਜਦ ਉਸਨੇ ਆਪਣੇ ਆਪ ਨੂੰ ਦਰਸ਼ਣਾਂ ਦੁਆਰਾ ਦਾਨੀਏਲ ਨੂੰ ਵਿਖਾਇਆ ਤਾਂ ਉੱਥੇ ਉਹਨਾਂ ਦਰਸ਼ਣਾਂ ਵਿੱਚ ਕਿਸੇ ਚੀਜ਼ ਦਾ ਪ੍ਰਗਟਾਵਾ ਕੀਤਾ ਗਿਆ ਸੀ, ਜਿਵੇਂ ਕਿਸੇ ਇੱਕ ਬੱਕਰੀ ਜਾਂ ਹੋ ਸੱਕਦਾ ਹੈ ਕਿ ਕੋਈ ਰੁੱਖ ਜਾਂ ਅਗਲੀ ਵਾਰ ਕੋਈ ਮੂਰਤ ਵਿਖਾਈ ਗਈ ਹੋਵੇ। ਪ੍ਰੰਤੂ ਜਿਹਨਾਂ ਚੀਜ਼ਾਂ ਨੂੰ ਉਸਨੇ ਵਿਖਾਇਆ ਸੀ ਉਹ ਸੱਭ ਸਮੇਂ ਕਿਸੇ ਇੱਕ ਹੀ ਚੀਜ਼ ਦੇ ਬਾਰੇ ਵਿੱਚ ਦੱਸ ਰਹੀ ਸੀ, ਅਸੀਂ ਯਕੀਨੀ ਹੋਈਏ ਕਿ ਇਸਨੂੰ ਸਮਝਣੋਂ ਰਹਿ ਨਾ ਜਾਈਏ।

8 ਹੁਣ ਵੇਖੋ ਥੋੜੀ ਦੇਰ ਪਹਿਲਾਂ ਮੈਂ; ਯਕੀਨਨ ਹੀ ਬਹੁਤ ਹੈਰਾਨ ਅਤੇ ਅਸ਼ਚਰਜ ਸਾਂ ਜਦ ਮੈਂ ਲੱਗਭੱਗ ਪੰਚਾਸੀ ਸਾਲਾਂ ਦੀ ਬਜ਼ੁਰਗ ਔਰਤ ਨਾਲ ਗੱਲ ਕਰ ਰਿਹਾ ਸੀ। ਅਤੇ ਉਹ ....

9 ਬਹੁਤ ਸਮਾਂ ਨਹੀਂ ਹੋਇਆ ਮੇਰੇ ਪੱਛਮ ਜਾਣ ਤੋਂ ਕੁਝ ਦਿਨ ਪਹਿਲਾਂ, ਉੱਥੇ ਉੱਪਰ ਉਹੀਓ ਵਿੱਚ ਇੱਕ ਛੋਟੀ ਕੁੜੀ ਸੀ ਜਿਹਦੇ ਬਾਰੇ ਵਿੱਚ ਮੈਂ ਸੋਚਦਾ ਹਾਂ ਕਿ ਉਹ ਲਿਊਕੀਮੀਆ(ਬਲੱਡ ਕੈਂਸਰ) ਦੀ ਆਖਰੀ ਦਸ਼ਾ ਦੇ ਨਾਲ ਮਰ ਰਹੀ ਸੀ। ਹੁਣ ਲਿਊਕੀਮੀਆ ਰੋਗ ਖੂਨ ਦੇ ਵਿੱਚ ਕੈਂਸਰ ਹੁੰਦਾ ਹੈ। ਅਤੇ ਤੁਸੀਂ ਜਾਣਦੇ ਹੋ ਕਿ ਉਸ ਛੋਟੀ ਜਿਹੀ ਕੁੜੀ ਦੀ ਏਨੀ ਮਾੜੀ ਦਸ਼ਾ ਸੀ ਕਿ ਉਹਦੇ ਲਈ ਕੋਈ ਆਸ ਬਾਕੀ ਨਹੀਂ ਰਹੀ ਸੀ। ਉਸਦਾ ਅਪ੍ਰੇਸ਼ਨ ਕਰਕੇ ਉਸਨੂੰ ਨਾੜਾਂ ਦੇ ਰਾਹੀਂ ਭੋਜਨ ਖੁਆਇਆ ਜਾ ਰਿਹਾ ਸੀ। ਅਤੇ ਉਹ ਬਹੁਤ ਹੀ ਗਰੀਬ ਪਰਿਵਾਰ ਸੀ। ਅਤੇ ਉਹਨਾਂ ........

10 ਭਾਈ ਕਿੱਡ ਅਤੇ ਭੈਣ ਕਿੱਡ ਨੇ ਉਹਨਾਂ ਨੂੰ ਦੱਸਿਆ ਕਿ ਕਿਵੇਂ ਖੁਦਾ ਏਨੀ ਛੇਤੀ ਦੁਆ ਦਾ ਉੱਤਰ ਦਿੰਦਾ ਹੈ। ਮੇਰਾ ਵਿਚਾਰ ਹੈ ਕਿ ਉਹ ਇੱਕਠੇ ਹੋਏ ਅਤੇ ਕਿਸੇ ਨੂੰ ਕਿਰਾਏ ਤੇ ਲਿਆਂਦਾ ਅਤੇ ਉਹ ਉਸ ਛੋਟੀ ਕੁੜੀ ਨੂੰ ਲੈ ਕੇ ਆਏ। ਉਹ ਬਹੁਤ ਹੀ ਸੁੰਦਰ ਪਿਆਰੀ ਕੁੜੀ ਸੀ, ਉਸਦੀ ਉਮਰ ਬਸ ਛੇ ਜਾਂ ਸੱਤ ਸਾਲ ਦੀ ਸੀ। [ਇੱਕ ਭੈਣ ਆਖਦੀ ਹੈ, "ਨੌਂ ਸਾਲ ਦੀ। "-ਸੰਪਾ]ਉਹ ਨੌਂ ਸਾਲ ਦੀ ਸੀ। ਅਤੇ-ਅਤੇ ਉਹ ਉੱਥੇ ਪਿੱਛੇ ਕਮਰੇ ਵਿੱਚ ਸੀ।

11 ਅਤੇ ਜਦ ਅਸੀਂ ਪ੍ਰਭੂ ਦੇ ਸਨਮੁੱਖ ਗਏ ਤਾਂ ਪਵਿੱਤਰ ਆਤਮਾ ਨੇ ਉਸਨੂੰ ਇੱਕ ਸ਼ਬਦ ਦਿੱਤਾ। ਉਹ ਉਸਨੂੰ ਲੈ ਜਾਣ, ਅਤੇ ਤੁਸੀਂ ਜਾਣਦੇ ਹੋ ਕਿ ਉਸਨੂੰ ਢੰਗ ਦੇ ਨਾਲ ਖਾਣਾ ਖੁਆਉਣ। ਅਤੇ ਜਦ ਉਹ ਗਈ ਉਹ ਹੈਮਬਰਗਰ ਦੇ ਲਈ ਰੋ ਰਹੀ ਸੀ। ਅਤੇ ਆਪਣੇ ਮੂੰਹ ਨਾਲ ਆਪਣਾ ਖਾਣਾ ਖਾ ਰਹੀ ਸੀ। ਅਤੇ ਉਹਨਾਂ ਨੇ ਉਸਨੂੰ ਹੈਮਬਰਗਰ ਦਿੱਤਾ ਅਤੇ ਉਸਦੇ ਬਾਦ ਉਹ ਉਹਨੂੰ ਆਮ ਤਰੀਕੇ ਦੇ ਨਾਲ ਖਾਣਾ ਖੁਆਉਂਦੇ ਰਹੇ।

12 ਥੋੜੇ ਹੀ ਸਮੇਂ ਵਿੱਚ, ਥੋੜੇ ਹੀ ਦਿਨਾਂ ਦੇ ਬਾਦ ਉਹ ਉਸਨੂੰ ਡਾਕਟਰ ਦੇ ਕੋਲ ਲੈ ਕੇ ਗਏ। ਅਤੇ ਉਹ ....ਅਤੇ ਡਾਕਟਰ ਇਹਨੂੰ ਸਮਝ ਹੀ ਨਹੀਂ ਸਕਿਆ ਸੀ। ਉਸਨੇ ਕਿਹਾ, " ਇੰਝ ਲੱਗਦਾ ਹੈ ਕਿ ਇਸਨੂੰ ਬਲੱਡ ਕੈਂਸਰ ਹੈ ਹੀ ਨਹੀਂ ਸੀ ਅਤੇ ਉਸਨੇ ਕਿਹਾ ਐਥੋਂ ਤੋੜੀ ਕਿ ਇਹ ਉਹ ਕੁੜੀ ਹੀ ਨਹੀਂ ਹੈ। " ਅਤੇ ਉਸਨੇ ਆਖਿਆ, " ਕਿਉਂ ਭਲਾ, ਹੁਣ ਤਾਂ ਕਿਤੇ ਵੀ ਬਲੱਡ ਕੈਂਸਰ ਦਾ ਕੋਈ ਨਾਮ ਨਿਸ਼ਾਨ ਵੀ ਨਹੀਂ ਪਾਇਆ ਜਾਂਦਾ ਹੈ। " ਅਤੇ ਜਦ ਕਿ ਉਹ ਮਰ ਰਹੀ ਸੀ। ਉਹਨਾਂ ਨੇ ਉਸਦੇ ਬਚਣ ਦੀ ਉਮੀਦ ਛੱਡ ਦਿੱਤੀ ਸੀ ; ਉਹ ਉਸਨੂੰ ਉਸ ਦੀਆਂ ਨਾੜਾਂ ਦੇ ਰਾਹੀਂ ਭੋਜਨ ਖੁਆ ਰਹੇ ਸਨ। ਅਤੇ ਉਹ ਪੀਲੀ ਪੈ ਚੁੱਕੀ ਸੀ। ਤੁਸੀਂ ਜਾਣਦੇ ਹੀ ਹੋ ਕਿ ਉਹ ਇੱਥੇ ਕਿਵੇਂ ਆਏ ਸਨ। ਅਤੇ ਇਸ ਲਈ ਉਹ ....ਅਤੇ ਹੁਣ ਉਹ ਸਕੂਲ ਵਿੱਚ ਹੈ ਅਤੇ ਦੂਜਿਆਂ ਬੱਚਿਆਂ ਦੇ ਨਾਲ ਖੇਡ ਰਹੀ ਹੈ, ਅਤੇ ਏਨੀ ਖੁਸ਼ ਹੈ ਜਿੰਨੀ ਕਿ ਉਹ ਹੋ ਸੱਕਦੀ ਹੈ।



381 ਹੁਣ, ਸਾਨੂੰ ਪਤਾ ਲੱਗਾ ਹੈ ਕਿ ਪ੍ਰਮੇਸ਼ੁਰ ਦੇ ਵਾਇਦੇ ਦੇ ਅਨੁਸਾਰ ਏਲੀਯਾਹ ਦੇ ਆਤਮਾ ਦਾ ਮਸ੍ਹਾ ਇੱਕ ਮਨੁੱਖ ਤੇ ਆਉਣਾ ਹੈ ਅਤੇ ਇਹ ਵਾਇਦਾ ਕੀਤਾ ਗਿਆ ਹੈ ਕਿ ਉਹ ਆਤਮਿਕ ਈਜ਼ਬਲ ਦੇ ਨਾਲ ਬਿਲਕੁੱਲ ਉਹੀ ਕਰੇਗਾ ਜੋ ਉਸਨੇ ਸੁਭਾਵਕ(ਸ਼ਰੀਰਕ) ਈਜ਼ਬਲ ਦੇ ਕੀਤਾ ਸੀ।

382 ਇਹ ਹੀ ਕਾਰਨ ਸੀ ਕਿ ਇਸਨੂੰ ਸਿੱਧ ਕਰਨ ਲਈ ਮੈਂ ਬਾਈਬਲ ਦੀਆਂ ਇੰਨੀਆਂ ਸਾਰੀਆਂ ਲਿਖਤਾਂ ਦਾ ਬਿਆਨ ਕੀਤਾ ਤਾਂ ਕਿ ਤੁਹਾਡੇ ਦਿਮਾਗ ਵਿੱਚ ਕੋਈ ਵੀ ਪ੍ਰਸ਼ਨ ਬਾਕੀ ਨਾ ਰਹੇ। ਜੇ ਤੁਹਾਡੇ ਦਿਮਾਗ ਵਿੱਚ ਕੋਈ ਪ੍ਰਸ਼ਨ ਹੈ ਤਾਂ ਤੁਸੀਂ ਉਹ ਮੈਨੂੰ ਦੱਸੋ। ਠੀਕ ਹੈ, ਤੁਸੀਂ ਮੈਨੂੰ ਚਿੱਠੀ ਜਾਂ ਕੋਈ ਛੋਟੀ ਜਿਹੀ ਪਰਚੀ ਲਿਖ ਕੇ ਦੇ ਦਿਓ।

383 ਅਤੇ ਇੱਥੋਂ ਤੱਕ ਕਿ ਇਹ ਇੰਨੀ ਚੰਗੀ ਤਰ੍ਹਾਂ ਮੇਲ ਖਾਂਦਾ ਹੈ ਕਿ ਅੰਤ ਦੇ ਦਿਨਾਂ ਵਿੱਚ ਦਰਿੰਦੇ ਉਹਨਾਂ ਦੀਆਂ ਸ਼ਰੀਰਕ ਦੇਹਾਂ ਨੂੰ ਨਾਸ਼ ਕਰ ਰਹੇ ਹਨ, ਉਹਨਾਂ ਨੂੰ ਉਸੇ ਤਰ੍ਹਾਂ ਭਸਮ ਕਰੇ ਹਨ ਜਿਵੇਂ ਉਹਨਾਂ ਨੇ ਉਦੋਂ ਉਹਨਾਂ ਨੂੰ ਭਸਮ ਕੀਤਾ ਸੀ ਕੀਤਾ ਸੀ।

384 ਜਿੰਨਾ ਪ੍ਰਕਾਸ਼ ਮੈਨੂੰ ਮਿਲਿਆ ਹੈ ਅਤੇ ਜਿੱਥੇ ਤੱਕ ਮੈਂ ਜਾਣਦਾ ਹਾਂ, ਇਹ ਮੈਨੂੰ ਪ੍ਰਮੇਸ਼ੁਰ ਦੀ ਵੱਲੋਂ ਦਿੱਤਾ ਗਿਆ ਸੀ ਅਤੇ ਪਹਿਲਾਂ ਹੀ ਦੱਸਿਆ ਗਿਆ ਸੀ ਕਿ ਇਹ ਕੀਤਾ ਜਾਵੇਗਾ ਅਤੇ ਚਾਰ ਘੋੜਿਆਂ ਦੀ ਇਹੋ ਹੀ ਸੱਚਾਈ ਹੈ ਜਿੱਥੋਂ ਤੱਕ ਮੈਂ ਜਾਣਦਾ ਹਾਂ।

385 ਤੁਸੀਂ ਯਿਸੂ ਦੇ ਬਾਰੇ ਵਿੱਚ ਕੀ ਸੋਚਦੇ ਹੋ ? [ਸੰਗਤ ਅਨੰਦ ਮਾਣਦੀ ਹੈ-ਸੰਪਾ]

ਮੈਂ ਉਸਨੂੰ ਪਿਆਰ ਕਰਦਾ ਹਾਂ
ਕਿਉਂਕਿ ਪਹਿਲਾਂ ਉਸਨੇ ਮੇਰੇ ਨਾਲ ਪਿਆਰ ਕੀਤਾ
ਅਤੇ ਮੇਰੀ ਮੁਕਤੀ ਨੂੰ ਕਲਵਰੀ ਦੇ ਰੁੱਖ ਉੱਤੇ ਖਰੀਦਿਆ।

386 ਹੁਣ ਯਾਦ ਰੱਖਿਓ ਕਿ ......(ਇਸੇ ਤਰ੍ਹਾਂ ਹੀ ਹੈ ;ਇਹ ਚੰਗਾ ਹੈ। ) -- ਕਿਸੇ ਵੀ ਜੱਥੇਬੰਦੀ ਦੇ ਕਿਸੇ ਵੀ ਆਦਮੀਂ ਨਾਲ ਬਿਨਾਂ ਕਿਸੇ ਈਰਖਾ ਦੇ ਅਗਾਂਹ ਵੱਧਦੇ ਜਾਓ ਕਿਉਂਕਿ ਕੈਥੋਲਿਕ ਪ੍ਰਣਾਲੀ ਵਿੱਚ ਵੀ ਖੁਦਾ ਦੇ ਬੱਚੇ ਹਨ। ਮੈਥੋਡਿਸਟ ਪ੍ਰਣਾਲੀ ਵਿੱਚ ਪ੍ਰਮੇਸ਼ੁਰ ਦੇ ਬੱਚੇ ਹਨ। ਬੈਪਟਿਸਟ ਪ੍ਰਣਾਲੀ ਵਿੱਚ ਵੀ ਖੁਦਾ ਦੇ ਬੱਚੇ ਹਨ। ਅੱਜ ਰਾਤ ਉਨ੍ਹਾਂ ਵਿੱਚੋਂ ਕਿੰਨੇ ਲੋਕ ਇੱਥੇ ਮੌਜੂਦ ਹਨ ਜੋ ਉਹਨਾਂ ਵੱਖ-ਵੱਖ ਪ੍ਰਣਾਲੀਆਂ ਵਿੱਚੋਂ ਬਾਹਰ ਨਿੱਕਲ ਆਏ ਸਨ ਜਦੋਂ ਉਹਨਾਂ ਨੇ ਉਜਿਆਲਾ ਵੇਖਿਆ ਸੀ। ਆਓ ਤੁਹਾਡੇ ਹੱਥਾਂ ਨੂੰ ਵੇਖੀਏ। [ਸਭਾ ਆਖਦੀ ਹੈ-ਆਮੀਨ। ਸੰਪਾ]ਹੁਣ ਤੁਸੀਂ ਯਾਦ ਰੱਖੋ ਕਿ ਉਹਨਾਂ ਪ੍ਰਣਾਲੀਆਂ ਵਿੱਚ ਤੁਹਾਡੇ ਵਰਗੇ ਲੋਕ ਹਨ। ਪ੍ਰੰਤੂ ਇਹ ਤਾਂ ਪ੍ਰਣਾਲੀ ਹੈ ਜਿਹੜੀ ਮਾਰਦੀ ਹੈ। ਸਮਝੇ? ਇਹ ਤਾਂ ਮਸੀਹ ਵਿਰੋਧੀ ਆਤਮਾ ਹੈ ਜਿਹੜਾ ਅੰਤ ਵਿੱਚ ਉਹਨਾਂ ਨੂੰ ਉਸ ਜਗ੍ਹਾ ਤੇ ਲੈ ਜਾਂਦਾ ਹੈ ਜਿੱਥੇ ਉਹ ਕੋਈ ਵੀ ਸੱਚਾਈ ਸੁਣਨ ਲਈ ਤਿਆਰ ਨਹੀਂ ਹੁੰਦੇ।

387 ਕੀ ਤੁਹਾਨੂੰ ਉਸ ਰਾਤ ਦਾ ਯਾਦ ਹੈ ਜਦ ਮੈਂ ਮੋਹਰਾਂ ਨੂੰ ਦੱਸਦਾ ਹੋਇਆ ਵੱਧ ਰਿਹਾ ਸੀ? ਜੇ ਕੋਈ ਮਨੁੱਖ ਜੁਬਲੀ(ਮਨਜੂਰੀ) ਦੇ ਵਰ੍ਹੇ ਦੀ ਅਵਾਜ਼ ਸੁਣਦਾ ਸੀ ਅਤੇ ਉਹ ਅਜਾਦ ਹੋਣ ਨੂੰ ਰੱਦ ਦਿੰਦਾ ਸੀ ਤਾਂ ਉਸਨੂੰ ਚੁਗਾਠ ਕੋਲ ਲਿਜਾ ਕੇ ਉਸਦਾ ਕੰਨ ਵਿੰਨ ਦਿੱਤਾ ਜਾਂਦਾ ਸੀ। ਕੰਨ ਉਹ ਹੈ ਜਿਹਦੇ ਨਾਲ ਤੁਸੀਂ ਸੁਣਦੇ ਹੋ। " ਵਿਸ਼ਵਾਸ਼ ਸੁਣਨ ਦੇ ਨਾਲ ਆਉਂਦਾ ਹੈ। " ਅਤੇ ਜੇ ਉਹ

374 ਹੁਣ ਖਾਤਮੇ ਤੇ ਮੈਂ ਕੁਝ ਇਹਨਾਂ ਗੱਲਾਂ ਨੂੰ ਕਹਿਣਾ ਚਹੁੰਦਾ ਹਾਂ --ਮੈਂ ਬਸ ਕੁਝ ਸ਼ਬਦਾਂ ਨੂੰ ਜੋ ਮੈਂ ਇੱਥੇ ਲਿਖੇ ਹੋਏ ਹਨ ਕਹਾਂਗਾ। ਅਸੀਂ ਹੁਣ ਇੱਥੇ ਇਹ ਚਾਰ ਮੋਹਰਾਂ ਪੂਰੀਆਂ ਕਰ ਲਈਆਂ ਹਨ, ਪਹਿਲੀਆਂ ਚਾਰ ਮੋਹਰਾਂ।

375 ਹੁਣ ਕੱਲ ਰਾਤ ਨੂੰ ਅਸੀਂ ਧਰਤੀ ਤੇ ਹੋਣ ਵਾਲੀਆਂ ਚੀਜ਼ਾਂ ਤੋਂ ਦ੍ਰਿਸ਼ ਬਦਲ ਲਵਾਂਗੇ ......ਉਸਨੇ ਉੱਪਰ ਨਿਗਾਹ ਮਾਰੀ ਅਤੇ ਰੂਹਾਂ ਨੂੰ ਜਗਵੇਦੀ ਦੇ ਥੱਲੇ ਵੇਖਿਆ, ਬਲੀਦਾਨ ਕੀਤੇ ਹੋਏ। ਅਗਲੀ ਰਾਤ ਵੇਦੀ ਤੇ ਨਿਆਂ ਆਉਂਦਾ ਹੈ।

376 ਅਤੇ ਚੋਥੀ ਰਾਤ ਨੂੰ ਜਾਂ ਹਫਤੇ ਦੀ ਆਖਰੀ ਰਾਤ ਨੂੰ, ਐਤਵਾਰ ਰਾਤ ਨੂੰ ਕੀ ਦੱਸਣਾ ਮੈਂ ਨਹੀਂ ਜਾਣਦਾ ਹਾਂ। ਮੈਂ ਨਹੀਂ ਜਾਣਦਾ ਹਾਂ ਕਿ ਇਹਨਾਂ ਦੂਸਰੀਆਂ ਮੋਹਰਾਂ ਦਾ ਕੀ ਅਰਥ ਹੈ। ਮੈਂ ਤਾਂ ਉਹਨਾਂ ਨੂੰ ਬਸ ਉਸੇ ਤਰਾਂ ਹੀ ਪੜ੍ਹਦਾ ਹਾਂ ਜਿਵੇਂ ਤੁਸੀਂ ਉਹਨਾਂ ਨੂੰ ਪੜ੍ਹਦੇ ਹੋ। ਪ੍ਰੰਤੂ, "ਉੱਥੇ ਅੱਧੇ ਘੰਟੇ ਦੀ ਚੁੱਪ ਸੀ ; ਪ੍ਰੰਤੂ ਉੱਥੇ ਕੁਝ ਹੋਇਆ ਸੀ। ਮੈਂ ਉਸ ਤੇ ਉਮੀਦ ਰੱਖੀ ਹੈ ਕਿ ਉਹ ਇਹਨੂੰ ਪ੍ਰਗਟ ਕਰੇਗਾ। ਉਹ ਹੀ ਇਹ ਕਰੇਗਾ। ਮੈਂ ਸਤੁੰਸ਼ਟ ਹਾਂ ਕਿ ਉਹ ਇਹ ਕਰੇਗਾ।

377 ਇਹ ਵਿਖਾਉਣ ਲਈ ਕਿ ਮਸੀਹ ਦੀ ਆਮਦ, ਮਸੀਹ ਵਿਰੋਧੀ ਦਾ ਅੰਤ ਕਰ ਦੇਵੇਗੀ; ਅਸੀਂ ਵਚਨ ਵਿੱਚੋਂ ਪ੍ਰਕਾਸ਼ ਦੀ ਪੋਥੀ 19 ਬਾਬ ਤੱਕ ਵੱਖ-ਵੱਖ ਥਾਵਾਂ ਤੋਂ ਜਾ ਕੇ ਵੇਖਣਾ ਸੀ। ਇਹ ਹੀ ਕਾਰਨ ਸੀ ਕਿ ਮੈਨੂੰ ਇਹ ਛੱਡਣਾ ਪਿਆ ਸੀ ਅਤੇ ਮੈਂ ਬਸ ਉਹਨਾਂ ਦੋ ਬਾਬਾਂ ਨੂੰ ਹੀ ਲਿਆ ਸੀ। ਮੈਨੂੰ ਇਹਨਾਂ ਗੱਲਾਂ ਨੂੰ ਸਾਬਤ ਕਰਨ ਲਈ ਵੱਖ-ਵੱਖ ਥਾਵਾਂ ਤੋਂ ਵਚਨ ਦੀਆਂ ਲਿਖਤਾਂ ਨੂੰ ਦੱਸਣਾ ਸੀ। ਇਸ ਲਈ ਮੈਂ ਪ੍ਰਕਾਸ਼ ਦੀ ਪੋਥੀ 19 ਬਾਬ ਕੱਢਿਆ ਕਿ ਤੁਹਾਨੂੰ ਮਸੀਹ ਵਿਰੋਧੀ ਦਾ ਅੰਤ ਵਿਖਾਵਾਂ ਕਿ ਜਦ ਮਸੀਹ ਆਵੇਗਾ ਤਾਂ ਮਸੀਹ ਵਿਰੋਧੀ ਦਾ ਅੰਤ ਹੋ ਜਾਵੇਗਾ, ਜਦ ਮਸੀਹ ਆਵੇਗਾ ਤਾਂ ਉਹ ਮਸੀਹ ਵਿਰੋਧੀ ਦਾ ਨੂੰ ਵੱਢ ਸੁੱਟੇਗਾ।

378 ਇਹ ਵਿਖਾਉਣ ਲਈ ਕਿ ਪ੍ਰਕਾਸ਼ ਦੀ ਪੋਥੀ 10 ਬਾਬ ਦੇ ਸੱਤਵੇਂ ਦੂਤ ਦਾ ਸੰਦੇਸ਼ ਇੱਕ ਵਿਅਕਤੀ ਇਹਨਾਂ ਆਖਰੀ ਦਿਨਾਂ ਵਿੱਚ ਹੋਵੇਗਾ ਜੋ ਉਸ ਸੇਵਕਾਈ ਲਈ ਜਿਹੀ ਏਲੀਯਾਹ ਦੀ ਸੀ ਮਸੱਹ ਕੀਤਾ ਹੋਵੇਗਾ। ਇਸਦੀ ਭਵਿੱਖਬਾਣੀ ਮਲਾਕੀ 4 ਵਿੱਚ ਕੀਤੀ ਗਈ ਹੈ ਕਿ ਉਹ ਪ੍ਰਮੇਸ਼ੁਰ ਦੇ ਸੱਚੇ ਵਚਨ ਨੂੰ ਪ੍ਰਗਟ ਕਰੇਗਾ। ਜਿਵੇਂ ਉਸਨੇ ਸੁਭਾਵਕ ਈਜ਼ਬਲ ਦੇ ਨਾਲ ਕੀਤਾ ਸੀ ਉਸੇ ਤਰ੍ਹਾਂ ਹੀ ਇਹ ਆਦਮੀ ਆਤਮਿਕ ਈਜ਼ਬਲ ਦੇ ਨਾਲ ਕਰੇਗਾ, ਉਸੇ ਤਰ੍ਹਾਂ ਹੀ ਇਹ ਆਦਮੀ ਮਿਸ਼ਨਾਂ ਜੱਥੇਬੰਦੀਆਂ ਦੇ ਨਾਲ ਕਰੇਗਾ। ਮੈਂ ਇਹਨੂੰ ਸਾਬਤ ਕਰਨ ਲਈ ਕਿ ਇਹ ਸੱਚਾਈ ਹੈ 7 ਬਾਬ ਪ੍ਰਕਾਸ਼ ਪੋਥੀ 10ਬਾਬ 1-7 ਆਇਤ ਦੱਸਣੀ ਸੀ ਅਤੇ ਇਸ ਤੋਂ ਇਲਾਵਾ ਮਲਾਕੀ ਅਤੇ ਅਮੋਸ ਅਤੇ ਦੂਸਰੇ ਨਬੀ ਇਸਨੂੰ ਪ੍ਰਮਾਣਿਤ ਕਰਦੇ ਹਨ।

379 ਏਲੀਯਾਹ ਉਹ ਨਬੀ ਸੀ ਜਿਹਨੇ ਉਸ ਖਾਸ ਪੀੜ੍ਹੀ ਦੇ ਅੰਦਰ ਅਗੰਮਵਾਕ ਕੀਤਾ ਅਤੇ ਈਜ਼ਬਲ ਨੂੰ ਦੋਸ਼ੀ ਠਹਿਰਾਇਆ।

380 ਅਤੇ ਏਲੀਯਾਹ ਕਦੇ ਵੀ ਨਹੀਂ ਮਰਿਆ ਸੀ। ਉਹ ਬਿਲਕੁੱਲ ਵੀ ਨਹੀਂ ਮਰਿਆ ਸੀ। ਲੱਗ ਭੱਗ ਅੱਠ ਸੌ ਸਾਲ ਬਾਦ ਉਹ ਦੁਬਾਰਾ ਯਿਸੂ ਮਸੀਹ ਦੇ ਰੂਪ ਬਦਲਣ ਦੇ ਸਮੇਂ ਉਸਦੇ ਨਾਲ ਪਹਾੜ ਤੇ ਖੜ੍ਹਾ ਵਿਖਾਈ ਦਿੱਤਾ ਸੀ। ਉਹ ਮਰਿਆ ਨਹੀਂ ਹੈ।



13 ਇਹ ਗੱਲ ਮੈਨੂੰ ਇਸੇ ਤਰ੍ਹਾਂ ਦੇ ਇੱਕ ਹੋਰ ਕੇਸ ਬਾਰੇ ਯਾਦ ਕਰਾਉਂਦੀ ਹੈ। ਇੱਕ ਦਿਨ, ਮੈਂ ਬਸ ਘਰ ਆਇਆ ਹੀ ਸੀ, ਕਿ ਉੱਥੇ ..........ਸੀ ਜੇ ਮੈਂ ਗਲਤੀ ਨਾ ਕਰਾਂ ਤਾਂ ਉਹ ਐਪੀਸਕੋਪੈਲੀਅਨਜ਼ ਨਹੀਂ ਤਾਂ ਪ੍ਰੈਸਬਾਈਟੇਰੀਅਨ ਲੋਕ ਸਨ ਜੋ ਅਪਣੀ ਛੋਟੀ ਲੜਕੀ ਨੂੰ ਕੈਨਾਸ ਤੋਂ ਲਿਆਏ ਸਨ। ਅਤੇ ਡਾਕਟਰਾਂ ਨੇ ਉਸਨੂੰ ਬਲੱਡ ਕੈਂਸਰ ਦੇ ਨਾਲ ਮਰ ਜਾਣ ਲਈ ਛੱਡ ਦਿੱਤਾ ਸੀ। ਉਹਦੀ ਹਾਲਤ ਕੈਂਸਰ ਦੇ ਨਾਲ ਏਨੀ ਬੁਰੀਂ ਸੀ ਕਿ ਮੇਰਾ ਯਕੀਨ ਹੈ ਕਿ ਡਾਕਟਰਾਂ ਨੇ ਉਸਨੂੰ ਜੀਉਣ ਲਈ ਚਾਰ ਦਿਨ ਦਿੱਤੇ ਸਨ। ਅਤੇ ਉਹਨਾਂ ਨੇ ਦੱਸਿਆ ਕਿ ਉਹਨਾਂ ਨੇ ਉਹ ਚਾਰ ਇੱਥੇ ਆਉਣ ਵਿੱਚ ਲਾ ਦਿੱਤੇ; ਅਤੇ ਉਹ ਉਸਦੇ ਲਈ ਬੇਨਤੀ ਕਰਾਉਣ ਨੂੰ ਦੇਸ਼ ਦੇ ਦੂਸਰੇ ਹਿੱਸੇ ਤੋਂ ਇੱਥੇ ਆਉਣ ਲਈ ਬਰਫ ਅਤੇ ਹੋਰ ਕਈ ਚੀਜ਼ਾਂ ਦਾ ਸਾਹਮਣ ਕਰਨਾ ਪਿਆ। ਅਤੇ ਉਸਦਾ ਦਾਦਾ ਬਹੁਤ ਹੀ ਭਲਾ ਵਿਖਾਈ ਦੇਣ ਵਾਲਾ ਬਜ਼ੁਰਗ ਸੀ ਅਤੇ ਉਸਦੇ ਧੋਲੇ ਵਾਲ ਸਨ।

14 ਅਤੇ ਉਹਨਾਂ ਨੂੰ ਉਸ ਹੋਟਲ ਵਿੱਚ ਕੁੜੀ ਨੂੰ ਲਿਆਂਦਿਆਂ ਪਹਿਲਾਂ ਹੀ ਦੋ ਦਿਨ ਹੋ ਚੁੱਕੇ ਸਨ। ਅਤੇ ਮੇਰਾ ਅੰਦਾਜ਼ਾ ਹੈ ਕਿ ਇਹ ਹੁਣ ਸਿਲਵਰ ਕਰੀਕ ਦੇ ਇਸ ਪਾਸੇ ਨਹੀਂ ਹੈ। ਅਤੇ ਉਸ ਰਾਤ ਮੈਂ ਉਸ ਲਈ ਦੁਆ ਕਰਨ ਨੂੰ ਗਿਆ। ਅਤੇ ਇਹ ਸਵੇਰੇ ਤੜਕੇ ਦਾ ਵੇਲਾ ਸੀ। ਮੈਂ ਸਵੇਰ ਨੂੰ ਉੱਥੇ ਗਿਆ ਸੀ ਕਿਉਂਕਿ ਉਸ ਰਾਤ ਮੈਂ ਸ਼ਹਿਰ ਬਾਹਰ ਤੋਂ ਆਇਆ ਸੀ ਅਤੇ ਫਿਰ ਉੱਥੇ ਗਿਆ ਸੀ। ਅਤੇ ਉਹ ਬਜ਼ੁਰਗ ਦਾਦਾ ਫਰਸ਼ ਤੇ ਚਲ ਰਿਹਾ ਸੀ। ਅਤੇ ਮਾਂ ਉਸ ਬੱਚੇ ਦੀ ਦੇਖ ਭਾਲ ਕਰ ਰਹੀ ਸੀ।

15 ਅਤੇ ਜਦ ਮੈਂ ਦੁਆ ਕਰਨ ਲਈ ਗੋਡੇ ਟੇਕੇ ਤਾਂ ਪਵਿੱਤਰ ਆਤਮਾ ਨੇ ਮੇਰੇ ਉੱਤੇ ਇੱਕ ਭੇਤ ਪ੍ਰਗਟ ਕੀਤਾ ਜੋ ਕਿ ਉਸਦੇ ਮਾਂ-ਬਾਪ ਵਿੱਚਕਾਰ ਸੀ, ਜੋ ਕਿ ਉਹ ਕੁਝ ਕਰ ਚੁੱਕੇ ਸਨ-ਮੈਂ ਉਹਨਾਂ ਨੂੰ ਇੱਕ ਪਾਸੇ ਸੱਦਿਆ ਅਤੇ ਇਸਦੇ ਬਾਰੇ ਵਿੱਚ ਪੁੱਛਿਆ। ਉਹਨਾਂ ਨੇ ਰੋਣਾ ਸ਼ੁਰੂ ਕਰ ਦਿੱਤਾ ਅਤੇ ਕਿਹਾ, "ਇਹ ਸੱਚ ਹੈ। "

16 ਇਸ ਤੋਂ ਬਾਦ ਮੈਂ ਪਿੱਛੇ ਵੇਖਿਆ ਤਾਂ ਮੈਂ ਉਸ ਛੋਟੀ ਕੁੜੀ ਨੂੰ ਰੱਸੀ ਟੱਪਦੇ ਵੇਖਿਆ, ਉਹ ਖੇਡਣ ਜਾ ਰਹੀ ਸੀ। ਤੇ ਹੁਣ ਉਹ ਛੋਟੀ ਕੁੜੀ .....ਲੱਗਭੱਗ ਤਿੰਨ ਹਫਤਿਆਂ ਦੇ ਸਮੇਂ ਵਿੱਚ ਉਹਨਾਂ ਨੇ ਮੈਨੂੰ ਉਸ ਛੋਟੀ ਕੁੜੀ ਦੀ ਫੋਟੋ ਭੇਜੀ ਅਤੇ ਉਹ ਫਿਰ ਸਕੂਲ ਜਾਣ ਲੱਗ ਪਈ ਸੀ ਤੇ ਰੱਸੀ ਟੱਪ ਰਹੀ ਸੀ ਅਤੇ ਹੁਣ ਉਸਨੂੰ ਬਲੱਡ ਕੈਂਸਰ ਬਿਲਕੁੱਲ ਵੀ ਨਹੀਂ ਸੀ।

17 ਅਤੇ ਵੇਖੋ,ਇਹ ਗਵਾਹੀਆਂ ਬਿਲਕੁੱਲ ਸੱਚ ਹਨ। ਅਰ ਤੁਸੀਂ ਵੇਖੋ ਕਿ ਸਾਡਾ ਖੁਦਾ ਬਿਲਕੁੱਲ ਏਨਾ ਸੱਚਾ ਹੈ। ਅਸੀਂ ਬਸ ਉਸਦੀ ਸੇਵਾ ਕਰੀਏ ਅਤੇ ਉਸਤੇ ਭਰੋਸਾ ਰੱਖੀਏ। ਅਤੇ-ਅਤੇ ਮੈਂ ਜਾਣਦਾ ਹੈ ਕਿ ਉਹ ਸੱਚਾ ਹੈ।

18 ਹੁਣ ਮੈਂ ਆਪਣੀ ਪੂਰੀ ਵਾਹ ਲਾ ਰਿਹਾ ਹਾਂ, ਹੁਣ ਜਦ ਕਿ ਸਾਡੇ ਵਿੱਚਕਾਰ ਸਾਡੇ ਅੰਦਰ ਕੋਈ ਆਪਣੇ ਹੀ ਤਰੀਕੇ ਨਾਲ ਕੰਮ ਕਰ ਰਿਹਾ ਹੈ। ਅਤੇ ਹੁਣ ਅੱਜ ਰਾਤ ਅਸੀਂ ਖੁਦਾ ਦੀ ਕਿਰਪਾ ਨਾਲ ਇਸ ਚੋਥੀ ਮੋਹਰ ਨੂੰ ਲੈਣ ਦਾ ਯਤਨ ਕਰਾਂਗੇ, ਅਤੇ ਅਸੀਂ ਵੇਖਾਂਗੇ ਕਿ ਪਵਿੱਤਰ ਆਤਮਾ ਇਸ ਮੋਹਰ ਦੇ ਅੰਦਰ ਸਾਨੂੰ ਕੀ ਦੱਸੇਗਾ।

19 ਹੁਣ ਮੈਂ ਪ੍ਰਕਾਸ਼ ਦੀ ਪੋਥੀ 6ਵਾਂ ਬਾਬ ਅਤੇ ਸੱਤਵੀਂ ਆਇਤ ਤੋਂ ਸ਼ੁਰੂ ਕਰਾਂਗਾ; 7ਵੀਂ ਅਤੇ 8ਵੀਂ ਆਇਤ। ਹਮੇਸ਼ਾਂ ਦੋ ਹੀ ਆਇਤਾਂ ਹਨ; ਪਹਿਲੀ ਆਇਤ ਐਲਾਨ ਹੈ, ਅਤੇ ਦੂਸਰੀ ਆਇਤ ਹੈ ਜੋ ਉਹਨੇ ਵੇਖਿਆ।

*ਜਾਂ ਉਹਨੇ ਚੌਥੀ ਮੋਹਰ ਤੋੜੀ ਤਾਂ ਮੈਂ ਚੌਥੇ ਜੰਤੂ ਦੀ ਅਵਾਜ਼ ਇਹ ਆਖਦੇ ਸੁਣੀ ਭਈ ਆ ਜਾਹ ਮੈਂ ਨਿਗਾਹ ਕੀਤੀ ਤਾਂ ਕੀ ਵੇਖਦਾ ਹਾਂ ਭਈ ਇੱਕ ਕੁੱਲਾ ਘੋੜਾ ਹੈ ਅਤੇ ਜਿਹੜਾ ਉਸ ਉੱਤੇ ਸਵਾਰ* (ਜਿਹੜਾ ਸਵਾਰ ਹੈ) *ਹੈ ਉਹ ਦਾ ਨਾਉਂ ਮੌਤ ਹੈ ਅਤੇ ਪਤਾਲ ਉਹਦੇ ਮਗਰ-ਮਗਰ ਚੱਲਿਆ ਆਉਂਦਾ ਹੈ ਅਤੇ ਉਹਨਾਂ ਨੂੰ ਧਰਤੀ ਦੀ ਚੌਥਾਈ ਉੱਤੇ ਇਖਤਿਆਰ ਦਿੱਤਾ ਗਿਆ ਭਈ ਤਲਵਾਰ ਨਾਲ, ਕਾਲ ਨਾਲ, ਮਰੀ ਨਾਲ ਅਤੇ ਧਰਤੀ ਦੇ ਦਰਿੰਦਿਆਂ ਦੇ ਰਾਹੀਂ ਮਾਰ ਸੁੱਟਣ।*

20 ਹੁਣ, ਖੁਦਾ ਇਸਨੂੰ ਸਮਝਣ ਵਿੱਚ ਸਾਡੀ ਸਹਾਇਤਾ ਕਰੇ। ਇਹ ਇੱਕ ਭੇਤ ਹੈ।

21 ਹੁਣ ਆਓ ਇਸ ਨੂੰ ਪੱਕਿਆਂ ਕਰਨ ਲਈ ਥੋੜਾ ਜਿਹਾ ਪਿਛਾਂਹ ਝਾਤੀ ਮਾਰ ਕੇ ਇਹਨਾਂ ਸਵਾਰਾਂ ਅਤੇ ਇਹਨਾਂ ਮੋਹਰਾਂ ਦੇ ਤੋੜੇ ਜਾਣ ਨੂੰ ਉਸੇ ਤਰ੍ਹਾਂ ਹੀ ਵੇਖੀਏ ਜਿਵੇਂ ਅਸੀਂ ਕਲੀਸਿਯਾ ਦੇ ਯੁੱਗਾਂ ਨੂੰ ਵੇਖਿਆ ਸੀ। ਇਸ ਲਈ ਅਸੀਂ ਇਹਨੂੰ ਆਪਣੇ ਦਿਮਾਗ ਵਿੱਚ ਬਿਠਾ ਲਈਏ ਕਿ ਅਸੀਂ ਬਸ ਇਸ ਤੇ ਥੋੜੀ ਦੇਰ ਲਈ ਤਦ ਤੱਕ ਗੱਲਾਂ ਕਰਾਂਗੇ ਜਦ ਤੱਕ ਕਿ ਸਾਨੂੰ ਇਹ ਮਹਿਸੂਸ ਨਹੀਂ ਹੋ ਜਾਂਦਾ ਕਿ ਇਸ ਮੋਹਰ ਤੇ ਬੋਲਣ ਦਾ ਇਹੋ ਹੀ ਢੁੱਕਵਾਂ ਸਮਾਂ ਹੈ।

22 ਹੁਣ ਅਸੀਂ ਮੋਹਰਾਂ ਦੇ ਤੋੜੇ ਜਾਣ ਦੇ ਦਰਮਿਆਨ ਇਹ ਧਿਆਨ ਦਿੱਤਾ ਹੈ ਕਿ ਇਹ ਛੁਟਕਾਰੇ ਦੀ ਇੱਕ ਮੋਹਰਬੰਦ ਪੋਥੀ ਹੈ। ਅਤੇ ਫਿਰ ਇਹ ਪੋਥੀ ਲਪੇਟਵੀਂ ਪੋਥੀ ਵਾਂਗ ਇਸ ਤਰ੍ਹਾਂ ਲਪੇਟੀ ਹੋਈ ਸੀ ਜਿਵੇਂ ਕਿ ਪ੍ਰਾਚੀਨ ਸਮਿਆਂ ਵਿੱਚ ਪੋਥੀਆਂ ਲਪੇਟਦੇ ਹੁੰਦੇ ਸਨ।

23 [ਭਾਈ ਬ੍ਰਾਨਹਾਮ ਕਾਗਜ਼ ਦੇ ਕੁਝ ਟੁਕੜੇ ਲੈ ਕੇ ਪੋਥੀ ਦਾ ਲਪੇਟਣਾ ਅਤੇ ਮੋਹਰਬੰਦ ਕੀਤਾ ਜਾਣਾ ਵਿਖਾਉਂਦੇ ਹਨ-ਸੰਪਾ। ] ਇਹ *ਇਸ* ਤਰ੍ਹਾਂ ਦੀ ਪੋਥੀ/ਕਿਤਾਬ ਨਹੀਂ ਸੀ ਕਿਉਂਕਿ ਮੈਂ ਸੋਚਦਾ ਹਾਂ ਕਿ ਇਸ ਤਰ੍ਹਾਂ ਦੀਆਂ ਕਿਤਾਬਾਂ ਤਾਂ ਹੁਣੇ ਜਿਹੇ ਹੀ ਲੱਗਭੱਗ ਡੇਢ ਸੌ ਜਾਂ ਦੋ ਸੌ ਸਾਲ ਪਹਿਲਾਂ ਹੀ ਆਈਆਂ ਹਨ। ਅਤੇ ਉਸ ਵੇਲੇ ਉਹ ਇਸਨੂੰ ਲਪੇਟਦੇ ਸਨ ਅਤੇ ਇਸਦਾ ਆਖਰੀ ਸਿਰਾ ਖੁੱਲ੍ਹਾ ਛੱਡ ਦਿੰਦੇ ਸਨ। ਜਿਵੇਂ ਕਿ ਮੈਂ ਤੁਹਾਨੂੰ ਦੱਸਿਆ ਹੈ ਕਿਵੇਂ ਕੀਤਾ ਜਾਂਦਾ ਸੀ, ਲਿਖਤਾਂ ਵਿੱਚ ਕਿੱਥੇ ਇਹਨੂੰ ਲੱਭਣਾ ਹੈ ਯਿਰਮਿਯਾਹ ਅਤੇ ਹੋਰ-ਹੋਰ ਥਾਵਾਂ ਵਿੱਚ। ਇਸ ਤੋਂ ਬਾਦ ਫਿਰ ਅਗਲਾ ਦਸਤਾਵੇਜ਼ ਲਪੇਟਿਆ ਜਾਂਦਾ ਸੀ ਅਤੇ ਫਿਰ ਉਸਦਾ ਆਖਰੀ ਸਿਰਾ ਖੁੱਲ੍ਹ ਛੱਡ ਦਿੱਤਾ ਜਾਂਦਾ ਸੀ ਅਤੇ ਉਹ *ਇਸ* ਤਰ੍ਹਾਂ ਦਾ ਹੁੰਦਾ ਸੀ।

24 ਅਤੇ ਹਰੇਕ ਇੱਕ ਮੋਹਰ ਸੀ। ਅਤੇ ਇਹ ਸੱਤਾਂ ਮੋਹਰਾਂ ਵਾਲੀ ਪੋਥੀ ਸੀ ਅਤੇ ਇਹ ਸੀ ਇੱਕ ....ਕੋਈ ਵੀ ......ਜਦ ਉਹ ਸਨ .....ਇਹ ਛੁਟਕਾਰੇ ਦੀ ਸੱਤਾਂ ਮੋਹਰਾਂ ਵਾਲੀ ਪੋਥੀ ਸੀ। ਮੈਨੂੰ ਮਾਫ ਕਰਨਾ।

25 ਅਤੇ ਤਦ ਨਾ ਤਾਂ ਕੋਈ ਸੁਰਗ ਵਿੱਚ, ਤੇ ਨਾ ਹੀ ਕੋਈ ਧਰਤੀ ਉੱਤੇ, ਜਾਂ ਕੋਈ ਧਰਤੀ ਦੇ ਹੇਠ ਸੀ ਜੋ ਇਸਨੂੰ ਖੋਲ੍ਹਣ ਦੇ ਯੋਗ ਸੀ ਜਾਂ ਫਿਰ ਨਿਗਾਹ ਕਰਨ ਦੇ ਵੀ ਯੋਗ ਨਹੀਂ ਸੀ। ਅਤੇ ਯੂਹੰਨਾ ਰੋ ਪਿਆ ਸੀ ਕਿਉਂਕਿ ਉਸਨੂੰ ਕੋਈ ਵੀ ਮਨੁੱ5 ਨਹੀਂ ਮਿਲਿਆ ਸੀ ਕਿ ......ਕਿਉਂਕਿ ਜੇ ਉਹ ਪੋਥੀ ਉਸਦੇ ਅਸਲੀ ਮਾਲਕ ਦੇ ਹੱਥੋਂ ਲਈ ਨਾ ਜਾਂਦੀ .....ਜਦ ਇਹਨੂੰ ਹੱਵਾਹ ਅਤੇ ਆਦਮ ਨੇ ਗੁਆ ਦਿੱਤਾ ਸੀ ਤਾਂ ਇਹ ਵਾਪਸ ਆਪਣੇ ਮੂਲ ਸੁਆਮੀ ਦੇ ਕੋਲ ਚਲੀ ਗਈ ਸੀ, ਅਤੇ ਇਸ ਤੋਂ



369 ਅਤੇ ਫਿਰ ਉਸਨੇ ਕਿਹਾ ਸੀ, "ਪ੍ਰਭੂ ਜੋ ਕੁਝ ਤੂੰ ਆਖਿਆ ਮੈਂ ਉਹ ਸੱਭ ਕੁਝ ਕੀਤਾ ਹੈ। ਮੈਂ ਬਿਲਕੁੱਲ ਤੇਰੇ ਵਚਨ ਦੇ ਨਾਲ ਹੀ ਜੁੜਿਆ ਰਿਹਾ ਹਾਂ। ਜਦ ਤੂੰ ਮੈਨੂੰ ਕੁਝ ਵੀ ਦੱਸਿਆ, ਮੈਂ ਨਿਡਰ ਸੀ। ਮੈਂ ਸਿੱਧਾ ਜਾ ਕੇ ਰਾਜੇ ਦੇ ਸਾਹਮਣੇ ਜਾ ਖੜਾ ਹੋਇਆ ਅਤੇ ਮੈਂ ਬਾਕੀ ਸੱਭ ਕੁਝ ਕੀਤਾ ਸੀ ਅਤੇ ਮੈਂ ਉਹਨਾਂ ਨੂੰ *ਯਹੋਵਾਹ ਇਉਂ ਫਰਮਾਉਂਦਾ ਹੈ,* ਦੱਸਿਆ ਸੀ ਅਤੇ ਨਾ ਹੀ ਤੂੰ ਮੈਨੂੰ ਕੋਈ ਅਜਿਹੀ ਗੱਲ ਦੱਸੀ ਅਤੇ ਨਾ ਹੀ ਮੈਂ ਉਹਨਾਂ ਨੂੰ ਕੋਈ ਅਜਿਹੀ ਗੱਲ ਦੱਸੀ ਜੋ ਕਿ ਨਾ ਵਾਪਰੀ ਹੋਵੇ। ਅਤੇ ਹੁਣ ਇੱਥੇ ਵੇਖ ਮੈਂ ਇਕੱਲਾ ਹੀ ਬਚਿਆਂ ਹਾਂ। ਮੈਂ ਹੀ ਇਕੱਲਾ ਬਚਿਆ ਹਾਂ ਅਤੇ ਉਹ ਮੈਨੂੰ ਮਾਰਨ ਦੀ ਕੋਸ਼ਿਸ਼ ਕਰ ਰਹੇ ਹਨ।

370 ਪ੍ਰਮੇਸ਼ੁਰ ਨੇ ਕਿਹਾ, " ਮੈਂ ਮੋਹਰਾਂ ਵਿੱਚੋਂ ਇੱਕ ਮੋਹਰ ਖੋਲ੍ਹਦਾ ਹਾਂ ਅਤੇ ਤੈਨੂੰ ਕੁਝ ਵਿਖਾਉਂਦਾ ਹਾਂ। "ਅਤੇ ਆਖਿਆ, "ਤੂੰ ਜਾਣ ਲੈ ਕਿ ਮੇਰੇ ਕੋਲ ਸੱਤ ਸੌ ਹਨ ਜਿਹਨਾਂ ਨੇ ਕਦੇ ਗੋਡੇ ਨਹੀਂ ਟੇਕੇ, ਜਿਹਨਾਂ ਨੇ ਹਾਲੇ ਤੱਕ ਉਹਨਾਂ ਅਕੀਦਿਆਂ ਅਤੇ ਮਿਸ਼ਨਾਂ ਨੂੰ ਨਹੀਂ ਮੰਨਿਆ ਹੈ। ਉੱਥੇ ਉਹਨਾਂ ਵਿੱਚ ਸੱਤ ਸੌ ਹਨ ਜਿਹੜੇ ਸੁਰਗ ਤੇ ਉਠਾਏ ਜਾਣ ਲਈ ਤਿਆਰ ਹਨ। ਸਮਝੇ?" ਔਹ !ਔਹ! ਖੁਦਾ ਨੇ ਆਪਣੇ ਨਬੀ ਨੂੰ ਜਿਹਦੇ ਤੇ ਉਹ ਆਪਣਾ ਵਚਨ ਪ੍ਰਗਟ ਕਰਦਾ ਹੈ ਲਿਖਤਾਂ ਦੇ ਦੁਆਰਾ ਕਿਹਾ "ਮੇਰੇ ਕੋਲ ਹਾਲੇ ਵੀ ਉਹਨਾਂ ਵਿੱਚੋਂ ਸੱਤ ਸੌ ਹਨ(ਜੇ ਮੈਂ ਅੱਜ ਦੇ ਦਿਨ ਦੇ ਬਾਰੇ ਆਖਾਂ)ਉਹਨਾਂ ਨੇ ਕਿਸੇ ਜੱਥੇਬੰਦੀ ਦੇ ਅੱਗੇ ਆਪਣੇ ਗੋਡੇ ਨਹੀਂ ਟੇਕੇ ਹਨ, ਅਤੇ ਨਾ ਹੀ ਉਹ ਉਹਨਾਂ ਦੇ ਕਿਸੇ ਧਾਰਮਿਕ ਅਕੀਦੇ ਵਿੱਚ ਸ਼ਾਮਿਲ ਹੋਏ ਹਨ।

371 ਕੀ ਤੁਸੀਂ ਸਮਝ ਗਏ ਮੇਰਾ ਕੀ ਮਤਲਬ ਹੈ? ਤਦ ਤਾਂ ਇਹਨੇ ਸਧਾਰਨ ਰੂਪ ਵਿੱਚ ਹੋਣਾ ਹੈ। ਅਤੇ ਇਹ ਪ੍ਰਮੇਸ਼ੁਰ ਦੇ ਵਚਨ ਦੇ ਅਨੁਸਾਰ ਹੈ। ਜਦ ਉਹ ਮਨੁੱਖ ਦ੍ਰਿਸ਼ ਤੇ ਆਏਗਾ ਤਾਂ ਉਹ ਇੱਕ ਨਬੀ ਹੋਵੇਗਾ। ਇਹ ਗੱਲ ਬਿਲਕੁੱਲ ਉਸੇ ਤਰ੍ਹਾਂ ਹੀ ਪੱਕੀ ਹੈ ਜਿਸ ਤਰ੍ਹਾਂ ਕਿ ਮੇਰਾ ਇੱਥੇ ਪੁਲਪਿਟ ਤੇ ਖੜੇ ਹੋਣਾ ਪੱਕਾ ਹੈ। ਸਮਝੇ?ਅਤੇ ਉਹ ਪ੍ਰਮੇਸ਼ੁਰ ਦੇ ਵਚਨ ਤੇ ਟਿਕਿਆ ਰਹੇਗਾ। ਉਹ ਕਿਸੇ ਦੇ ਵੀ ਅਕੀਦੇ ਸਿਧਾਤਾਂ ਨੂੰ ਕਬੂਲ ਨਹੀਂ ਕਰੇਗਾ। ਇਹ ਸੱਚ ਹੈ। ਉਹ ਜੰਗਲ ਵਿੱਚ ਰਹਿਣ ਵਾਲੇ ਆਦਮੀਂ ਏਲੀਯਾਹ --ਯੂਹੰਨਾ ਦੇ ਵਾਗੂੰ ਹੋਵੇਗਾ। ਉਹ ਔਰਤਾਂ ਦੇ ਨਾਲ -ਬੁਰੀਆਂ ਔਰਤਾਂ ਦੇ ਨਾਲ ਘਿਰਣਾ ਕਰੇਗਾ। ਮੁੰਡਿਆ, ਉਹ ਉਹਨਾਂ ਨੂੰ ਚੰਗੀ ਤਰ੍ਹਾਂ ਲਤਾੜੇਗਾ। ਯੂਹੰਨਾ ਨੇ ਵੀ ਇਸੇ ਤਰ੍ਹਾਂ ਹੀ ਕੀਤਾ ਸੀ,ਏਲੀਯਾਹ ਨੇ ਵੀ ਇਸੇ ਤਰ੍ਹਾਂ ਹੀ ਕੀਤਾ ਸੀ। ਵੇਖਿਆ? ਉਹ ਤਾਂ ਵਚਨ ਦੇ ਪ੍ਰਤੀ ਹੀ ਇਮਾਨਦਾਰ ਬਣਿਆ ਰਹੇਗਾ। ਉਹ ਹੋਵੇਗਾ --ਉਹ ਮਿਸ਼ਨਾਂ, ਜੱਥੇਬੰਦੀਆਂ ਦੇ ਵਿਰੁੱਧ ਹੋਵੇਗਾ। ਜੱਥੇਬੰਦੀਆਂ? "ਆਪਣੇ ਮਨ ਵਿੱਚ ਇਹ ਨਾ ਸੋਚੋ ਕਿ ਅਸੀਂ ਆਬਰਾਹਾਮ ਦੀ ਸੰਤਾਨ ਹਾਂ ਕਿਉਂਕਿ ਮੈਂ ਤੁਹਾਨੂੰ ਕਹਿੰਦਾ ਹਾਂ ਪ੍ਰਮੇਸ਼ੁਰ ਇਹਨਾਂ ਪੱਥਰਾਂ ਵਿੱਚੋਂ ਅਬਰਾਹਾਮ ਲਈ ਸੰਤਾਨ ਪੈਦਾ ਕਰ ਸੱਕਦਾ ਹੈ। " ਸਮਝੇ? ਬਿਲਕੁੱਲ ਇਸੇ ਤਰਾਂ ਹੀ ਉਸਨੇ ਕੀਤਾ ਸੀ।

372 ਹੁਣ, ਮਿੱਤਰੋ ਇਹ ਹੈ ਗੱਲ। ਇਹ ਹੀ ਚੋਥੀ ਮੋਹਰ ਹੈ, ਅਤੇ ਜਿੱਥੋਂ ਤੱਕ ਮੈਂ ਜਾਣਦਾ ਹਾਂ ਚਹੁਾਂ ਘੋੜਿਆਂ ਦੇ ਸਵਾਰ ਪ੍ਰਗਟ ਹੋ ਚੁੱਕੇ ਹਨ। ਹੁਣ, ਇਹ ਉਹ ਸੱਭ ਹੈ ਜੋ ਧਰਤੀ ਤੇ ਹੁੰਦਾ ਹੈ।

373 ਅਸੀਂ ਵੇਖਦੇ ਹਾਂ ਕਿ ਇਸ ਤੋਂ ਅਗਲੀ ਮੋਹਰ ਸੁਰਗ ਵਿੱਚ ਹੈ ਜਿੱਥੇ ਜਗਵੇਦੀ ਦੇ ਥੱਲੇ ਰੂਹਾਂ ਹਨ।

363 ਧਿਆਨ ਦਿਓ। ਜਦਕਿ ਏਲੀਯਾਹ ਦੇ ਦਿਨਾਂ ਵਿੱਚ ਏਲੀਯਾਹ ਨੂੰ ਠੀਕ ਢੰਗ ਦੇ ਨਾਲ ਅਤੇ ਪੂਰੀ ਤਰ੍ਹਾਂ ਪ੍ਰਮਾਣਿਤ ਕੀਤਾ ਗਿਆ ਸੀ ਤਾਂ ਵੀ ਉਹ ਉਹਨਾਂ ਨੂੰ ਵਚਨ ਦੇ ਵੱਲ ਨਹੀਂ ਲਿਆ ਸਕਿਆ ਸੀ। ਕੀ ਇਹ ਠੀਕ ਹੈ? ਭਾਵੇਂ ਕਿ ਉਸਨੇ ਆਪਣੇ ਕੰਮਾਂ ਦੇ ਦੁਆਰਾ ਇਸ ਤਰ੍ਹਾਂ ਕਰਨ ਦਾ ਯਤਨ ਕੀਤਾ ਸੀ। ਉਸਨੇ ਸੱਭ ਕੁਝ ਕੀਤਾ ਸੀ। ਉਸਨੇ ਉਹਨਾਂ ਨੂੰ ਚਿੰਨ੍ਹ ਅਤੇ ਅਚੰਭੇ ਕੰਮ ਵਿਖਾਏ ਸਨ ਅਤੇ ਉਹਨਾਂ ਉਸਦੇ ਮੂੰਹ ਤੇ ਹੀ ਉਸਦਾ ਮਜ਼ਾਕ ਉਡਾਇਆ ਸੀ। ਵੇਖੋ, ਇਸੇ ਤਰ੍ਹਾਂ ਹੀ ਇਹ ਇੱਥੇ ਆਤਮਿਕ ਦੇ ਨਾਲ ਕਰਨਗੇ। ਉਹ ਉਹਨਾਂ ਨੂੰ ਵਾਪਸ ਵਚਨ ਦੇ ਵੱਲ ਨਹੀਂ ਲਿਆ ਸਕਿਆ ਸੀ।

364 ਹੁਣ ਹੇ ਕਲੀਸਿਯਾ ਤੂੰ ਇਸਨੂੰ ਬੜੇ ਹੀ ਧਿਆਨ ਨਾਲ ਸੁਣ, ਤੁਸੀਂ ਜਿਹੜੇ ਇਸ ਤੇ ਕੁਝ ਸ਼ੱਕ ਕਰਦੇ ਹੋ ਧਿਆਨ ਨਾਲ ਸੁਣੋ।

365 ਸੰਸਾਰ ਵਿੱਚ ਕਰੋੜਾਂ ਦੀ ਗਿਣਤੀ ਵਿੱਚੋਂ ......ਏਲੀਯਾਹ ਦੇ ਦਿਨਾਂ ਵਿੱਚ ਜਦ ਈਜ਼ਬਲ ਅਤੇ ਅਹਾਬ ਰਾਜ ਕਰ ਰਹੇ ਸਨ ਜੋ ਕਿ ਅੱਜ ਦੇ ਹੀ ਦਿਨ ਦਾ ਵਿਪਰੀਤ ਨਮੂਨਾ ਸੀ -ਸਾਰੇ ਸੰਸਾਰ ਦੇ ਕਰੋੜਾਂ ਲੋਕਾਂ ਵਿੱਚੋਂ ਸਿਰਫ ਸੱਤ ਸੋ ਹੀ ਏਲੀਯਾਹ ਦੇ ਪ੍ਰਚਾਰ ਨਾਲ ਬਚੇ ਸਨ। ਕੀ ਇਹ ਠੀਕ ਹੈ? ਇਹ ਬਿਲਕੁੱਲ ਠੀਕ ਹੈ।

366 ਵੇਖੋ, ਇੱਥੋਂ ਤੱਕ ਕਿ ਏਲੀਯਾਹ ਤਾਂ ਜਾਣਦਾ ਵੀ ਨਹੀਂ ਸੀ ਕਿ ਉਹ ਇਸ ਤਰਾਂ ਦੇ ਸਨ। ਉਸਨੇ ਸੋਚਿਆ ਕਿ ਸਿਰਫ ਉਹ ਇਕੱਲਾ ਹੀ ਬਚਿਆ ਹੈ, ਜਦ ਤੱਕ ਕਿ ਖੁਦਾ ਨੇ ਮੋਹਰਾਂ ਵਿੱਚੋਂ ਇੱਕ ਮੋਹਰ ਨੂੰ ਨਾ ਖੋਲ੍ਹਿਆ ਅਤੇ ਉਸਨੂੰ ਪੋਥੀ ਦੇ ਅੰਦਰ ਦਾ ਭੇਤ ਨਾ ਵਿਖਾਇਆ ਕਿ ਉਸਦੇ ਕੋਲ ਤਾਂ ਸੱਤ ਸੋ ਹੋਰ ਹਨ ਜਿਹਨਾਂ ਨੇ ਕਦੇ ਵੀ ਉਹਨਾਂ ਦੇ ਸਿਧਾਤਾਂ ਅਤੇ ਅਕੀਦਿਆਂ ਦੇ ਅੱਗੇ ਆਪਣਾ ਸਿਰ ਨਹੀਂ ਝੁਕਾਇਆ ਹੈ। ਜਦ ਖੁਦਾ ਨੇ ਆਪਣੀ ਕਿਤਾਬ ਏਲੀਯਾਹ ਤੇ ਖੋਲ੍ਹੀ ਤਾਂ ਉਸਨੇ ਕਿਹਾ "ਬੇਟਾ ਇੱਕ ਮਿੰਟ ਰੁਕ ;ਮੇਰੇ ਕੋਲ ਸੱਤ ਸੋ ਹੋਰ ਹਨ ਜਿਹੜੇ ਇੱਧਰ-ਉੱਧਰ ਛੁਪੇ ਹੋਏ ਹਨ ਅਰ ਜਿਹਨਾਂ ਦਾ ਨਾਮ ਜਗਤ ਦੀ ਉਤਪਤੀ ਤੋਂ ਪਹਿਲਾਂ ਹੀ ਪੋਥੀ ਵਿੱਚ ਲਿਖਿਆ ਹੋਇਆ ਹੈ। ਉਹ ਮੇਰੇ ਹਨ। " ਵਾਅ ! ਪ੍ਰਮੇਸ਼ੁਰ ਨੇ ਮੋਹਰਾਂ ਖੋਲ੍ਹੀਆਂ।

367 ਇਹ ਹੀ ਕਾਰਨ ਹੈ ਕਿ ਮੈਂ ਸੋਚਦਾ ਹਾਂ ਕਿ ਕਿਸੇ ਰਾਤ ਯੂਹੰਨਾ ਬਹੁਤ ਜਿਆਦਾ ਸ਼ੋਰ ਮਚਾ ਰਿਹਾ ਸੀ। ਤੁਸੀਂ ਵੇਖੋ ਕਿ ਉਸਨੇ ਜਰੂਰ ਹੀ ਆਪਣਾ ਨਾਮ ਪੋਥੀ ਵਿੱਚ ਵੇਖ ਲਿਆ ਸੀ। ਸਮਝੇ? ਇੱਕ ਦਿਨ ਖੁਦਾ ਨੇ ਖੋਲਿਆ .......

368 ਅਲੀਸ਼ਾ, ਉਸਨੇ ਪ੍ਰਚਾਰ ਕੀਤਾ ਸੀ ;ਉਹ ਸੱਭ ਕੁਝ ਕਰ ਚੁੱਕਿਆ ਸੀ ਅਤੇ ਉਹ ਦਿਲ ਖੋਲ੍ਹ ਕੇ ਪ੍ਰਚਾਰ ਕਰ ਚੁੱਕਿਆ ਸੀ। ਉਹ ਸੱਭ ਕੁਝ ਕਰ ਚੁੱਕਾ ਸੀ ਜੋ ਉਹ ਕਰ ਸੱਕਦਾ ਸੀ ਅਤੇ ਇਸਦੇ ਬਾਵਜੂਦ ਵੀ ਉਹ ਉਸਨੂੰ ਭਲਾ ਬੁਰਾ ਕਹਿੰਦੇ ਸਨ ਅਤੇ ਉਸਦੀ ਹਾ-ਹਾ ਕੀਤੀ ਅਤੇ ਉਸਨੂੰ ਆਖਿਆ ਸੀ ਤੂੰ ਹੀ ਇਹਨਾਂ ਸੱਭ ਦੁੱਖਾਂ ਦਾ ਕਾਰਨ ਹੈਂ। ਤੂੰ ਪ੍ਰੇਤਵਾਦੀ ਹੈ। ਤੂੰ ਹੀ ਇੱਕ ਅਜਿਹਾ ਹੈ ਜਿਹਦੇ ਕਾਰਨ ਇਹ ਸੱਭ ਮੁਸ਼ਕਿਲਾਂ ਆਈਆਂ ਹਨ। ਤੂੰ ਦੋਸ਼ੀ ਹੈਂ ",ਅਤੇ ਇਸੇ ਤਰ੍ਹਾਂ ਦਾ ਸੱਭ ਕੁਝ ਆਖਿਆ। ਉਸਨੂੰ ਉਹਨਾਂ ਸੱਭ ਕੁਝ ਆਖਿਆ। ਈਜ਼ਬਲ ਨੇ ਉਸਨੂੰ ਉਸਦਾ ਸਿਰ ਕਟਵਾ ਦੇਣ ਦੀ ਧਮਕੀ ਦਿੱਤੀ ਸੀ ਅਤੇ ਉਸਨੂੰ ਹੋਰ ਕਈ ਕੁਝ ਕਿਹਾ ਸੀ। ਇਹ ਸੱਚ ਗੱਲ ਹੈ। ਹਰ ਕੋਈ ਉਸਦੇ ਵਿਰੁੱਧ ਸੀ।



ਬਾਦ ਉਹਨਾਂ ਨੇ ਵਚਨ ਦੇ ਆਪਣੇ ਅਧਿਕਾਰਾਂ ਅਤੇ ਹੱਕਾਂ ਨੂੰ ਵੇਚ ਲਿਆ ਸੀ, ਜਦ ਉਹਨਾਂ ਨੇ ਵਚਨ ਵਾਲੇ ਆਪਣੇ ਅਧਿਕਾਰ ਅਤੇ ਹੱਕ ਵੇਚ ਲਏ ਤਾਂ ਉਹਨਾਂ ਨੇ ਆਪਣੇ ਵਿਰਸੇ ਨੂੰ ਗੁਆ ਲਿਆ ਸੀ।

26 ਯਾਦ ਰਹੇ, ਸਾਰੀ ਧਰਤੀ ਤੇ ਉਹਨਾਂ ਦਾ ਕੰਟਰੋਲ ਸੀ। ਉਹ ਆਪਣੇ ਆਪ ਵਿੱਚ ਇੱਕ ਪ੍ਰਮੇਸ਼ੁਰ ਸੀ ਕਿਉਂਕਿ ਉਹ ਪ੍ਰਮੇਸ਼ੁਰ ਦਾ ਪੁੱਤਰ ਸੀ। ਅਤੇ ਖੁਦਾ ਦਾ ਪੁੱਤਰ ਇੱਕ ਛੋਟਾ ਖੁਦਾ ਹੁੰਦਾ ਹੈ। ਹੁਣ ਇਹ ਗੱਲ ਲਿਖਤਾਂ ਦੇ ਉਲਟ ਨਹੀਂ ਹੈ। ਮੈਂ ਜਾਣਦਾ ਹਾਂ ਕਿ ਇਹ ਅਜੀਬ ਜਾਪਦਾ ਹੈ।

27 ਪ੍ਰੰਤੂ ਯਿਸੂ ਨੇ ਕਿਹਾ ਸੀ, " ਜੇ ਤੁਸੀਂ ਉਹਨਾਂ ਨੂੰ ਦੇਵਤੇ ਆਖਿਆ ਜਿਹਨਾਂ ਦੇ ਕੋਲ ਪ੍ਰਮੇਸ਼ੁਰ ਦਾ ਵਚਨ ਆਉਂਦਾ ਹੈ ....." ਅਤੇ ਪ੍ਰਮੇਸ਼ੁਰ ਦਾ ਵਚਨ ਕਿਹਦੇ ਕੋਲ ਆਉਂਦਾ ਹੈ ? [ਸੰਗਤ ਆਖਦੀ ਹੈ, "ਨਬੀਆਂ ਦੇ ਕੋਲ। "-ਸੰਪਾ]ਨਬੀਆਂ ਦੇ ਕੋਲ। " ਜਿਨ੍ਹਾਂ ਕੋਲ ਪ੍ਰਮੇਸ਼ੁਰ ਦਾ ਵਚਨ ਆਇਆ ਜੇ ਤੁਸੀਂ ਉਹਨਾਂ ਨੂੰ ਦਿਓਤੇ ਆਖਿਆ ਤਾਂ ਜਦ ਮੈਂ ਆਪਣੇ ਆਪ ਨੂੰ ਪ੍ਰਮੇਸ਼ੁਰ ਦਾ ਪੁੱਤਰ ਕਹਿੰਦਾ ਹਾਂ ਤਾਂ ਤੁਸੀਂ ਮੇਰੇ ਤੇ ਕਿਵੇਂ ਦੋਸ਼ ਲਗਾ ਸੱਕਦੇ ਹੋ?" ਸਮਝੇ?

ਅਤੇ ਹੁਣ, ਉਹ ਦਿਓਤੇ ਸਨ।

28 ਅਤੇ ਜਦ ਤੁਸੀਂ ਆਪਣੇ ਪਰਿਵਾਰ ਵਿੱਚ ਜਨਮ ਲੈਂਦੇ ਹੋ ਤਾਂ ਤੁਸੀਂ ਪੁੱਤਰ ਹੁੰਦੇ ਹੋ ਅਤੇ ਆਪਣੇ ਪਿਤਾ ਦਾ ਭਾਗ ਹੋ।

29 ਅਤੇ ਅਸੀਂ ਵੇਖਿਆ ਹੈ ਜਦ ਪਾਪ ਆ ਗਿਆ ਤਾਂ ਮਨੁੱਖ ਜੀਵਨ ਦੀ ਖਾਈ ਨੂੰ ਟੱਪ ਗਿਆ। ਅਤੇ ਬੈਲਾਂ ਅਤੇ ਬੱਕਰੀਆਂ ਦਾ ਲਹੂ ਤਾਂ ਸਿਰਫ ਪਾਪ ਨੂੰ ਢੱਕਦਾ ਸੀ ਪ੍ਰੰਤੂ ਪਾਪ ਦਾ ਸਫਾਇਆ ਨਹੀਂ ਕਰਦਾ ਸੀ। ਅਤੇ ਅਜਿਹਾ ਤਦ ਤੱਕ ਹੁੰਦਾ ਰਿਹਾ ਜਦ ਤੱਕ ਕਿ ਅਸਲੀ ਸਾਫ ਕਰਨ ਵਾਲੀ ਦਵਾਈ ਨਾ ਆ ਗਈ, ਉਹ ਦਵਾਈ ਤਾਂ ਪਾਪ ਦੇ ਧੱਬੇ ਨੂੰ ਲੈ ਕੇ ਪੂਰੀ ਤਰ੍ਹਾਂ ਉਹਦੇ ਟੁੱਕੜੇ। ਟੁਕੜੇ ਕਰ ਸੱਕਦੀ ਸੀ ਅਤੇ ਵਾਪਸ ਇਹਨੂੰ ਅਸਲੀ ਵਿਗਾੜਨ ਵਾਲੇ ਦੇ ਜੋ ਕਿ ਸ਼ੈਤਾਨ ਹੈ ਦੇ ਕੋਲ ਭੇਜ ਸੱਕਦੀ ਸੀ।

30 ਜਦ ਪਾਪ ਵਾਪਸ ਸ਼ੈਤਾਨ ਦੇ ਕੋਲ ਚਲਾ ਜਾਂਦਾ ਸੀ ਤਾਂ ਇਹ ਆਪਣੇ ਸਦੀਪਕ ਖਾਤਮਣੇ ਦੀ ਇੰਤਜਾਰ ਕਰਦਾ ਸੀ। ਹੁਣ, ਇਹ ਉਹ ਦਰਸਾਉਂਦਾ ਹੈ ਜਿਹਦੀ ਅਸੀਂ ਨਿਹਚਾ ਕਰਦੇ ਹਾਂ। ਅਸੀਂ ਨਿਹਚਾ ਕਰਦੇ ਹਾਂ ਕਿ ਉਸਦਾ ਪੂਰੀ ਤਰ੍ਹਾਂ ਨਾਲ ਖਾਤਮਾ ਕਰ ਦਿੱਤਾ ਜਾਵੇਗਾ।

31 ਮੈਂ ਨਿਹਚਾ ਕਰਦਾ ਹਾਂ ਕਿ ਪਾਪ ਨੂੰ ਤੋੜ ਦਿੱਤਾ ਜਾਵੇਗਾ। ਅਤੇ ਜਦ ਇਸਦਾ ਪ੍ਰਭੂ ਯਿਸੂ ਮਸੀਹ ਦੇ ਲਹੂ ਦੇ ਅਧਾਰ ਤੇ ਇਕਰਾਰ ਕਰ ਲਿਆ ਜਾਂਦਾ ਹੈ ਤਾਂ ਇਹ ਇਸ ਤਰ੍ਹਾਂ ਹੁੰਦਾ ਹੈ ਕਿ ਜਿਵੇਂ ਕਲੋਰਕਸ ਨਾਮਕ ਸਾਫ ਕਰਨ ਵਾਲੀ ਦਵਾਈ ਵਿੱਚ ਕਾਲੇ ਰੰਗ ਦੀ ਸਿਆਹੀ ਦੀ ਇੱਕ ਬੂੰਦ ਪਾਉਣਾ। ਇਹ ਤਾਂ ਇਸਨੂੰ ਰਸਾਇਣਕ ਪਦਾਰਥਾਂ ਵਿੱਚ ਦੁਬਾਰਾ ਤੋੜ ਦਿੰਦਾ ਹੈ ਅਤੇ ਇਹਨੂੰ ਵਾਪਸ ਉੱਥੇ ਹੀ ਪਹੁੰਚਾ ਦਿੰਦਾ ਹੈ ਜਿੱਥੋਂ ਉਹ ਆਈ ਸੀ। ਸਮਝੇ? ਇਸੇ ਤਰ੍ਹਾਂ ਹੀ ਯਿਸੂ ਮਸੀਹ ਦਾ ਲਹੂ ਕਰਦਾ ਹੈ।

32 ਫਿਰ ਇਹ ਸ਼ੁੱਧਤਾ ਫਿਰ ਮਨੁੱਖ ਨੂੰ ਪ੍ਰਮੇਸ਼ੁਰ ਦਾ ਪੁੱਤਰ ਬਣਾ ਕੇ ਖਾਈ ਦੇ ਪਾਰ ਬਿਠਾ ਦਿੰਦੀ ਹੈ। ਵੇਖਿਆ? ਅਤੇ ਫਿਰ ਉਹ ਬਣ ਜਾਂਦਾ ਹੈ ......ਫਿਰ ਉਸ ਵਿੱਚ ਇੱਥੋਂ ਤੱਕ ਕਿ .......ਉਸ ਵਿੱਚ

ਖੁਦਾ ਦੀ ਰਚਨਾ ਕਰਨ ਵਾਲੀ ਸਮਰੱਥ ਆ ਜਾਂਦੀ ਹੈ। ਅਤੇ ਘੱਟੋ ਘੱਟ ਜਦ ਕਦੇ ਪ੍ਰਮੇਸ਼ੁਰ ਇਹਦੇ ਹੋਣ ਦਾ ਹੁਕਮ ਦੇ ਸੱਕਦਾ ਹੈ ਤਦ ਇਹ ਹੋ ਜਾਵੇਗਾ। ਅਤੇ ਅਸੀਂ ਵਾਪਸ ਮੁੜਦੇ ਹਾਂ। ਅਜਿਹਾ ਤਦ ਹੋਵੇਗਾ .......

33 ਮੂਸਾ, ਬਲਦਾਂ ਦੇ ਲਹੂ ਦੇ ਥੱਲੇ ਸੀ; ਜਦ ਉਸਨੇ ਉਸ ਰੋਸ਼ਨੀ, ਉਸ ਅੱਗ ਦੇ ਖੰਭੇ ਨਾਲ ਜਲਦੀ ਹੋਈ ਝਾੜੀ ਵਿੱਚ ਮੁਲਾਕਾਤ ਕੀਤੀ ਸੀ। ਉਹ ਉੱਥੇ ਥੱਲੇ ਖੁਦਾ ਦੇ ਅਧਿਕਾਰ ਨੂੰ ਲੈ ਕੇ ਖਲੋਤਾ ਸੀ ਜੋ ਖੁਦਾ ਨੇ ਉਹਨੂੰ ਦਿੱਤਾ ਸੀ। ਅਤੇ ਉਹ ਇੱਕ ਨਬੀ ਸੀ। ਅਤੇ ਜਦ ਖੁਦਾ ਦਾ ਵਚਨ ਉਸਦੇ ਕੋਲ ਆਇਆ ਤਾਂ ਉਹ ਬੋਲਿਆ ਅਤੇ ਇੱਥੋਂ ਤੱਕ ਹੋਇਆ ਕਿ ਉਸਨੇ ਪ੍ਰਮੇਸ਼ੁਰ ਦੇ ਵਚਨ ਨਾਲ ਚੀਜ਼ਾਂ ਦੀ ਸ੍ਰਿਸ਼ਟੀ ਕੀਤੀ। ਸਮਝੇ?

34 ਹੁਣ ਵੇਖੋ, ਜੇ ਉਸ ਨੇ ਉਹਨਾਂ ਬਲਦਾਂ ਦੇ ਲਹੂ ਦੇ ਥੱਲੇ ਰਹਿ ਕੇ ਇਸ ਤਰ੍ਹਾਂ ਕੀਤਾ ਤਾਂ ਯਿਸੂ ਦੇ ਲਹੂ ਦੇ ਥੱਲੇ ਕੀ ਕੁਝ ਨਹੀਂ ਹੋਵੇਗਾ? ਯਿਸੂ ਦਾ ਲਹੂ ਪਾਪ ਨੂੰ ਢੱਕਦਾ ਨਹੀਂ ਹੈ ਬਲਕਿ ਉਹ ਤਾਂ ਪਾਪ ਨੂੰ ਪੂਰੀ ਤਰ੍ਹਾਂ ਨਾਲ ਦੂਰ ਕਰ ਦਿੰਦਾ ਹੈ। ਅਤੇ ਖੁਦਾ ਦੀ ਹਜ਼ੂਰੀ ਵਿੱਚ ਤੁਸੀਂ ਛੁਟਕਾਰਾ ਪਾਏ ਹੋਏ ਪੁੱਤਰ ਦੇ ਵਾਂਗ ਖੜੇ ਹੁੰਦੇ ਹੋ। ਹੁਣ, ਵੇਖੋ ਕਲੀਸਿਯਾ ਆਪਣੇ ਜੀਉਣ ਦੇ ਮਿਆਰ ਤੋਂ ਕਿਤੇ ਪਰੇ ਹੈ। ਅਤੇ ਕਈ ਵਾਰ ਮੈਂ ਸੋਚਦਾ ਹਾਂ ਕਿ ਅਸੀਂ ਪਿੱਛੇ ਨੂੰ ਸਰਕਦੇ ਹਾਂ ਬਜਾਏ ਇਸਦੇ ਕਿ ਸੱਚਮੁੱਚ ਬਾਹਰ ਆਣ ਕੇ ਤੇ ਇਸ ਮੁੱਦੇ ਦਾ ਸਾਹਮਣਾ ਕਰੀਏ।

ਮੇਰੇ ਕੋਲ ਕੁਝ ਹੈ ਜੋ ਮੈਂ ਕਹਿਣਾ ਚਾਹੁੰਦਾ ਹਾਂ, ਪ੍ਰੰਤੂ ਮੈਂ -ਮੈਂ ਉਸਨੂੰ ਵੇਲੇ ਸਿਰ ਹੀ ਆਖਾਂਗਾ।

35 ਹੁਣ ਧਿਆਨ ਦਿਓ ਕਿ ਨਾਮਧਾਰੀ ਕਲੀਸਿਯਾਵਾਂ ਵਿੱਚ ਕਿਤੇ ਕੋਈ ਨੁਕਸ ਹੈ। ਅਤੇ ਮੈਂ ਸੋਚਦਾ ਹਾਂ ਕਿ ਇਹ ਫਿਰਕਾਪ੍ਰਸਤੀ ਦੀ ਪ੍ਰਣਾਲੀ ਹੈ ਜਿਨ੍ਹਾਂ ਨੇ ਲੋਕਾਂ ਦੇ ਦਿਮਾਗ ਘੁਮਾ ਦਿੱਤੇ ਹਨ ਅਤੇ ਹੋਰ ਹੋਰ, ਇੱਥੋਂ ਤੱਕ ਕਿ ਉਹ ਨਹੀਂ ਜਾਣਦੇ ਹਨ ਕਿ ਕਿਸ ਤਰ੍ਹਾਂ ਕਰਨਾ ਹੈ। ਇਹ ਠੀਕ ਹੈ।

36 ਪ੍ਰੰਤੂ ਸਾਡੇ ਨਾਲ ਵਾਇਦਾ ਕੀਤਾ ਗਿਆ ਹੈ ਕਿ ਇਹਨਾਂ ਨੂੰ ਪ੍ਰਗਟ ਕੀਤਾ ਜਾਵੇਗਾ। ਹੁਣ ਸੱਤ ਮੋਹਰਾਂ ਹਨ ਜਿਹਨਾਂ ਨਾਲ ਇਹ ਕਿਤਾਬ ਮੋਹਬੰਦ ਕੀਤੀ ਗਈ ਹੈ। ਅਤੇ ਉਹ ਸੱਤ ਮੋਹਰਾਂ ਹੁਣ.....

37 ਅਤੇ ਇਹਨਾਂ ਸੱਤਾਂ ਮੋਹਰਾਂ ਦੇ ਸੰਪੂਰਣ ਹੋਣ ਤੋਂ ਬਾਦ, ਅਸੀਂ ਪ੍ਰਕਾਸ਼ ਦੀ ਪੋਥੀ 10 ਬਾਬ ਵਿੱਚ ਵੇਖਦੇ ਹਾਂ ਕਿ ਉੱਥੇ ਭੇਤ ਭਰੀਆਂ ਸੱਤ ਗਰਜ਼ਾਂ ਸਨ ਜਿਨ੍ਹਾਂ ਨੂੰ ਯੂਹੰਨਾ ਲਿਖਣ ਵਾਲਾ ਹੀ ਸੀ ਪ੍ਰੰਤੂ ਉਸਨੂੰ ਇਹ ਆਗਿਆ ਦਿੱਤੀ ਗਈ ਸੀ ਭਈ ਇਹਨਾਂ ਨੂੰ ਨਾ ਲਿਖ। ਅਤੇ ਉਹਨਾਂ ਸੱਤ ਗਰਜ਼ਾਂ ਦੇ ਸਮੇਂ ਅਸੀਂ ਮਸੀਹ ਨੂੰ ਜਾਂ ਫਿਰ, "ਇੱਕ ਦੂਤ ਨੂੰ ਹੇਠਾਂ ਉੱਤਰਦੇ ਵੇਖਦੇ ਹਾਂ ਜਿਹਦੇ ਸਿਰ ਤੇ ਮੇਘ ਧਨੁੱਖ ਸੀ ਅਤੇ ਉਹਨੇ ਆਪਣਾ ਪੈਰ ਸਮੁੰਦਰ ਅਤੇ ਪ੍ਰਿਥਵੀ ਤੇ ਟਿਕਾਇਆ ਅਤੇ ਸਹੁੰ ਖਾਧੀ ਭਈ ਕਿ ਉਸ ਸਮੇਂ ਸਮਾਂ ਹੋਰ ਨਹੀਂ ਹੈ। "

38 ਅਤੇ ਫਿਰ ਅਸੀਂ ਮੋਹਰਾਂ ਦੇ ਪ੍ਰਗਟ ਹੋਣ ਵਿੱਚ ਇਹ ਵੇਖਦੇ ਹਾਂ ਕਿ ਲੇਲਾ ਵਿਚੋਲੇ ਦੇ ਰੂਪ ਵਿੱਚ ਆਪਣਾ ਵਿਚੋਲਗੀ ਦਾ ਕੰਮ ਛੱਡ ਦਿੰਦਾ ਹੈ ਅਤੇ ਹੁਣ ਉਹ ਆਪਣੇ ਹੱਕਾਂ ਦਾ ਦਾਅਵਾ ਕਰਨ ਲਈ ਅਗਾਂਹ ਆਇਆ ਸੀ, ਜਿਹਨਾਂ ਨੂੰ ਉਸਨੇ ਆਪਣੀ ਮੌਤ ਦੇ ਦੁਆਰਾ ਛੁਡਾਇਆ ਸੀ।



*.....ਫਿਰ ਮੈਂ ਇੱਕ ਸਵਰਗ ਦੂਤ ਨੂੰ ਸੂਰਜ ਵਿੱਚ ਖੜਾ ਵੇਖਿਆ ;.......*

357 ਹੁਣ, ਇਹ ਸੱਚ ਹੈ .....ਉੱਪਰਲੀਆਂ ਆਇਤਾਂ ਵਿੱਚ ਵੇਖੋ। " ਅਤੇ ਉਹ ਇੱਕ ਬਸਤਰ ਲਹੂ ਦੇ ਨਾਲ ਛਿੜਕਿਆ ਹੋਇਆ ਪਹਿਨੇ ਹੋਏ ਹੈ ਅਤੇ ਉਹ ਪ੍ਰਭੂਆਂ ਦਾ ਪ੍ਰਭੂ ਅਤੇ ਰਾਜਿਆਂ ਦਾ ਰਾਜਾ ਹੈ। "ਆਇਤ 13 ਵਿੱਚ ਉਹਦਾ ਨਾਮ ਪਰਮੇਸ਼ੁਰ ਦਾ ਸ਼ਬਦ ਸਦਾਉਂਦਾ ਹੈ। ਸਮਝੇ? ਹੁਣ, ਇੱਥੇ ਰਾਜਿਆਂ ਦਾ ਰਾਜਾ ਅਤੇ ਪ੍ਰਭੂਆਂ ਦਾ ਪ੍ਰਭੂ ਹੈ।

*ਅਤੇ ਮੈਂ ਇੱਕ ਦੂਤ ਨੂੰ ਵੇਖਿਆ .....*

358 ਹੁਣ ਧਿਆਨ ਦਿਓ। ਉਹ ਅਗਾਂਹ ਵੱਧਦਾ ਹੈ।

*ਅਤੇ ਉਹ ਦੇ ਮੂੰਹ ਦੇ ਵਿੱਚੋਂ ਇੱਕ ਤਿੱਖੀ ਤਲਵਾਰ ਨਿੱਕਲਦੀ ਹੈ ਭਈ ਉਸ ਨਾਲ ਉਹ ਕੌਮਾਂ ਨੂੰ ਮਾਰੇ ......*

359 "ਉਸਦੇ ਮੂੰਹ ਵਿੱਚੋਂ ", ਜਿਵੇਂ ਪ੍ਰਮੇਸ਼ੁਰ ਦੇ ਮੂੰਹ ਤੋਂ ਮੂਸਾ ਦੇ ਮੂੰਹ ਵਿੱਚੋਂ ਨਿੱਕਲੀ। ਸਮਝੇ?

*ਅਤੇ ਉਹ ਲੋਹੇ ਦੇ ਡੰਡੇ ਨਾਲ ਉਹਨਾਂ ਉੱਤੇ ਹਕੂਮਤ ਕਰੇਗਾ ਅਤੇ ਉਹ ਪਰਮੇਸ਼ੁਰ ਸਰਬ ਸ਼ਕਤੀਮਾਨ ਦੇ ਅੱਤ ਵੱਡੇ ਕ੍ਰੋਧ ਦੀ ਮੈ ਦੇ ਚੁਬੱਚੇ ਨੂੰ ਲਿਤਾੜਦਾ ਹੈ।*

*ਉਹ ਦੇ ਬਸਤਰ ਉੱਤੇ ਅਰ ਉਹ ਦੇ ਪੱਟ ਉੱਤੇ ਇਹ ਨਾਮ ਲਿਖਿਆ ਹੋਇਆ ਹੈ, - ਰਾਜਿਆਂ ਦਾ ਰਾਜਾ ਅਤੇ ਪ੍ਰਭੂ ਆਂ ਦਾ ਪ੍ਰਭੂ। ਅਤੇ ਮੈਂ ਇੱਕ ਦੂਤ ਨੂੰ ਵੇਖਿਆ ......*

360 ਹੁਣ ਧਿਆਨ ਦਿਓ, ਉਹ ਹੁਣ ਮਾਰਨ ਲਈ ਆਉਂਦਾ ਹੈ। ਉਹ ਕਿਸ ਨੂੰ ਮਾਰਨ ਲਈ ਆਉਂਦਾ ਹੈ? ਈਜ਼ਬਲ ਅਤੇ ਉਸਦੇ ਅਹਾਬ ਨੂੰ ਜੋ ਕਿ ਝੂਠਾ ਨਬੀ ਹੈ।

*ਮੈਂ ਇੱਕ ਦੂਤ ਨੂੰ ਸੂਰਜ ਵਿੱਚ ਖਲੋਤੇ ਵੇਖਿਆ ਅਤੇ ਉਸਨੇ ਉਹਨਾਂ ਸਭਨਾਂ ਪੰਛੀਆਂ ਨੂੰ ਜਿਹੜੇ ਅਕਾਸ਼ ਵਿੱਚ ਉੱਡਦੇ ਹਨ ਹਾਕ ਮਾਰ ਕੇ ਅਖਿਆ, ਆਓ ਚੱਲੋ ਅਤੇ ਪਰਮੇਸ਼ੁਰ ਦੀ ਵੱਡੀ ਦਾਉਤ ਲਈ ਇਕੱਠੇ ਹੋਵੋ !*

361 ਉਹ ਉਹਨਾਂ ਨੂੰ ਜਾਨਵਰਾਂ ਅਤੇ ਪਸ਼ੂਆਂ ਨੂੰ ਖਿਲਾ ਦਿੰਦਾ ਹੈ। ਹੁਣ ਤੁਸੀਂ ਇੱਥੇ ਪ੍ਰਕਾਸ਼ ਦੀ ਪੋਥੀ ਦੇ ਕਿਸੇ ਹੋਰ ਬਾਬ ਵਿੱਚ ਵੇਖੋ ਉੱਥੇ ਲਿਖਿਆ ਹੈ। ਅਤੇ .....(ਬਸ ਇੱਕ ਮਿੰਟ )" ਤਲਵਾਰ ਨਾਲ ਅਤੇ ਮੌਤ ਅਤੇ ਪਸ਼ੂਆਂ ਨੂੰ ਖਿਲਾਉਣ ਦੁਆਰਾ ਮਾਰਿਆ। " ਸਮਝੇ? ਈਜ਼ਬਲ ਰੂਪੀ ਕਲੀਸਿਯਾ ਦੀ, ਉਸਦੀ ਦੇਹ ਨੂੰ, ਜੰਗਲੀ ਪਸ਼ੂਆਂ ਅਤੇ ਪੰਛੀਆਂ ਨੇ ਖਾਣਾ ਹੈ। ਜਿਵੇਂ ਅਹਾਬ ਅਤੇ ਈਜ਼ਬਲ ਨਾਲ ਸ਼ਰੀਰਕ ਢੰਗ ਨਾਲ ਹੋਇਆ ਸੀ ਉਸੇ ਤਰ੍ਹਾਂ ਹੀ ਮਸੀਹ ਵਿਰੋਧੀ ਕਲੀਸਿਯਾ ਨਾਲ ਆਤਮਿਕ ਢੰਗ ਨਾਲ ਹੋਵੇਗਾ। ਕੀ ਤੁਸੀਂ ਸਮਝੇ ਮੇਰੇ ਕਹਿਣ ਦਾ ਕੀ ਮਤਲਬ ਹੈ ? [ਸੰਗਤ ਆਖਦੀ ਹੈ, "ਆਮੀਨ। "-ਸੰਪਾ]ਠੀਕ ਹੈ।

362 ਏਲੀਯਾਹ....ਓਹ!ਸ਼ਰੀਰਕ ਈਜ਼ਬਲ ਅਤੇ ਅਹਾਬ ਦੇ ਦਿਨਾਂ ਵਿੱਚ ਏਲੀਯਾਹ ਨਬੀ ਸੀ। ਅਤੇ *ਯਹੋਵਾਹ ਇੰਝ ਫਰਮਾਉਂਦਾ ਹੈ* ਵਾਲੇ ਵਚਨ ਦੇ ਅਨੁਸਾਰ ਇਹੀ ਕੰਮ ਉਸਦੀ ਆਤਮਿਕ ਰੂਪ ਦੀ ਸੇਵਕਾਈ ਵਿੱਚ ਆਤਮਿਕ ਈਜ਼ਬਲ ਲਈ ਕਰਨ ਦਾ ਵਾਇਦਾ ਕੀਤਾ ਹੋਇਆ ਹੈ।

351 ਅਸੀਂ ਤੁਹਾਨੂੰ ਲਿਖਤਾਂ ਤੇ ਲਿਖਤਾਂ ਵਿਖਾ ਸੱਕਦੇ ਹਾਂ (ਸਮਝੇ?) ਕਿ ਆਖਰੀ ਯੁੱਗ ਦੀ ਕਲੀਸਿਯਾ ਲਈ ਇੱਕ ਨਬੀ ਦਾ ਸੰਦੇਸ਼ ਹੈ ਜਿਹੜਾ ਲੋਕਾਂ ਨੂੰ ਵਾਪਿਸ ਮੂਲ ਵਚਨ ਦੇ ਵੱਲ ਫੇਰੇਗਾ। ਹੁਣ, ਧਿਆਨ ਦਿਓ। ਕੀ ਇਹ ਠੀਕ ਹੈ? ਮਲਾਕੀ 4 ਅਤੇ ਹੋਰ ਦੂਸਰੀਆਂ ਲਿਖਤਾਂ ਅਤੇ ਪ੍ਰਕਾਸ਼ ਦੀ ਪੋਥੀ 10:7 ਅਤੇ ਇਸੇ ਤਰ੍ਹਾਂ ਆਖਰ ਤੱਕ ਜੋ ਵਚਨ ਦੀਆਂ ਲਿਖਤਾਂ ਹਨ ਉਹ ਇਸੇ ਤਰ੍ਹਾਂ ਹੀ ਦੱਸਦੀਆਂ ਹਨ। ਸਮਝੇ? ਖੁਦ ਯਿਸੂ ਨੇ ਇਸਦੀ ਭਵਿੱਖਬਾਣੀ ਕੀਤੀ ਸੀ ਕਿ ਜਿਵੇਂ "ਲੂਤ ਦੇ ਦਿਨਾਂ ਵਿੱਚ ਸੀ ", ਅਤੇ ਇਸ ਤੋਂ ਅੱਗੇ ਅਤੇ ਅੱਗੇ ਵਚਨ ਦੀਆਂ ਲਿਖਤਾਂ ਇਸੇ ਤਰ੍ਹਾਂ ਹੀ ਦੱਸਦੀਆਂ ਹਨ। ਅਖੀਰ ਤੱਕ ਲਿਖਤਾਂ ਇਸੇ ਤਰ੍ਹਾਂ ਹੀ ਬਿਆਨ ਕਰਦੀਆਂ ਹਨ।

352 ਈਜ਼ਬਲ ਅੱਜ ਦੀ ਅਧੁਨਿਕ ਨਾਮਧਾਰੀ ਕਲੀਸਿਯਾ ਦਾ ਨਮੂਨਾ ਹੈ, ਕਿਉਂਕਿ ਹੁਣ ਕੈਥੋਲਿਕ ਅਤੇ ਪ੍ਰੋਟੈਸਟੈਂਟ ਇੱਕ ਦੂਜੇ ਦੇ ਨਾਲ ਮਿਲ ਗਏ ਹਨ। ਉਹਨਾਂ ਦੇ ਬਾਰੇ ਵਿੱਚ ਇਸ ਤੋਂ ਇਲਾਵਾ ਹੋਰ ਕੁਝ ਨਹੀਂ ਹੈ। ਉਹ ਦੋਨੋਂ ਹੀ ਮਿਸ਼ਨਾਂ ਹਨ, ਬਸ ਉਹਨਾਂ ਦੇ ਬਾਰੇ ਵਿੱਚ ਇਹੋ ਹੀ ਹੈ ਜਿਵੇਂ ਮਾਂ ਅਤੇ ਧੀ। ਉਹ ਇੱਕ ਦੂਜੇ ਨਾਲ ਮੱਤ-ਭੇਤ ਰੱਖਦੇ ਹਨ ਅਤੇ ਇੱਕ ਦੂਸਰੇ ਨਾਲ ਬਹਿਸ ਕਰਦੇ ਹਨ ਪ੍ਰੰਤੂ ਫਿਰ ਵੀ ਉਹ ਇੱਕੋ ਵਰਗੇ ਹੀ ਹਨ, ਦੋਨੇ ਹੀ ਕੰਜ਼ਰੀਆਂ ਹਨ। ਹੁਣ ਮੈਂ ਇਹ ਆਪਣੇ ਵਲੋਂ ਨਹੀਂ ਕਹਿ ਰਿਹਾ ਹਾਂ ਮੈਂ ਤਾਂ ਇਸਦਾ ਹਵਾਲਾ *ਯਹੋਵਾਹ ਇੰਝ ਫਰਮਾਉਂਦਾ ਹੈ* ਵਾਲੇ ਵਚਨ ਵਿੱਚੋਂ ਦੇ ਰਿਹਾ ਹਾਂ। ਠੀਕ ਹੈ।

353 ਹੁਣ ਅਸੀਂ ਧਿਆਨ ਦੇਈਏ,ਈਜ਼ਬਲ ਨੂੰ ਪ੍ਰਮੇਸ਼ੁਰ ਦੇ ਹੁਕਮ ਦੁਆਰਾ ਮਾਰਿਆ ਗਿਆ ਸੀ- ਉਹ ਇਸ ਲਈ ਮਾਰੀ ਗਈ ਸੀ ਕਿਉਂਕਿ ਪ੍ਰਮੇਸ਼ੁਰ ਨੇ ਯੇਹੂ ਨੂੰ ਉੱਥੇ ਥੱਲੇ ਜਾਣ ਲਈ ਕਿਹਾ ਸੀ ਅਤੇ ਉਸਨੇ ਉਸ ਕੋਲੋਂ ਈਜ਼ਬਲ ਨੂੰ ਖਿੜਕੀ ਵਿੱਚੋਂ ਥੱਲੇ ਸੁੱਟਵਾਇਆ ਸੀ ਅਤੇ ਈਜ਼ਬਲ ਨੂੰ ਮਾਰਿਆ ਸੀ ਅਤੇ ਕੁੱਤਿਆਂ ਨੇ ਉਸਦਾ ਮਾਸ ਖਾਧਾ ਸੀ। (ਕੀ ਇਹ ਠੀਕ ਹੈ?) [ਸੰਗਤ ਆਖਦੀ ਹੈ, "ਆਮੀਨ। "-ਸੰਪਾ] ਸ਼ਰੀਰਕ ਈਜ਼ਬਲ। ਅਤੇ ਜਿਸ ਤਰ੍ਹਾਂ ਪਹਿਲੇ ਏਲੀਯਾਹ ਨੇ ਭਵਿੱਖਬਾਣੀ ਕੀਤੀ ਸੀ ਆਹਾਬ ਜੋ ਉਸਦਾ ਰਾਜਾ ਸੀ ਦਾ ਲਹੂ ਕੁੱਤਿਆਂ ਨੇ ਪੀਤਾ ਸੀ। ਵੇਖੋ ਕਿ ਅਸੀਂ ਕਿੱਥੇ ਜਾ ਰਹੇ ਹਾਂ, ਕੀ ਤੁਸੀਂ ਨਹੀਂ ਵੇਖਦੇ?

354 ਕਿਉਂ? ਪਹਿਲਾ ਏਲੀਯਾਹ ਕਲੀਸਿਯਾਵਾਂ ਦੁਆਰਾ ਠੁਕਰਾਇਆ ਹੋਇਆ ਆਦਮੀ ਸੀ। ਅਹਾਬ ਅਤੇ ਈਜ਼ਬਲ ਉਹਨਾਂ ਚਰਚਾਂ ਦੇ ਹੈੱਡ ਸਨ :ਕਲੀਸਿਯਾ ਅਤੇ ਰਾਜ ਸਰਕਾਰ ਸੱਭ ਮਿਲੇ ਜੁਲੇ ਸਨ। ਅਤੇ ਏਲੀਯਾਹ ਨੇ ਅਹਾਬ ਤੇ ਉਸਦੇ ਪਾਪ ਪ੍ਰਗਟ ਕੀਤੇ ਸਨ ਅਤੇ ਏਲੀਯਾਹ ਨੇ ਸਾਰੀ ਕਲੀਸਿਯਾ ਨੂੰ ਸੱਚੇ ਵਚਨ ਵੱਲ ਵਾਪਿਸ ਮੁੜਨ ਦੀ ਆਗਿਆ ਦਿੱਤੀ ਸੀ।

355 ਕੀ ਇਹ ਬਿਲਕੁੱਲ ਉਸੇ ਤਰ੍ਹਾਂ ਨਹੀਂ ਹੈ ਜਦ ਦੂਸਰਾ ਏਲੀਯਾਹ ਇਹਨਾਂ ਦਿਨਾਂ ਵਿੱਚ ਇਸ ਕਲੀਸਿਯਾ ਦੇ ਕੋਲ ਆਵੇਗਾ : ਉਹ ਲੋਕਾਂ ਨੂੰ ਮੁੱਢਲੇ ਵਿਸ਼ਵਾਸ਼ ਦੇ ਵੱਲ ਫੇਰੇਗਾ। ਮੈਂ ਨਹੀਂ ਜਾਣਦਾ ਕਿ ਤੁਸੀਂ ਇਸ ਤੋਂ ਕਿਵੇਂ ਬਚ ਕੇ ਨਿੱਕਲ ਸਕੋਗੇ। ਇਹ ਸਹੀ ਗੱਲ ਹੈ। ਸੱਚੇ ਵਚਨ ਦੇ ਵੱਲ ਵਾਪਿਸ ਆ ਜਾਓ। ਇਹ ਠੀਕ ਹੈ।

356 ਹੁਣ ਜੇ ਤੁਸੀਂ ਉਹਨਾਂ ਦੀਆਂ ਲਾਸ਼ਾਂ ਨੂੰ ਵੇਖਣਾ ਚਾਹੁੰਦੇ ਹੋ ਤਾਂ ਆਓ ਅਸੀਂ ਪ੍ਰਕਾਸ਼ ਦੀ ਪੋਥੀ 19 ਕੱਢੀਏ ਜਦ ਵਚਨ ਉਹਨਾਂ ਨੂੰ ਮਾਰ ਦਿੰਦਾ ਹੈ। ਹੁਣ, ਵਚਨ ਉਹਨਾਂ ਨੂੰ ਮਾਰਨ ਜਾ ਰਿਹਾ ਹੈ। ਤੁਸੀਂ ਇਸਨੂੰ ਜਾਣਦੇ ਹੋ। ਹੁਣ ਤੁਸੀਂ ਬਸ ਧਿਆਨ ਦਿਓ ਕਿ ਜਦ ਮਸੀਹ ਪ੍ਰਕਾਸ਼ ਦੀ ਪੋਥੀ 19 ਬਾਬ ਵਿੱਚ ਆਉਂਦਾ ਹੈ ਤਾਂ ਕੀ ਹੁੰਦਾ ਹੈ, ਅਸੀਂ 17 ਆਇਤ ਤੋਂ ਸ਼ੁਰੂ ਕਰਾਂਗੇ।



39 ਅਤੇ ਤਦ, ਕੋਈ ਵੀ ਉਸ ਪੋਥੀ ਨਹੀਂ ਖੋਲ੍ਹ ਸੱਕਦਾ ਸੀ। ਕੋਈ ਵੀ ਉਸ ਕਿਤਾਬ ਦੇ ਬਾਰੇ ਵਿੱਚ ਕੁਝ ਨਹੀਂ ਸਮਝ ਸੱਕਦਾ ਸੀ। ਉਹ ਨਿਸਤਾਰੇ ਦੀ ਪੋਥੀ ਸੀ। ਅਤੇ ਪ੍ਰਮੇਸ਼ੁਰ ਪਿਤਾ ਜੋ ਕਿ ਆਤਮਾ ਹੈ ਉਸਦੇ ਹੱਥ ਵਿੱਚ ਇਹ ਛੁਟਕਾਰੇ ਦੀ ਪੋਥੀ ਸੀ ਕਿਉਂਕਿ ਮਸੀਹ ਸਿੰਘਾਸਣ ਤੇ ਵਿਚੋਲੇ ਦੇ ਰੂਪ ਵਿੱਚ ਸੀ। ਇਸ ਲਈ ਉਸ ਵੇਦੀ ਤੇ ਨਾ ਤਾਂ ਕੋਈ ਸੰਤ, ਨਾ ਮਰਿਯਮ, ਨਾ ਤਾਂ ਯੂਸਫ ਨਾ ਹੀ ਹੋਰ ਕੋਈ ਹੋ ਸੱਕਦਾ ਸੀ ਕਿਉਂਕਿ ਇਹ ਤਾਂ ਯਿਸੂ ਦਾ ਲਹੂ ਸੀ ; ਸਿਰਫ ਯਿਸੂ ਦਾ ਲਹੂ ਹੀ ਕਫਾਰਾ ਦੇ ਸੱਕਦਾ ਸੀ, ਇਸ ਲਈ ਕੋਈ ਵੀ ਹੋਰ ਉੱਥੇ ਵਿਚੋਲੇ ਦੇ ਰੂਪ ਵਿੱਚ ਖੜਾ ਨਹੀਂ ਹੋ ਸੱਕਦਾ ਸੀ। ਇਹ ਬਿਲਕੁੱਲ ਠੀਕ ਹੈ। ਉੱਥੇ ਹੋਰ ਕੋਈ ਨਹੀਂ ਸੀ।

40 ਇਸ ਲਈ ਇਹ ਸੱਭ ਵਿਚਾਰ ਕਿ ਰਾਜਨਿਤੀ ਲਈ ਸੰਤ ਯਹੂਦਾ ਵਿਚੋਲਗੀ ਦਾ ਕੰਮ ਕਰ ਰਿਹਾ ਹੈ, ਅਤੇ ਸੰਤ ਸਿਸੀਲੀਆ ਹੋਰ ਕੰਮਾਂ ਲਈ ਵਿਚੋਲਗੀ ਦਾ ਕੰਮ ਕਰ ਰਹੀ ਹੈ, ਇਹ ਨਿਰਾ ਬਕਵਾਸ ਹੈ। ਅਜਿਹਾ ਕੁਝ ਨਹੀਂ ਹੈ ....ਮੈਂ ਇਹ ਨਹੀਂ ਆਖਦਾ ਕਿ ਉਹ ਲੋਕ ਇਮਾਨਦਾਰ ਜਾਂ ਖਰੇ ਨਹੀਂ ਹਨ। ਜੇ ਤੁਸੀਂ ਇਸ ਤਰ੍ਹਾਂ ਕਰਦੇ ਹੋ ਤਾਂ ਮੈਂ ਇਹ ਨਹੀਂ ਕਹਿੰਦਾ ਕਿ ਤੁਸੀਂ ਅਜਿਹਾ ਕਰਨ ਵਿੱਚ ਇਮਾਨਦਾਰ ਨਹੀਂ ਹੋ। ਪ੍ਰੰਤੂ ਜੇ ਤੁਸੀਂ ਅਜਿਹਾ ਕਰਦੇ ਹੋ ਤਾਂ ਤੁਸੀਂ ਗਲਤ ਹੋ, ਤੁਸੀਂ ਵਫਾਦਾਰੀ ਦੇ ਨਾਲ ਗਲਤ ਹੋ। ਅਤੇ ਕੋਈ ਵੀ ਚੀਜ਼ ......

41 ਉਹ ਆਖਦੇ ਹਨ, " ਠੀਕ ਹੈ, :ਹ ਫਰਿਸ਼ਤਾ ਸੰਤ ਬੋਨੀਫਰ ਨੂੰ ਵਿਖਾਲੀ ਦਿੱਤਾ ਸੀ ਅਤੇ *ਇਹ* ਅਤੇ *ਉਹ* ਅਤੇ *ਹੋਰ ਕੁਝ* ਆਖਿਆ ਸੀ। ਅਤੇ ਉਹਨਾਂ ਨੂੰ *ਇਹ* ਕਹਿਣਾ ਚਾਹੀਦਾ ਹੈ। " ਮੇਰੇ ਦਿਮਾਗ ਵਿੱਚ ਇਸ ਲਈ ਜਰਾ ਵੀ ਸ਼ੱਕ ਨਹੀਂ ਹੈ ਕਿ ਕਿਸੇ ਨੇ ਦਰਸ਼ਣ ਵਿੱਚ ਕੀ ਵੇਖਿਆ ਸੀ। ਮੈਂ ਇਸ ਤੇ ਸ਼ੱਕ ਨਹੀਂ ਕਰਦਾ ਕਿ ਯੂਸਫ ਸਮਿੱਥ ਨੇ ਦਰਸ਼ਨ ਵਿੱਚ ਕੀ ਵੇਖਿਆ ਸੀ, ਪਰ ਇਹ ਬਾਕੀ ਦੇ ਵਚਨ ਦੇ ਅਨੁਸਾਰ ਨਹੀਂ ਸੀ। ਸੋ ਇਸ ਲਈ ਮੇਰੇ ਲਈ ਤਾਂ ਉਹ ਗਲਤ ਹੈ। ਸਮਝੇ? ਇਹਨੂੰ ਤਾਂ ਬਾਕੀ ਦੇ ਵਚਨ ਦੇ ਅਨੁਸਾਰ ਹੋਣਾ ਚਾਹੀਦਾ ਹੈ।

42 ਬਿਲਕੁੱਲ ਇਸੇ ਤਰ੍ਹਾਂ ਹੀ ਕਲੀਸਿਯਾ ਦੇ ਯੁੱਗਾਂ ਅਤੇ ਮੋਹਰਾਂ ਅਤੇ ਬਾਕੀ ਵਚਨ ਦੇ ਨਾਲ ਵੀ ਹੈ। ਅਤੇ ਜੇ ਕੋਈ ਆਖਦਾ ਹੈ ਕਿ ਉਸਦੇ ਕੋਲ ਸੱਤ ਗਰਜ਼ਾਂ ਦਾ ਪ੍ਰਕਾਸ਼ ਹੈ ਅਤੇ ਜੇ ਉਹ ਬਾਕੀ ਦੇ ਵਚਨ ਦੇ ਨਾਲ ਮੇਲ ਨਹੀਂ ਖਾਂਦਾ ਤਾਂ ਫਿਰ ਜਰੂਰ ਕੋਈ ਗਲਤੀ ਹੈ। ਸਮਝੇ? ਇਸਨੇ ਤਾਂ *ਯਹੋਵਾਹ ਇਉਂ ਫਰਮਾਉਂਦਾ ਹੈ* ਵਾਲੇ ਵਚਨ ਦੇ ਨਾਲ ਆਉਣਾ ਹੈ ਕਿਉਂਕਿ *ਇਹ* ਪੋਥੀ ਹੈ। ਇਹ ਤਾਂ ਆਪਣੀ ਪੂਰਨਤਾ ਵਿੱਚ ਯਿਸੂ ਮਸੀਹ ਦਾ ਪ੍ਰਕਾਸ਼ ਹੈ।

ਹੁਣ ਮੈਂ-ਮੈਂ ਨਿਹਚਾ ਕਰਦਾ ਹਾਂ ਕਿ ਤਦ ਲੇਲਾ ਅਗਾਂਹ ਆਇਆ।

43 ਉਹ ਨਹੀਂ ਸਨ ਜਾਣਦੇ। ਯੂਹੰਨਾ ਰੋ ਰਿਹਾ ਸੀ। ਅਤੇ ਉਹ ਕਿਸੇ ਨੂੰ ਵੀ ਸੁਰਗ ਵਿੱਚ ਜਾਂ ਧਰਤੀ ਉੱਤੇ ਨਹੀਂ ਲੱਭ ਸਕਿਆ ਕਿਉਂਕਿ ਸਾਰੇ ਖਾਈ ਦੇ ਉਸ ਪਾਸੇ ਪਾਪ ਵਿੱਚ ਸਨ। ਇੱਥੇ ਕੋਈ ਮਨੁੱਖ ਨਹੀਂ ਸੀ ਕਿ .....ਅਤੇ ਇੱਕ ਫਰਿਸ਼ਤਾ ਬੇਸ਼ੱਕ ਉਹ ਤਾਂ ਯੋਗ ਹੋਵੇਗਾ ਪਰ ਅਸਲ ਵਿੱਚ ਇੱਕ ਨੇੜੇ ਦੇ ਸਾਕ ਦਾ ਹੋਣਾ ਜਰੂਰੀ ਸੀ। ਇਸਨੂੰ ਤਾਂ ਮਨੁੱਖ ਹੋਣਾ ਜਰੂਰੀ ਸੀ। ਅਤੇ ਉੱਥੇ ਕੋਈ ਵੀ ਇਸ ਤਰ੍ਹਾਂ ਦਾ ਨਹੀਂ ਸੀ, ਕਿਉਂਕਿ ਹਰ ਇੱਕ ਮਨੁੱਖ ਕਾਮ ਵਾਸਨਾ ਦੇ ਦੁਆਰਾ ਜੰਮਿਆ ਹੈ।

44 ਉਸਨੂੰ ਤਾਂ ਸਿਰਫ ਉਹ ਹੀ ਲੈ ਸੱਕਦਾ ਸੀ ਜੋ ਕਿ ਕਾਮਵਾਸਨਾ ਦੀ ਇੱਛਿਆ ਤੋਂ ਬਿਨਾਂ ਜੰਮਿਆ ਹੋਇਆ ਹੋਵੇ। ਇਸ ਲਈ ਖੁਦ ਪ੍ਰਮੇਸ਼ੁਰ ਨੇ ਇਸ ਤਰ੍ਹਾਂ ਕੀਤਾ, ਉਸਨੇ ਇੱਕ ਕੁਆਰੀ ਤੋਂ ਜਨਮ ਲਿਆ ਅਤੇ ਇਮਾਨੂੰਏਲ ਬਣਿਆ। ਉਸਦਾ ਲਹੂ ਹੀ ਸਿਰਫ ਇੱਕ ਅਜਿਹਾ ਸੀ ਜੋ ਕਿ ਯੋਗ ਸੀ। ਅਤੇ ਫਿਰ ਉਸਨੇ ਆਪ ਜੀਵਨ ਰੇਖਾ ਦੀ ਇਸ ਖਾਈ ਨੂੰ ਪਾਰ ਕੀਤਾ ਅਤੇ ਮੁੱਲ ਤਾਰਿਆ ਅਤੇ ਬਾਕੀ ਲੋਕਾਂ ਲਈ ਰਾਹ ਤਿਆਰ ਕੀਤਾ ਅਤੇ ਫਿਰ ਉਹ ਵਿਚੋਲੇ ਦੇ ਰੂਪ ਵਿੱਚ ਪ੍ਰਮੇਸ਼ੁਰ ਦੇ ਸਿੰਘਾਸਣ ਦੇ ਕੋਲ ਜਾ ਬੈਠਾ। ਅਤੇ ਉਹ ਉੱਥੇ ਹੀ ਬੈਠਾ ਹੋਇਆ ਹੈ।

45 ਅਤੇ ਅਸਲ ਵਿੱਚ ਇਹ ਪੋਥੀ ਹਰ ਸਮੇਂ ਹੀ ਬੰਦ ਰਹੀ ਹੈ। ਇਹ ਪੋਥੀ ਬੰਦ ਹੀ ਰਹੀ ਹੈ ਪਰ ਇਹ ਹਮੇਸ਼ਾਂ ਪ੍ਰਤੀਕਾਂ ਵਿੱਚ ਹੈ। ਉਹਨਾਂ ਨੇ ਇਸਨੂੰ ਵੇਖਿਆ। ਯੂਹੰਨਾ ਨੇ ਵੀ ਇਸਨੂੰ ਵੇਖਿਆ। ਜਦ ਪਹਿਲੀ ਮੋਹਰ ਖੁੱਲ੍ਹੀ ਤਾਂ ਐਲਾਨ ਕੀਤਾ ਗਿਆ, ਉਹਨੇ ਕਿਹਾ, "ਇੱਕ ਚਿੱਟਾ ਘੋੜਾ ਨਿੱਕਲ ਕੇ ਗਿਆ,ਉਸਦੇ ਉੱਤੇ ਇੱਕ ਸਵਾਰ ਸੀ, ਉਸਦੇ ਹੱਥ ਵਿੱਚ ਕਮਾਣ ਸੀ। " ਇਹ ਤਾਂ ਸੰਕੇਤ ਅਥਵਾ ਚਿੰਨ੍ਹ ਹੈ। ਇਹ ਤਾਂ ਪ੍ਰਗਟ ਨਹੀਂ ਹੋਇਆ। ਨਹੀਂ ਜੀ। ਇਹ ਤਾਂ ਇੱਕ ਪ੍ਰਤੀਕ ਹੈ। ਅਤੇ ਜਿੱਥੋਂ ਤੱਕ ਕਿ ਧਰਤੀ ਤੇ ਕੋਈ ਆਦਮੀ ਹੈ, ਬਸ ਉਹ ਨਾ ਹੀ ਆਖ ਸੱਕਦਾ ਹੈ। ਇਹ ਠੀਕ ਹੈ। ਹੋ ਸੱਕਦਾ ਹੈ ਕਿ ਉਹ ਲੜਖੜਾਏ ਅਤੇ ਠੋਕਰ ਖਾ ਜਾਏ, ਅਤੇ ਕੋਈ ਸ਼ੱਕ ਨਹੀਂ ਕਿ ਥੋੜੀ ਦੇਰ ਬਾਦ *ਇੱਥੇ* ਜਾਂ *ਉੱਥੇ* ਜਾਂ ਕਿਤੇ ਟਕਰਾ ਸੱਕਦਾ ਹੈ।

46 ਪਰ ਇਸ ਤੋਂ ਬਾਦ ਅਸੀਂ ਪ੍ਰਕਾਸ਼ ਦੀ ਪੋਥੀ ਵਿੱਚ ਇਹ ਵੇਖਿਆ ਸੀ ਕਿ, " ਸੱਤਵੇਂ ਦੂਤ ਦੇ ਸੰਦੇਸ਼ ਦੇਣ ਦੇ ਦਿਨਾਂ ਵਿੱਚ ਇਸਦੇ ਸਾਰੇ ਭੇਤ ......ਉਸ ਸਮੇਂ ਤੱਕ ਪਹਿਲਾਂ ਹੀ ਪ੍ਰਗਟ ਹੋ ਜਾਣੇ ਚਾਹੀਦੇ ਹਨ। " ਇਹ ਪ੍ਰਕਾਸ਼ ਦੀ ਪੋਥੀ 10:7 ਹੈ, ਇਹ ਉਸ ਸਮੇਂ ਦੇ ਅਨੁਸਾਰ ਪ੍ਰਗਟ ਹੋ ਜਾਣਾ ਚਾਹੀਦਾ ਹੈ, ਉਸ ਸਮੇਂ ਜਦ ਉਹ ਸੰਦੇਸ਼ ਦੇਵੇਗਾ ਤਾਂ ਇਹਨੂੰ ਪ੍ਰਗਟ ਹੋ ਜਾਣਾ ਚਾਹੀਦਾ ਹੈ।

47 ਫਿਰ ਸੱਤ ਗਰਜਾਂ ਨੇ ਆਪਣੀਆਂ ਭੇਤ ਭਰੀਆਂ ਅਵਾਜ਼ਾਂ ਦਿੱਤੀਆਂ, ਅਤੇ ਯੂਹੰਨਾ ਲਿਖਣ ਵਾਲਾ ਸੀ। ਪ੍ਰੰਤੂ ਯੂਹੰਨਾ ਜਾਣਦਾ ਸੀ ਕਿ ਉਹ ਕੀ ਸੀ, ਪਰ ਯੂਹੰਨਾ ਨੇ ਉਸਨੂੰ ਨਹੀਂ ਲਿਖਿਆ ਸੀ, ਕਿਉਂਕਿ ਯੂਹੰਨਾ ਨੂੰ ਉਹ ਲਿਖਣ ਤੋਂ ਮਨ੍ਹਾਂ ਕੀਤਾ ਗਿਆ ਸੀ। ਇਹ ਸੱਤ ਗਰਜ਼ਾਂ ਦੇ ਸ਼ਬਦ ਪੂਰੀ ਤਰ੍ਹਾਂ ਇੱਕ ਭੇਤ ਹੈ। ਇਹ ਇੱਥੋਂ ਤੱਕ ਕਿ ਪ੍ਰਤੀਕ ਜਾਂ ਕਿਸੇ ਵੀ ਹੋਰ ਤਰ੍ਹਾਂ ਨਹੀਂ ਹੈ। ਅਸੀਂ ਸਿਰਫ ਜਾਣਦੇ ਹਾਂ ਕਿ ਉਹ ......ਗਰਜਾਂ ਦੇ ਸ਼ਬਦ ਕੀਤੇ, ਬਸ ਏਨਾ ਹੀ ਸੀ।

48 ਅਤੇ ਹੁਣ ਇਸਦਾ ਅਧਿਐਨ ਕਰਦੇ ਹੋਏ ਕਹ ਨਾ ਭੁੱਲਣਾ ਕਿ ਐਤਵਾਰ ਸਵੇਰ ਅਸੀਂ ਚੰਗਾਈ ਸਭਾ ਨੂੰ ਛੱਡ ਦਿੱਤਾ ਹੈ ਕਿਉਂਕਿ ਅਸਾਂ ਲੋਕਾਂ ਦੇ ਪ੍ਰਸ਼ਨਾਂ ਦੇ ਜਵਾਬ ਦੇਣੇ ਹਨ। ਹੁਣ ਵੇਖੋ ਕਿ ਜੇ ਤੁਸੀਂ ਇਨ੍ਹਾਂ ਸੱਤਾਂ ਮੋਹਰਾਂ ਤੇ ਕਿਸੇ ਪ੍ਰਸ਼ਨ ਨੂੰ ਪੁੱਛਣਾ ਚਹੁੰਦੇ ਹੋ ਜੋ ਤੁਹਾਨੂੰ ਪ੍ਰੇਸ਼ਾਨ ਕਰ ਰਿਹਾ ਹੈ ਜਾਂ ਜੇ ਕੋਈ ਗੱਲ ਤੁਹਾਡੀ ਸਮਝ ਵਿੱਚ ਨਹੀਂ ਆਉਂਦੀ ਤਾਂ ਤੁਸੀਂ ਉਹ ਪੁੱਛ ਸੱਕਦੇ ਹੋ। ਤਦ ਅਸੀਂ ਸੱਤਾਂ ਮੋਹਰਾਂ ਦੇ ਬਾਰੇ ਵਿੱਚ ਪ੍ਰਸ਼ਨ ਉੱਤਰ ਕਰਾਂਗੇ। ਤਦ ਤੁਸੀਂ ਵੇਖੋ, ਮੈਂ ਸ਼ਨੀਵਾਰ ਦੀ ਰਾਤ ਤੱਕ ਤੁਹਾਨੂੰ ਦੱਸ ਦੱਸਾਂਗਾ ਕਿ ਉਨ੍ਹਾਂ ਦਾ ਉੱਤਰ ਦੇਣਾ ਸੰਭਵ ਹੈ ਨਹੀਂ। ਅਤੇ ਤਦ ਹੁਣੇ ਕਿਸੇ ਗੱਲ ਨੂੰ ਕਹਿਣਾ ਚੰਗਾ ਹੋਵੇਗਾ ਜਾਂ "ਮੈਨੂੰ ਇਸਦੇ ਬਾਰੇ ਵਿੱਚ ਦੱਸਣਾ ਚਾਹੀਦਾ ?" ਜਾਂ-ਜਾਂ ਫਿਰ ਸੁਪਨਾ ਆਇਆ ਹੋਵੇਗਾ। ਹੁਣ ਯਾਦ ਰੱਖੋ, ਇਹ ਸੱਭ ਬਹੁਮੁੱਲੀਆਂ ਗੱਲਾਂ ਹਨ। ਇਹ ਯੋਗ ਗੱਲਾਂ ਹਨ। ਪਰ ਆਓ ਠੀਕ ਸੱਤਾਂ ਮੋਹਰਾਂ ਨਾਲ ਟਿਕੇ ਰਹੀਏ ਅਤੇ ਅਸੀਂ ਉਹਨਾਂ ਦੇ ਨਾਲ ਹੁਣ ਟਿਕੇ ਵੀ ਹੋਏ



343 ਕਾਲਾ ਘੋੜਾ; ਤਦ ਉਸਨੇ ਉਹਨਾਂ ਪ੍ਰਾਣਾਂ ਨੂੰ ਆਪਣੀ ਝੂਠੀ ਸਿੱਖਿਆ ਦਿੱਤੀ ਅਤੇ ਉਸਨੇ ਉਹਨਾਂ ਨੂੰ ਅਪਣੇ ਵਿਭਚਾਰ ਦੀਆਂ ਘਿਣਾਉਣੀਆਂ ਵਸਤੂਆਂ ਦਿੱਤੀਆਂ। ਅਤੇ ਉਸਨੇ ਇਹਨਾਂ ਦੇ ਰਾਹੀਂ ਉਹਨਾਂ ਦੇ ਭੋਜਨ ਦਾ ਮੁੱਲ ਲਗਾਇਆ ...ਅਤੇ ਵੇਚਿਆ ....ਅਤੇ ਉਹਨਾਂ ਨੇ ਭੋਜਨ ਦੇ ਤੋਲ ਦੇ ਲਈ ਦੀਨਾਰ ਅਤੇ ਵਗੈਰਾ ਵਗੈਰਾ ਦਿੱਤਾ।

344 ਚੋਥਾ, ਪੀਲਾ ਘੋੜਾ ; ਪ੍ਰਮੇਸ਼ੁਰ ਤੋਂ ਹਮੇਸ਼ਾਂ ਦੀ ਜੁਦਾਈ ਕਰਦਾ ਹੈ। ਔਹ ਮੇਰੇ ਪ੍ਰਭੂ!ਵੇਖੋ, ਫਿਰ ਚਾਰ। ਪ੍ਰਮੇਸ਼ੁਰ ਦੀ ਵਡਿਆਈ ਹੋਵੇ!

345 ਹੁਣ, ਅੰਤ ਵਿੱਚ ਇਸਦੇ ਖਾਤਮੇ ਦੇ ਵੇਖੋ ......ਉਹਨਾਂ ਦੇ ਲਈ .....ਕੀ ਤੁਸੀਂ ਸਮਝੇ ....ਮੈਂ ਸਮਾਂ ਪੂਰਾ ਕਰ ਚੁੱਕਾ ਹਾਂ। ਪ੍ਰੰਤੂ ਕੀ ਤੁਸੀਂ ਮੈਨੂੰ ਲੱਗ-ਭੱਗ ਦਸ ਮਿੰਟ ਹੋਰ ਦਿਓਗੇ? [ਸਭਾ ਆਖਦੀ ਹੈ, "ਆਮੀਨ। "-ਸੰਪਾ] ਇੱਥੇ ਬੋਲਣ ਲਈ ਮੈਨੂੰ ਕਈ ਫੂਨ ਆਏ ਸਨ।

346 ਏਲੀਯਾਹ ਦੇ ਸਮੇਂ ਵਿੱਚ ਬਹੁਤ ਜਿਆਦਾ ਕੱਟੜਵਾਦ ਸ਼ੁਰੂ ਹੋ ਗਿਆ ਸੀ ਕਿ ਉਸਨੇ ਬਸ ...... ਇਹ ਮੋਤ ਤੱਕ ਸੀ। ਅਤੇ ਤੁਸੀਂ ਸੱਕਦੇ ਹੋ ......ਪ੍ਰੰਤੂ ਜੇ ਇਹ ....ਬਸ ਪ੍ਰਮੇਸ਼ੁਰ ਮੇਰੀ ਉਹ ਵੇਖਣ ਵਿੱਚ ਸਹਾਇਤਾ ਕਰੇ ਜਿਸ ਤੇ ਮੈਂ ਧਿਆਨ ਲਗਾਇਆ ਹੋਇਆ ਹੈ ਕੀ ਤੁਸੀਂ ਵੀ ਲਗਾਇਆ ਹੋਇਆ ਹੈ? ਬਸ ਵੇਖਣ ਦਾ ਯਤਨ ਕਰੋ ?

347 ਹੁਣ ਆਖਰ ਵਿੱਚ ਇਹ ਗੱਲ ਉਹਨਾਂ ਲੋਕਾਂ ਲਈ ਹੈ ਜੋ ਇਸਦਾ ਵਿਸ਼ਵਾਸ਼ ਨਹੀਂ ਕਰਦੇ ਹਨ ਕਿ ਆਖਰੀ ਕਲੀਸਿਯਾ ਦਾ ਦੂਤ ਏਲੀਯਾਹ ਨਬੀ ਹੈ, ਉਹ ਉਸੇ ਹੀ ਕਤਾਰ ਦਾ ਮਸ੍ਹਾ ਕੀਤਾ ਹੋਇਆ ਆਦਮੀ ਹੈ।

348 ਮੋਤ ਤੋਂ ਬਾਦ ......ਧਿਆਨ ਦਿਓ। ਇਸ ਆਖਰੀ ਕਲੀਸਿਯਾ ਦੇ ਯੁੱਗ ਦੀ ਮੋਤ ਤੋਂ ਬਾਦ ......ਹੁਣ ਤੁਸੀਂ ਧਿਆਨ ਦਿਓ ਕੀ ਹੁੰਦਾ ਹੈ। ਸਮਝੇ?ਉਹਨਾਂ ਦੀ ਮੋਤ ਤੋਂ ਬਾਦ ਉਹਨਾਂ ਦੀਆਂ ਲਾਸ਼ਾਂ ਨੂੰ ਜੰਗਲੀ ਜਾਨਵਰਾਂ ਦੁਆਰਾ ਨਾਸ਼ ਕਰਵਾਇਆ ਗਿਆ ਸੀ। ਤੁਸੀਂ ਇਹ ਜਾਣਦੇ ਹੋ। ਹੁਣ ਇਹ ਸੱਚ ਹੈ। ਅਤੇ ਈਜ਼ਬਲ ਉਹਨਾਂ ਦੀ ਛਾਇਆ ਹੈ।

349 ਹੁਣ ਪ੍ਰਕਾਸ਼ ਦੀ ਪੋਥੀ 2:18-29 ਕੱਢੋ। ਮੇਰਾ ਵਿਸ਼ਵਾਸ਼ ਹੈ ਕਿ ਥੋੜੀ ਦੇਰ ਪਹਿਲਾਂ ਅਸੀਂ ਇਸਨੂੰ ਵੇਖ ਚੁੱਕੇ ਹਾਂ। ਕੀ ਅਸੀਂ ਇਸਨੂੰ ਨਹੀਂ ਵੇਖਿਆ ਸੀ? ਹਾਂ ਮੇਰਾ ਵਿਸ਼ਵਾਸ਼ ਹੈ ਕਿ ਅਸੀਂ ਇਸਨੂੰ ਵੇਖਿਆ ਸੀ। ਮੈਂ ਇੱਥੇ ਕੁਝ ......ਹਾਂ, ਉਹ ਨੈਤਿਕ ਪਤਨ ਦਾ ਸਮਾਂ ਸੀ। ਇਹੋ ਜਿਹਾ ਹੀ ਉਹ ਸਮਾਂ ਸੀ। ਵੇਖੋ ਕਿ ਇਹ ਕਿਵੇਂ ਸੀ .....ਕਿਵੇਂ ਈਜ਼ਬਲ ਅੰਦਰ ਆਈ ਸੀ....ਹੁਣ, ਈਜ਼ਬਲ ਨਾਮਧਾਰੀ ਕਲੀਸਿਯਾਵਾਂ ਹਨ, ਉਹ ਮਸੀਹ ਦੀ ਦੁਲਹਨ ਨਹੀਂ ਬਲਕਿ ਉਹ ਅਧੁਨਿਕ ਜੱਥੇਬੰਦੀਆਂ ਹਨ। ਪ੍ਰਮੇਸ਼ੁਰ ਦੇ ਵਚਨ ਮੁਤਾਬਿਕ ਪ੍ਰਕਾਸ਼ ਦੀ ਪੋਥੀ 2:18-20ਦੇ ਅਨੁਸਾਰ ਪੁਰਾਣੇ ਨੇਮ ਦੀ ਈਜ਼ਬਲ ਅੱਜ ਦੀਆਂ ਕਲੀਸਿਯਾਵਾਂ ਦਾ ਨਮੂਨਾ ਹੈ।

*.....ਤੂੰ ਉਸ ਤੀਵੀਂ ਈਜ਼ਬਲ ਨੂੰ ਜਿਹੜੀ ਆਪਣੇ ਆਪ ਨੂੰ ਨਬੀਆ ਕਰਕੇ ਦੱਸਦੀ ਹੈ ......*

350 ਵੇਖਿਆ ? ਕੀ ਇਹ ਠੀਕ ਹੈ? [ਸੰਗਤ ਆਖਦੀ ਹੈ, "ਆਮੀਨ। "-ਸੰਪਾ]ਹੁਣ, ਇਹ ਪੂਰਣ ਤੋਰ ਤੇ ਈਜ਼ਬਲ ਦੀ ਪ੍ਰਤੀਛਾਇਆ ਹੈ। ਹੁਣ ਸੱਭ ਤੋਂ ਪਹਿਲਾਂ .........

333 ਯਿਸੂ ਨੇ ਕਿਹਾ ਸੀ,"ਜੋ ਕੋਈ ਮੇਰੇ ਤੇ ਨਿਹਚਾ ਕਰਦਾ ਹੈ ਉਹ ਭਾਵੇਂ ਮਰ ਵੀ ਜਾਵੇ ਤਾਂ ਵੀ ਜੀਵੇਗਾ। " ਉਸਨੇ ਕਿਹਾ ਸੀ, "ਜੇ ਤੁਸੀਂ ਮੇਰੇ ਤੇ ਨਿਹਚਾ ਰੱਖਦੇ ਹੋ ਤਾਂ ਭਾਵੇਂ ਤੁਸੀਂ ਮਰ ਜਾਓ ਤਾਂ ਵੀ ਜੀਉਂਦੇ ਰਹੋਗੇ। ਅਤੇ ਜੋ ਕੋਈ ਜੀਉਂਦਾ ਹੈ ਅਤੇ ਮੇਰੇ ਤੇ ਨਿਹਚਾ ਕਰਦਾ ਹੈ ਉਹ ਕਦੇ ਨਹੀਂ ਮਰੇਗਾ। " ਅਤੇ ਉਸਨੇ ਫਿਰ ਕਿਹਾ, "ਉਹ ਜਿਹੜਾ ਮੇਰੇ ਤੇ ਨਿਹਚਾ ਕਰਦਾ ਹੈ ....."ਉਹ ਉਹਨੂੰ ਅਨੰਤ ਜੀਵਨ ਦੇਵੇਗਾ, ਉਹ ਉਸਨੂੰ ਅੰਤ ਦੇ ਦਿਨ ਜੀਉਂਦਾ ਉਠਾ ਲਵੇਗਾ। ਇਹ ਉਸਦਾ ਵਾਇਦਾ ਕੀਤਾ ਹੋਇਆ ਵਚਨ ਹੈ।

334 ਅਤੇ ਸ਼ੈਤਾਨ ਧਰਤੀ ਦੇ ਚਾਰੇ ਪਾਸਿਆਂ ਤੋਂ ਇਕੱਠੇ ਕੀਤੇ ਹੋਏ ਆਪਣੇ ਪੈਂਟੀਕਾਸਟਲਾਂ ਅਤੇ ਕੈਥੋਲਿਕਾਂ ਦੇ ਨਾਲ ਆ ਰਿਹਾ ਹੈ ਅਤੇ ਉਹ ਸੱਭ ਇਕੱਠੇ ਹੋ ਕੇ ਹਰਮਗਿੱਦੋਨ ਦੇ ਯੁੱਧ ਲਈ ਅਗਾਂਹ ਆ ਰਹੇ ਹਨ। ਇਹ ਠੀਕ ਹੈ।

335 ਅਤੇ ਯਿਸੂ ਜੋ ਕਿ ਪ੍ਰਮਾਣਿਤ ਵਚਨ ਹੈ ਦੁਬਾਰਾ ਜੀ ਉੱਠੇ ਹੋਏ ਆਪਣੇ ਸੰਤਾਂ ਦੇ ਨਾਲ ਸੁਰਗ ਤੋਂ ਥੱਲੇ ਆਉਂਦਾ ਹੈ।

336 ਜਿਵੇਂ ਮੈਂ ਕਿਹਾ ਸੀ ਕਿ, "ਜੇ ਪ੍ਰਮੇਸ਼ੁਰ ਕਹਿੰਦਾ ਹੈ ਜਾਂ ਤੁਹਾਨੂੰ ਭੇਜਦਾ ਹੈ ਤਾਂ ਉਹ ਉਸਨੂੰ ਸਾਬਤ ਕਰਦਾ ਹੈ। " ਸਮਝੇ, ਵੇਖਿਆ ?ਧਿਆਨ ਦਿਓ, ਜੇ ਤੁਸੀਂ ਸੁਰਗ ਦੇ ਰਾਜਦੂਤ ਹੋ ਤਾਂ ਸਾਰਾ ਸੁਰਗ ਤੁਹਾਡੇ ਪਿੱਛੇ ਹੈ। ਅਤੇ ਸੁਰਗ ਵਚਨ ਦੇ ਨਾਲ ਬਣਿਆ ਹੈ।

337 ਹੁਣ ਧਿਆਨ ਦਿਓ, ਉਹ ਜੀ ਉੱਠੇ ਸੰਤਾਂ ਦੇ ਨਾਲ ਆਉਂਦਾ ਹੈ ਜੋ ਇਸ ਗੱਲ ਨੂੰ ਸਾਬਤ ਕਰਦੇ ਹਨ ਕਿ ਉਸਦਾ ਵਚਨ ਸੱਚਾ ਹੈ।

338 ਅਤੇ ਸ਼ੈਤਾਨ ਵੀ ਜਾਣਦਾ ਹੈ ਕਿ ਅਥਾਹ ਕੁੰਡ ਉਸਦੇ ਲਈ ਤਿਆਰ ਹੈ। ਸਮਝੇ? ਹੇ ਮੇਰੇ ਖੁਦਾ। ਜਦਕਿ ਮੌਤ ਪੀਲੇ ਘੋੜੇ ਤੇ ਸਵਾਰ ਹੈ ਮਿਲੇ-ਜੁਲੇ ਅਕੀਦੇ ਅਤੇ ਮਿਸ਼ਨਾਂ ਉਸਦੇ ਪਿੱਛੇ-ਪਿੱਛੇ ਪ੍ਰਮੇਸ਼ੁਰ ਨਾਲ ਸਦੀਪਕ ਜੁਦਾਈ ਲਈ ਚਲੇ ਜਾ ਰਹੇ ਹਨ। ਇੱਥੇ ਹੀ ਉਹ ਉਹਨਾਂ ਨੂੰ ਲਈ ਜਾਂਦਾ ਹੈ। ਉਹ ਉਹਨਾਂ ਨੂੰ ਪ੍ਰਮੇਸ਼ੁਰ ਕੋਲੋਂ ਹਮੇਸ਼ਾਂ ਦੀ ਜੁਦਾਈ ਲਈ ਲੈ ਕੇ ਜਾ ਰਿਹਾ ਹੈ। ਮਸੀਹ ਆਪਣੀ ਕਲੀਸਿਯਾ ਨੂੰ ਜੀ ਉੱਠਣ ਵਿੱਚ ਅਰ ਮਹਿਮਾਂ ਵਿੱਚ ਲੈ ਕੇ ਜਾ ਰਿਹਾ ਹੈ।

339 ਹੁਣ ਤੁਸੀਂ ਅੱਠ ਆਇਤ ਦੇ ਆਖਰ ਤੇ ਧਿਆਨ ਦਿਓ ਜਦ ਕਿ ਅਸੀਂ ਖਤਮ ਕਰ ਰਹੇ ਹਾਂ।

*.....ਉਹਨਾਂ ਨੂੰ ਇਖਤਿਆਰ ਦਿੱਤਾ ਗਿਆ .....*

340 ਉਹ ਕੋਣ ਹਨ? ਵੇਖੋ? ਠੀਕ ਹੈ। ਮਸੀਹ ਵਿਰੋਧੀ ਮੌਤ ਸਦਾਉਂਦਾ ਹੈ; ਪਤਾਲ ਉਸਦੇ ਪਿੱਛੇ-ਪਿੱਛੇ ਹੈ। ਉਸਦੇ ਚਾਰ ਸੂਤਰੀ ਕੰਮ ਨੂੰ ਵੇਖੋ।

341 ਮਸੀਹ ਵਿਰੋਧੀ, ਚਿੱਟੇ ਘੋੜੇ ਤੇ ਸਵਾਰ ਹੁੰਦਾ ਹੈ, ਤਾਂ ਉਹ ਆਤਮਾ ਨਾਲ ਮਾਰਦਾ ਹੈ, ਉਹ ਮਸੀਹ ਵਿਰੋਧੀ ਹੋਣ ਕਾਰਨ ਆਤਮਿਕ ਰੂਪ ਨਾਲ ਮਾਰਦਾ ਹੈ।

342 ਨੰਬਰ ਦੋ, ਜਦ ਉਹ ਲਾਲ ਘੋੜੇ ਤੇ ਸਵਾਰ ਹੈ ;ਤਲਵਾਰ ਦੇ ਨਾਲ ਘਾਤ ਕਰਦਾ ਹੈ; ਜਦ ਕਲੀਸਿਯਾ ਅਤੇ ਰਾਜ ਮਿਲ ਜਾਂਦੇ ਹਨ, ਰਾਜਨਿਤਕ ਸ਼ਕਤੀ।



ਹਾਂ। ਅਤੇ ਇਹ ਸੰਗਤੀ ਵੀ ਸੱਤਾਂ ਮੋਹਰਾਂ ਦੇ ਲਈ ਹੀ ਮਿੱਥੀ ਗਈ ਹੈ। ਆਓ ਠੀਕ ਇਹਦੇ ਨਾਲ ਟਿਕੇ ਰਹੀਏ।

49 ਮੈਂ ਘਰ ਜਾਣਾ ਹੈ ਅਤੇ ਮੈਂ ਪੱਛਮ ਵਿੱਚ ਕੁਝ ਬੰਦਗੀਆਂ ਕਰਨੀਆਂ ਹਨ। ਤੇ ਮੈਂ ਫਿਰ ਇੱਕ ਮਹੀਨੇ ਬਾਦ ਜਾਂ ਦੋ ਮਹੀਨੇ ਬਾਦ ਜਾਂ ਕੁਝ ਹੋਰ ਸਮੇਂ ਦੇ ਬਾਦ ਜਾਂ ਕੁਝ ਏਨੇ ਹੀ ਦਿਨਾਂ ਦੇ ਬਾਦ ਵਾਪਸ ਇੱਥੇ ਆਵਾਂਗਾ, ਅਰ ਹੋ ਸੱਕਦਾ ਹੈ ਕਿ ਪ੍ਰਭੂ ਸਾਨੂੰ ਇਹ ਇਜਾਜ਼ਤ ਦੇਵੇ ਕਿ ਅਸੀਂ ਉਸ ਤੇ ਕੁਝ ਕਰ ਸਕੀਏ ਜਾਂ ਫਿਰ ਚੰਗਾਈ ਸਭਾ ਜਾਂ ਕੁਝ ਹੋਰ ਕਰ ਸਕੀਏ ਜਾਂ ਇਹ ਜੋ ਕੁਝ ਵੀ ਹੈ ਅਸੀਂ ਉਸ ਨੂੰ ਕਰ ਸਕੀਏ।

50 ਤੁਸੀਂ ਵੇਖੋ, ਤਦ ਸਾਡੇ ਕੋਲ ਸੱਤ ਤੁਰ੍ਹੀਆਂ ਹਨ ਜਿਨ੍ਹਾਂ ਨੇ ਇਸਦੇ ਬਾਦ ਹਾਲੇ ਆਉਣਾ ਹੈ। ਅਤੇ ਇਹ ਸਾਰੀਆਂ ਵੀ ਉਸੇ ਦੇ ਵਿੱਚ ਹੀ ਆਉਣੀਆਂ ਹਨ। ਅਤੇ ਉਹਨਾਂ ਸੱਤ ਕ੍ਰੋਧ ਦੇ ਕਟੋਰਿਆਂ ਨੂੰ ਦੇਖਣਾ ਹੈ ਜੋ ਉਲੱਦੇ ਜਾਣੇ ਹਨ। ਇਹ ਸਾਰੇ ਇੱਕ ਦੂਸਰੇ ਦੇ ਨਾਲ ਜੁੜੇ ਹੋਏ ਹਨ, ਪ੍ਰੰਤੂ ਹਾਲੇ ਤੱਕ ਇਹ ਸੱਭ ਭੇਤ ਹਨ।

51 ਹੁਣ ਪਿਛਲੀ ਰਾਤ .....ਅਸੀਂ ਪਤਾ ਲਾਇਆ ਕਿ ਪਹਿਲੀ ਮੋਹਰ ਖੁੱਲ੍ਹੀ, ਅਤੇ ਸਵਾਰ ......ਅਤੇ ਪ੍ਰਭੂ ......ਮੇਰੀ ਮੱਦਦ ਕੀਤੀ, ਮੈਂ ਪਹਿਲਾਂ ਇਸ ਮੋਹਰ ਦੇ ਬਾਰੇ ਵਿੱਚ ਕਦੇ ਕੁਝ ਨਹੀਂ ਜਾਣਦਾ ਸਾਂ। ਮੈਂ ਪਹਿਲਾਂ ਇਸ ਵਿੱਚ ਇੱਕ ਵੀ ਗੱਲ ਨਹੀਂ ਜਾਣਦਾ ਸੀ। ਇਹ ਸੱਚ ਹੈ। ਮੈਂ ਇਹਦੇ ਬਾਰੇ ਵਿੱਚ ਕੁਝ ਨਹੀਂ ਜਾਣਦਾ ਸੀ।

52 ਮੈਂ ਬਸ ਉੱਥੇ ਬਾਹਰ ਗਿਆ ਅਤੇ ਆਪਣੀ ਬਾਈਬਲ ਲਈ ਅਤੇ ਥੱਲੇ ਬੈਠ ਗਿਆ ਅਤੇ ਮੈਂ ਉੱਥੇ ਤਦ ਤੱਕ ਬੈਠਾ ਰਿਹਾ ਜਦ ਤੱਕ ਕਿ ਇਸਨੂੰ ਉਸ ਤਰ੍ਹਾਂ ਨਹੀਂ ਤੋੜਿਆ ਗਿਆ। ਮੈਂ ਬਸ ਆਪਣੀ ਕਲਮ ਚੁੱਕੀ ਅਤੇ ਲਿਖਣਾ ਸ਼ੁਰੂ ਕਰ ਦਿੱਤਾ। ਅਤੇ ਮੈਂ ਬਸ ਉੱਥੇ ਹੀ ਬੈਠਾ ਰਿਹਾ, ਹੋ ਸੱਕਦਾ ਹੈ ਕਿ ਘੰਟਿਆਂ ਬੱਧੀ ਬੈਠਾ ਰਿਹਾ ਜਦ ਤੱਕ ਕਿ ਇਹਦਾ ਖੋਲ੍ਹਿਆ ਜਾਣਾ ਖਤਮ ਨਹੀਂ ਹੋ ਗਿਆ।

53 ਇਸ ਤੋਂ ਬਾਦ ਮੈਂ ਵਾਪਸ ਗਿਆ ਅਤੇ ਮੈਂ ਇਹਦੀ ਖੋਜ਼ ਪੜਤਾਲ ਕੀਤੀ ਕਿ ਵੇਖਾਂ ਕਿ ਇਹ ਉਸਨੇ ਕਿੱਥੇ ਕਿਹਾ ਹੈ। ਮੈਂ ਸੋਚਿਆ, " ਠੀਕ ਹੈ, ਇਹ ਤਾਂ ਇਸ ਤਰ੍ਹਾਂ ਲੱਗਦਾ ਹੈ ਕਿ ਮੈਂ ਇਹਨੂੰ ਕਿਤੇ ਵੇਖਿਆ ਹੈ। " ਅਤੇ ਮੈਂ ਬਾਈਬਲ ਦੀ ਸ਼ਬਦ ਸੂਚੀ ਲਈ ਤਾਂ ਕਿ ਵਚਨ ਵਿੱਚ ਪਿਛਲੀਆਂ ਗੱਲਾਂ ਨੂੰ ਵੇਖਾਂ ਕਿ " ਕੀ ਅਜਿਹਾ ਕੁਝ ਹੈ? ਅਤੇ ਇਹ ਉੱਥੇ ਪਿੱਛੇ ਹੈ। ਅਤੇ ਫਿਰ ਇਹ ਇੱਥੇ ਹੈ। ਅਤੇ ਇਹ ਉੱਥੇ ਪਿੱਛੇ ਹੈ, ਅਤੇ ਇੱਥੇ ਥੱਲੇ ਅਤੇ ਇੱਥੇ ਉੱਪਰ ਹੈ। " ਫਿਰ ਮੈਂ ਇਸਨੂੰ ਠੀਕ ਢੰਗ ਨਾਲ ਲੜੀਵਾਰ ਕੀਤਾ। ਮੈਂ ਜਾਣਦਾ ਹਾਂ ਕਿ ਇਹ ਖੁਦਾ ਹੈ ਜਿੰਨੀ ਦੇਰ ਤੱਕ ਵਚਨ ਦੇ ਨਾਲ ਵਚਨ ਮੇਲ ਖਾ ਰਿਹਾ ਹੈ, ਇਹ ਖੁਦਾ ਹੈ ਜਿਹੜਾ ਮੈਨੂੰ ਇਸਦੇ ਬਾਰੇ ਵਿੱਚ ਦੱਸ ਰਿਹਾ ਹੈ। ਇਸਨੂੰ ਕਰਨ ਦਾ ਇਹ ਹੀ ਇੱਕ ਢੰਗ ਹੈ। ਜਿਵੇਂ ਕਿਸੇ ਇਮਾਰਤ ਦਾ ਨਿਰਮਾਣ ਕੀਤਾ ਜਾਂਦਾ ਹੈ ਉਸ ਵਿੱਚ ਪੱਥਰਾਂ ਨੂੰ ਇੱਕ ਦੂਸਰੇ ਨਾਲ ਮਿਲਾਇਆ ਜਾਂਦਾ ਹੈ ਪੱਥਰ ਨਾਲ ਪੱਥਰ ਮਿਲਾਇਆ ਜਾਂਦਾ ਹੈ।

54 ਹੁਣ, ਪਿਛਲੀ ਰਾਤ ਅਸੀਂ ਤੀਸਰੀ ਮੋਹਰ ਦਾ ਖੁੱਲ੍ਹਣਾ ਆਪਣੇ ਵਿਚਕਾਰ ਵੇਖਿਆ ਸੀ। ਪਹਿਲਾ ਚਿੱਟਾ ਘੋੜਾ ਸੀ, ਅਤੇ ਉਸ ਤੋਂ ਅਗਲਾ ਘੋੜਾ ਲਾਲ ਸੀ ਅਤੇ ਉਸ ਤੋਂ ਅਗਲਾ ਘੋੜਾ ਕਾਲਾ ਸੀ। ਅਤੇ ਅਸੀਂ ਵੇਖਿਆ ਕਿ ਉਹ ਘੋੜਸਵਾਰ ਇੱਕ ਹੀ ਸੀ। ਸਾਰੇ ਸਮੇਂ ਇੱਕ ਹੀ ਘੋੜਸਵਾਰ ਸੀ

ਅਤੇ ਇਹ ਘੋੜ ਸਵਾਰ ਸ਼ੁਰੂ ਤੋਂ ਹੀ ਮਸੀਹ ਵਿਰੋਧੀ ਸੀ। ਉਸਦੇ ਕੋਲ ਮੁਕਟ ਨਹੀਂ ਸੀ, ਪਰ ਬਾਦ ਵਿੱਚ ਉਸਨੂੰ ਮੁਕਟ ਮਿਲਦਾ ਹੈ। ਅਤੇ ਇਸ ਤੋਂ ਬਾਦ ਅਸੀਂ ਵੇਖਿਆ ਸੀ ਕਿ ਉਸਨੂੰ ਇੱਕ ਤਲਵਾਰ ਦਿੱਤੀ ਗਈ ਸੀ, ਤਾਂ ਕਿ ਉਹ ਧਰਤੀ ਉੱਤੋਂ ਸੁਲਾਹ ਨੂੰ ਚੁੱਕ ਲਵੇ ਅਤੇ ਅਸੀਂ ਵੇਖਿਆ ਸੀ ਕਿ ਉਸਨੇ ਇਸੇ ਤਰ੍ਹਾਂ ਹੀ ਕੀਤਾ। ਇਸ ਤੋਂ ਬਾਦ ਅਸੀਂ ਵੇਖਿਆ ਸੀ ਕਿ ਉਹ ਕਲੀਸਿਯਾ ਨੂੰ ਪੈਸੇ ਦੇਣ ਦੇ ਸਿਧਾਤਾਂ ਰਾਹੀਂ ਅੰਦਰ ਆਣ ਵੜਿਆ, ਉਹ ਇਸਦੇ ਲਈ ਇੱਕ ਅਠੰਨੀ ਤੋਲਦਾ ਹੈ ਅਤੇ ਉਸਦੇ ਲਈ ਇੱਕ ਦੋ ਅਠੰਨੀ ਤੋਲਦਾ ਹੈ। ਪਰ ਉਸਨੂੰ ਤੇਲ ਅਤੇ ਦਾਖਰਸ ਦਾ ਵਿਗਾੜ ਕਰਨ ਤੋਂ ਮਨ੍ਹਾਂ ਕੀਤਾ ਗਿਆ ਜੋ ਕਿ ਬਹੁਤ ਹੀ ਥੋੜੀ ਮਾਤਰਾ ਵਿੱਚ ਬਾਕੀ ਰਹਿ ਗਈ ਸੀ।

55 ਅਤੇ ਤਦ ਪਿਛਲੀ ਰਾਤ ਅਸੀਂ ਇਸ ਉਦਾਰਨ ਨਾਲ ਇੱਥੋਂ ਬਾਹਰ ਨਿੱਕਲੇ ਸਾਂ ਕਿ ਤੇਲ ਅਤੇ ਦਾਖਰਸ ਕੀ ਸੀ ਅਤੇ ਇਸਦੇ ਕੀ ਪ੍ਰਭਾਵ ਸਨ। ਅਤੇ ਅਸੀਂ .....ਭਾਵੇਂ ਕਿ ਇਹ ਭੱਦਾ ਜਾਪਿਆ ਹੋਵੇ ਪ੍ਰੰਤੂ ਮੈਂ ......ਪਰ ਇਹ ਸੰਪੂਰਨ ਸੱਚ ਹੈ। ਹੁਣ ਵੇਖੋ ਅਸੀਂ ਛੱਡਿਆ ਸੀ .....ਆਓ ਅਸੀਂ ਥੋੜੀ ਦੇਰ ਲਈ ਇਸ ਤੇ ਦੁਬਾਰਾ ਵਿਚਾਰ ਕਰੀਏ। ਅਤੇ ਤੀਸਰੀ ਮੋਹਰ ਨੂੰ ਤੇਲ ਕੀ ਦਰਸਉਂਦਾ ਹੈ ਅਤੇ ਦਾਖਰਸ ਦੀ ਸ਼ਕਤੀ ਦੇ ਉੱਤੇ ਛੱਡ ਗਏ ਸਾਂ। ਹੁਣ ਮੇਰਾ ਅੰਦਾਜ਼ਾਂ ਹੈ ਕਿ ਤੁਸੀਂ ਸਾਰਿਆਂ ਨੇ ਇਹ ਲਿਖ ਲਿਆ ਹੋਵੇਗਾ। ਜੇਕਰ ਤੁਸੀਂ ਨਹੀਂ ਲਿਖਿਆ ਤਾਂ ਤੁਹਾਨੂੰ ਇਹ ਟੇਪ ਤੇ ਮਿਲ ਜਾਵੇਗਾ। ਅਤੇ ਤੁਸੀਂ ਜਾਣ ਸੱਕਦੇ ਹੋ ਕਿ ਇਸਦੇ ਬਾਰੇ ਵਿੱਚ ਲਿਖਤਾਂ ਵਿੱਚ ਕਿੱਥੇ-ਕਿੱਥੇ ਲਿਖਿਆ ਹੈ। ਤੇਲ ਹਮੇਸ਼ਾਂ ਪਵਿੱਤਰ ਆਤਮਾ ਨੂੰ ਦਰਸਾਉਂਦਾ ਹੈ। ਜਿਵੇਂ ਕਿ ਮੂਰਖ ਕੁਆਰੀਆਂ ਕੋਲ ਤੇਲ ਨਹੀਂ ਸੀ ਅਤੇ ਚਤਰ ਕੁਆਰੀਆਂ ਕੋਲ ਤੇਲ ਸੀ ਜੋ ਕਿ ਪਵਿੱਤਰ ਆਤਮਾ ਹੈ। ਅਤੇ ਫਿਰ ਅਸੀਂ ਪੁਰਾਣੇ ਨੇਮ ਵਿੱਚ ਵੇਖਿਅ ਸੀ ਕਿ ਨਬੀਆਂ ਅਤੇ ਹੋਰ ਹੋਰ ਦੇ ਅੰਦਰ ਸੀ। ਅਤੇ ਹੁਣ ਮੈਂ......

56 ਅਸਲ ਵਿੱਚ ਮੈਂ ਹਰੇਕ ਲਿਖਤ ਨੂੰ ਖਿੱਚਣ ਦਾ ਯਤਨ ਤਾਂ ਨਹੀਂ ਕਰ ਰਿਹਾ ਹਾਂ ਅਤੇ ਬਹੁਤ ਸਾਰੀਆਂ ਅਜਿਹੀਆਂ ਗੱਲਾਂ ਹੁੰਦੀਆਂ ਹਨ ਜਿਹਨਾਂ ਦੇ ਬਾਰੇ ਵਿੱਚ ਤੁਸੀਂ ਬੋਲ ਵੀ ਨਹੀਂ ਸੱਕਦੇ ਹੋ ਕਿਉਂਕਿ ਉਹ ਬਹੁਤ ਹੀ ਸਮਾਂ ਲੈਂਦੀਆਂ ਹਨ। ਪ੍ਰੰਤੂ ਇੱਥੇ ਮੈਂ ਯਤਨ ਕੀਤਾ ਹੈ ਕਿ ਇਹਨਾਂ ਮੋਹਰਾਂ ਦੇ ਬਾਰੇ ਵਿੱਚ ਵਚਨ ਦੀਆਂ ਲਿਖਤਾਂ ਅਤੇ ਹੋਰ ਦੂਸਰੀਆਂ ਗੱਲਾਂ ਨਾਲ ਸਮਝਾਵਾਂ, ਤਾਂ ਕਿ ਲੋਕ ਇਹਦੇ ਰਾਹੀਂ ਉਹ ਜਾਣ ਲੈਣਗੇ ਅਤੇ ਇਹਦੀ ਤਸਵੀਰ ਵੇਖ ਲੈਣਗੇ। ਪ੍ਰੰਤੂ ਜੇ ਤੁਸੀਂ ਉਨ੍ਹਾਂ ਮੋਹਰਾਂ ਵਿੱਚੋਂ ਕਿਸੇ ਇੱਕ ਮੋਹਰ ਨੂੰ ਹੀ ਲੈ ਕੇ ਬੈਠ ਜਾਓ ਤਾਂ ਇੱਕ-ਇੱਕ ਮਹੀਨੇ ਤੱਕ ਹਰ ਰਾਤ ਉਸੇ ਮੋਹਰ ਤੇ ਉਪਦੇਸ਼ ਦੇ ਸੱਕਦੇ ਹੋ, ਅਤੇ ਤਾਂ ਵੀ ਤੁਸੀਂ ਉਸ ਨੂੰ ਛੂਹ ਵੀ ਨਹੀਂ ਸੱਕਦੇ ਹੋ, ਉਹਨਾਂ ਵਿੱਚੋਂ ਇੱਕ ਤੇ ਹੀ ਤੁਹਾਨੂੰ ਇੰਨਾ ਟਾਇਮ ਲੱਗ ਜਾਵੇਗਾ। ਅਤੇ ਇਸ ਤਰ੍ਹਾਂ ਇੱਕ ਹੀ ਮੋਹਰ ਤੇ ਕਹਿਣ ਲਈ ਬਹੁਤ ਕੁਝ ਹੈ। ਪ੍ਰੰਤੂ ਅਸੀਂ ਇਸ ਦੀਆਂ ਸਿਰਫ ਮੁੱਖ-ਮੁੱਖ ਗੱਲਾਂ ਹੀ ਲੈ ਰਹੇ ਹਾਂ -ਤਾਂ ਤੁਸੀਂ ਵੇਖ ਸੱਕਦੇ ਹੋ ਕਿ ਇਹਦੇ ਬਾਰੇ ਵਿੱਚ ਕੀ ਕੁਝ ਹੈ।

57 ਹੁਣ, ਜਿਵੇਂ ਤੇਲ ਪਵਿੱਤਰ ਆਤਮਾ ਨੂੰ ਦਰਸਾਉਂਦਾ ਹੈ। ਫਿਰ ਅਸੀਂ ਪਤਾ ਲਾਇਆ ਕਿ ਤੇਲ ਅਤੇ ਦਾਖਰਸ ਭਗਤੀ ਦੇ ਨਾਲ ਸਬੰਧਿਤ ਹਨ, ਵੇਖੋ ਇਹ ਹਮੇਸ਼ਾਂ ਉਪਾਸਨਾ ਦੇ ਨਾਲ ਹੀ ਸਬੰਧਿਤ ਹਨ।

58 ਜਿਹਾ ਕਿ ਪ੍ਰਕਾਸ਼ ਮੈਨੂੰ ਮਿਲਿਆ ਸੀ, ਉਸੇ ਦੇ ਅਧਾਰ ਤੇ ਮੈਂ ਕਿਹਾ ਸੀ ਕਿ ਅਸੀਂ ਵੇਖਿਆ ਸੀ ਕਿ ਦਾਖਰਸ ਦਰਸਾਉਂਦਾ ਹੈ ਕਿ ਇਹ ਸਮਰੱਥ ਸੀ। ਸਮਝੇ? ਅਤੇ ਇਹ ਸਮਰੱਥ ਤਦ ਮਿਲਦੀ



327 ਅਤੇ ਜਦੋਂ .......ਜੇ ਉਹ ਚਿੱਟਾ ਘੋੜਾ ਹੈ ਅਤੇ ਉਹ ਵਚਨ ਹੈ ਤਾਂ ਵਚਨ ਵਿਚ ਕੁਝ ਵੀ ਮਿਲਾਉਣਾ, ਵਚਨ ਵਿੱਚ ਕਿਸੇ ਤਰ੍ਹਾਂ ਦਾ ਕੋਈ ਅਕੀਦਾ ਮਿਲਾਉਣਾ ਜਾਂ ਉਸ ਵਿੱਚ ਇੱਕ ਸ਼ਬਦ ਵੀ ਜੋੜਨਾ ਜਾਂ ਉਸ ਵਿੱਚੋਂ ਇੱਕ ਸ਼ਬਦ ਵੀ ਕੱਢਣਾ, ਸੰਪੂਰਣ ਵਚਨ ਨੂੰ ਬਿਗਾੜ ਦੇਣਾ ਹੈ। ਹੇ ਮੇਰੇ ਪ੍ਰਭੂ !ਮੈਨੂੰ ਵਚਨ ਦੇ ਨਾਲ ਖੜ੍ਹਾ ਰੱਖ !

328 ਸੱਚ ਅਤੇ ਗਲਤ ......ਹੇ ਮੇਰੇ ਪ੍ਰਭੂ !ਕੋਈ ਗੱਲ ਨਹੀਂ ਕਿ ਇਹ ਕੇਡਾ ਸਹੀ ਹੈ ........ਸੱਚ ਅਤੇ ਝੂਠ ਆਪਸ ਵਿੱਚ ਮਿਲ ਨਹੀਂ ਸੱਕਦੇ ਹਨ। ਇਹ ਮਿਲ ਹੀ ਨਹੀਂ ਸੱਕਦੇ ਹਨ। ਜਾਂ ਫਿਰ ਇਹ *ਯਹੋਵਾਹ ਇੰਝ ਫਰਮਾਉਂਦਾ* ਵਾਲਾ ਵਚਨ ਹੈ ਜਾਂ ਫਿਰ ਇਹ ਸਾਰਾ ਗਲਤ ਹੈ। ਇਸਦੇ ਨਾਲ ਕੋਈ ਮਤਲਬ ਨਹੀਂ ਹੈ ਕਿ ਸੰਤ ਬੋਨੀਫਰ ਨੇ ਜਾਂ ਕੈਂਟਰਬਰੀ ਦੇ ਆਰਕ ਬਿਸ਼ਪ ਨੇ ਕੀ ਕਿਹਾ ਹੈ। ਮੈਂ ਨਹੀਂ ਜਾਣਦਾ ਹਾਂ ਕਿ ਇਹ ਕਿਸਨੇ ਕਿਹਾ ਹੈ ਪਰ ਜੇ ਇਹ ਪ੍ਰਮੇਸ਼ੁਰ ਦੇ ਵਚਨ ਦੇ ਵਿਰੁੱਧ ਹੈ ਤਾਂ ਇਹ ਗਲਤ ਹੈ। ਇਹ ਮਿਲਾਵਟ ਨਹੀਂ ਹੋ ਸੱਕਦਾ ਹੈ। ਕੋਈ ਕਹਿੰਦਾ ਹੈ, "ਕਿਉਂ ਇਸ ਆਦਮੀ ਨੇ ਕੀਤਾ। ਮੈਂ ਇਹਦੀ ਪ੍ਰਵਾਹ ਨਹੀਂ ਕਰਦਾ ਹਾਂ ਕਿ ਉਸਨੇ ਕੀ ਕੀਤਾ ਹੈ ਜਾਂ ਕਿੰਨਾ ਪਵਿੱਤਰ ਹੈ ਜਾਂ ਉਹ ਇਸ ਤਰ੍ਹਾਂ ਦਾ ਕੋਣ ਹੈ। ਇਹ ਹੀ ਸਿਰਫ ਸਾਫ ਸੱਚ ਹੈ ਜੋ ਸਾਡੇ ਕੋਲ ਹੈ। ਕਿਸੇ ਨਾਮਧਾਰੀ ਕਲੀਸਿਯਾ ਜਾਂ ਕਿਸੇ ਧਾਰਮਿਕ ਅਕੀਦੇ ਕੋਲ ਸੱਚ ਨਹੀਂ ਹੈ ਜੇ ਉਹ ਇਹ ਦੇ ਬਾਹਰ ਹੈ।

329 ਅਤੇ ਤੁਸੀਂ ਮੈਨੂੰ ਕੋਈ ਇੱਕ ਵਿਖਾਓ ਜਿਹਦੇ ਕੋਲ ਇਹ ਹੈ। ਮੈਂ ਚਾਹੁੰਦਾ ਹਾਂ ਕਿ ਤੁਸੀਂ ਮੈਨੂੰ ਦੱਸੋ। ਮੈਂ ਬਾਈਬਲ ਦੇ ਪੰਨ੍ਹਿਆਂ ਨੂੰ ਪਲਟ ਕੇ ਤੁਹਾਨੂੰ ਕੁਝ ਵਿਖਾਵਾਂਗਾ। ਵੇਖੋ, ਸਮਝੇ? ਤੁਸੀਂ ਕੋਈ ਇੱਕ ਦੱਸੋ। ਤੁਸੀਂ ਆਖਦੇ ਹੋ, "ਪੈਂਟੀਕਾਸਟਲ। "

ਹੇ ਮੇਰੇ ਪ੍ਰਭੂ !(ਮੈਂ ਇਹ ਕਿਸੇ ਦਾ ਵਿਚਾਰ ਫੜਿਆ ਹੈ) ਇਹ ਹੀ ਕਾਰਨ ਹੈ ਕਿ ਮੈਂ ਇਹ ਕਿਹਾ ਸੀ। ਚੰਗਾ ਹੋਵੇਗਾ ਕਿ ਤੁਸੀਂ ਇਸ ਵਿਚਾਰ ਨੂੰ ਹੁਣੇ ਹੀ ਛੱਡ ਦਿਓ ਕਿਉਂਕਿ ਮੈਂ ਇੱਕ ਦੁਖਦਾਇਕ ਜ਼ਖਮ ਨੂੰ ਸ਼ੁਰੂ ਹੁੰਦੇ ਹੋਏ ਵੇਖਿਆ ਹੈ। ਮੈਂ ਤੁਹਾਨੂੰ ਠੇਸ ਪਹੁੰਚਾਉਣੀ ਨਹੀਂ ਚਾਹੁੰਦਾ ਸੀ ਪਰ ਮੈਂ ਤੁਹਾਨੂੰ ਦੱਸਣਾ ਚਾਹੁੰਦਾ ਸੀ ਕਿ ਮੈਂ ਜਾਣਦਾ ਹਾਂ ਕਿ ਤੁਸੀਂ ਕੀ ਸੋਚ ਰਹੇ ਹੋ। ਸਮਝੇ?

330 ਉਹ ਜਿਹੜੇ ਮਿਲੇ-ਜੁਲੇ ਹਨ ਵਿਰੋਧੀ, ਮੌਤ ਵਿੱਚ ਬਦਲ ਜਾਂਦੇ ਹਨ। ਜਦ ਕਦੇ ਤੁਸੀਂ ਮੂਲ ਰੰਗ ਵਿੱਚ ਕਿਸੇ ਤਰ੍ਹਾਂ ਦਾ ਕੋਈ ਰੰਗ ਮਿਲਾਂਦੇ ਹੋ ਤਾਂ ਉਹ ਮੌਤ ਦੇ ਰੰਗ ਵਿੱਚ ਬਦਲ ਜਾਂਦਾ ਹੈ।

331 ਇਹ ਮਸੀਹ ਰਾਹੀਂ ਕਹੇ ਗਏ ਰਾਈ ਦੇ ਦਾਣੇ ਵਾਲੀ ਗੱਲ ਵਾਂਗ ਹੈ। ਭਾਵੇਂ ਕਿ ਇਹ ਸਭਨਾਂ ਬੀਜ਼ਾਂ ਵਿੱਚੋਂ ਸੱਭ ਤੋਂ ਛੋਟਾ ਬੀਜ ਹੈ ਪਰ ਇਹ ਕਿਸੇ ਦੇ ਨਾਲ ਵੀ ਮਿਲਦਾ ਨਹੀਂ ਹੈ ਅਥਵਾ ਦੋਗਲਾ ਨਹੀਂ ਹੁੰਦਾ ਹੈ। ਰਾਈ ਦਾ ਦਾਣਾ ਮਿਕਸ ਨਹੀਂ ਹੁੰਦਾ ਹੈ। ਉਹ ਤਾਂ ਮੂਲ ਰਾਈ ਹੈ। ਇਸ ਲਈ ਜੇ ਤੁਹਾਡੇ ਕੋਲ ਉਸਦੇ ਬਰਾਬਰ ਵਿਸ਼ਵਾਸ਼ ਹੈ ਤਾਂ ਤੁਸੀਂ ਉਸਨੂੰ ਫੜੀ ਰੱਖੋ।

332 ਧਿਆਨ ਦਿਓ ਕਿ ਜੀਵਨ ਚਿੱਟੇ ਘੋੜੇ ਦੇ ਸਵਾਰ ਦਾ ਪਿੱਛਾ ਕਰਦਾ ਹੈ ਜੋ ਕਿ ਵਚਨ, ਜੀਵਨ ਹੈ ਅਤੇ ਇਹ ਉਸਦੇ ਦੁਬਾਰਾ ਜੀ ਉੱਠੇ ਹੋਏ ਸੰਤਾਂ ਦੇ ਦੁਆਰਾ ਜੋ ਕਿ ਉਸਦੇ ਨਾਲ ਪ੍ਰਮਾਣਿਤ ਹੁੰਦਾ ਹੈ। ਹੁਣ ਇਹ ਯੁੱਧ ਕਿਵੇਂ ਹੋਣ ਜਾ ਰਿਹਾ ਹੈ।

320 ਵਿਰੋਧੀ ਵਚਨ ਦੇ ਵਿਰੁੱਧ ਹੈ। ਵੇਖੋ ਕਿ ਅਸੀਂ ਕਿਉਂ ਅਕੀਦੇ - - ਕਿਉਂ ਅਸੀਂ ਮੱਤਾਂ ਅਤੇ ਮਿਸ਼ਨਾਂ ਦੇ ਇੰਨੇ ਵਿਰੁੱਧ ਹਾਂ। ਕਿਉਂਕਿ ਉਹ ਪ੍ਰਮੇਸ਼ੁਰ ਦੇ ਵਚਨ ਦੇ ਵਿਰੁੱਧ ਹਨ। ਸਮਝੇ?

321 ਇੱਥੇ ਅਸੀਂ ਵੇਖਦੇ ਹਾਂ ਕਿ ਜੀਵਨ ਅਤੇ ਮੌਤ ਆਖਰੀ ਸੰਘਰਸ਼ ਲਈ ਆ ਰਹੇ ਹਨ। ਚਿੱਟਾ ਘੋੜਾ ਸੱਚੇ ਜੀਵਨ ਦਾ ਹੈ ਅਤੇ ਪੀਲਾ ਘੋੜਾ ਮਿਲੇ-ਜੁਲੇ ਅਕੀਦੇ ਦਾ ਹੈ। ਤੁਸੀਂ ਵੇਖਦੇ ਹੋ ਕਿ ਇਹ ਆਖਰੀ ਅਸਲੀ ਪ੍ਰਗਟਾਵੇ ਦੇ ਲਈ ਆ ਰਹੇ ਹਨ।

322 ਹੁਣ ਮੈਂ ਇੱਥੇ ਤੁਹਾਨੂੰ ਕੁਝ ਕਹਿਣਾ ਚਹੁੰਦਾ ਹਾਂ। ਹੋ ਸੱਕਦਾ ਹੈ ਕਿ ਤੁਸੀਂ ਇਸਦਾ ਵਿਸ਼ਵਾਸ਼ ਨਾ ਕਰੋ, ਪਰ ਯਕੀਨੀ ਹੋਣ ਲਈ ਮੈਂ ਇਸਨੂੰ ਵੇਖਿਆ ਹੈ। ਸਿਰਫ ਇੱਕ ਹੀ ਮੂਲ ਰੰਗ ਹੈ,ਉਹ ਚਿੱਟਾ ਹੈ। ਕਿੰਨੇ ਜਣੇ ਇਹ ਜਾਣਦੇ ਹਨ? ਸਿਰਫ ਇੱਕ ਹੀ ਮੂਲ ਰੰਗ ਹੈ। ਇਸ ਤੋਂ ਇਲਾਵਾ ਬਾਕੀ ਸਾਰੇ ਰੰਗ ਮਿਸ਼ਰਤ ਰੰਗ ਹਨ।

323 ਮਸੀਹ ਮੁੱਢ ਤੋਂ ਹੀ ਮਜਬੂਤ ਚਿੱਟੇ ਮਿਲਾਵਟ ਤੋਂ ਬਿਨਾਂ ਰੰਗ ਵਾਲੇ ਘੋੜੇ ਤੇ ਹੈ। ਆਮੀਨ। ਹਰ ਇੱਕ ਰੰਗ ਚਿੱਟਾ ਹੀ ਹੁੰਦਾ ਹੈ ਜੇ ਉਸ ਵਿੱਚ ਕਿਸੇ ਤਰ੍ਹਾਂ ਦੀ ਕੋਈ ਰਸਾਇਣਕ ਪ੍ਰਕਿਰਿਆ ਨਾ ਕੀਤੀ ਜਾਵੇ। ਆਮੀਨ!ਮਹਿਮਾਂ ਹੋਵੇ !ਹਰ ਇੱਕ ਕਲੀਸਿਯਾ ਰਸੂਲਾਂ ਦੀ ਸਿੱਖਿਆ ਤੇ ਖੜੀ ਹੋਈ ਹੁੰਦੀ ਅਤੇ ਖੁਦਾ ਉਸਨੂੰ ਸਾਬਤ ਕਰ ਰਿਹਾ ਹੁੰਦਾ ਜੇ ਉਸ ਵਿੱਚ ਮੱਤ-ਸਿਧਾਂਤ ਅਤੇ ਜੱਥੇਬੰਦੀਆਂ ਨਾ ਮਿਲੀਆ ਹੋਈਆਂ ਹੁੰਦੀਆਂ। ਇਹ ਹੈ ਤੁਹਾਡੀ ਹਾਲਤ।

ਔਹ, ਭਾਈ ਇਵਾਨਸ, ਮੈਂ ਇਸ ਸਮੇਂ ਬਹੁਤ ਹੀ ਅਨੰਦ ਮਹਿਸੂਸ ਕਰ ਰਿਹਾ ਹਾਂ। ਜੀ ਹਾਂ ਸ਼੍ਰੀ ਮਾਨ। ਹਾਂ ਜੀ ਸ਼੍ਰੀਮਾਨ।

324 ਸਿਰਫ ਇੱਕ ਹੀ ਮੂਲ ਰੰਗ ਹੈ ਅਤੇ ਉਹ ਚਿੱਟਾ ਹੈ। ਇਹ ਕਦੇ ਵੀ ਮਿਸ਼ਨਾਂ ਜਾਂ ਅਕੀਦਿਆਂ ਦੇ ਨਾਲ ਮਿਕਸ ਨਹੀਂ ਹੁੰਦਾ ਹੈ। ਜੀ ਨਹੀਂ ਸ਼੍ਰੀ ਮਾਨ।

325 ਅਤੇ ਯਾਦ ਰੱਖੋ, ਉਸਦੇ ਸੰਤਾਂ ਨੇ ਚਿੱਟੇ ਮਲਮਲ ਦੇ ਕੱਪੜੇ ਪਹਿਨੇ ਹੋਏ ਹਨ, ਅਤੇ ਉਹ ਨਾਮਧਾਰੀ ਕਲੀਸਿਯਾਵਾਂ ਅਤੇ ਅਕੀਦਿਆਂ ਦੇ ਨਾਲ ਰਲੇ-ਮਿਲੇ ਨਹੀਂ ਸਨ। ਹੁਣ ਅਸੀਂ ਮਿਸ਼ਨਾਂ ਅਤੇ ਅਕੀਦੇ ਵੇਖਦੇ ਹਾਂ ......ਇਹ ਹੀ ਉਹ ਜਗ੍ਹਾ ਹੈ ਜਿੱਥੇ ਤੁਹਾਨੂੰ ਤੁਹਾਡਾ ਮਿਲਿਆ-ਜੁਲਿਆ ਰੰਗ ਮਿਲਦਾ ਹੈ। ਪ੍ਰੰਤੂ ਜਿਸ ਤੇ ਮਸੀਹ ਸਵਾਰ ਹੈ ਉਹ ਮੂਲ ਰੰਗ ਹੈ;ਅਤੇ ਉਸਦੇ ਲੋਕਾਂ ਨੇ ਮੂਲ ਰੰਗ ਦੇ ਬਸਤਰ ਪਹਿਨੇ ਹੋਏ ਹਨ। ਅਤੇ ਉਹ ਉਸ ਲਹੂ ਦੇ ਵਿੱਚ ਨਹਾਤੇ ਹੋਏ ਹਨ ਜਿਹੜਾ ਉਸ ਬਸਤਰ ਨੂੰ ਸ਼ੁੱਧ ਕਰਦਾ ਹੈ ਅਤੇ ਪਾਪ ਨੂੰ ਵਾਪਸ ਉੱਥੇ ਭੇਜ ਦਿੰਦਾ ਹੈ ਜਿੱਥੋਂ ਉਹ ਆਇਆ ਸੀ। ਸਮਝੇ? ਇਹ ਸਹੀ ਗੱਲ ਹੈ।

326 ਉਹ ਜਿਹਨਾਂ ਦਾ ਰੰਗ ਮਿਲਿਆ-ਜੁਲਿਆ ਹੈ ਉਹ ਪੀਲਾ ਹੈ ਅਤੇ ਉਹ ਮੌਤ ਵੱਲ ਜਾਂਦੇ ਹਨ। ਚਿੱਟੇ ਰੰਗ ਦੇ ਨਾਲ ਹੋਰ ਰੰਗਾਂ ਨੂੰ ਮਿਲਾਉਣਾ ਦੋਗਲਾਪਨ ਹੈ। ਇਸ ਤਰ੍ਹਾਂ ਕਰਨ ਨਾਲ ਤੁਸੀਂ ਮੂਲ ਰੰਗ ਨੂੰ ਵਿਗਾੜ ਦਿੰਦੇ ਹੋ। ਕੀ ਇਹ ਠੀਕ ਹੈ। ਜੇ ਸਿਰਫ ਚਿੱਟਾ ਰੰਗ ਹੀ ਮੂਲ ਰੰਗ ਹੈ ਅਤੇ ਤੁਸੀਂ ਉਸ ਵਿੱਚ ਕੋਈ ਹੋਰ ਰੰਗ ਮਿਲਾਉਂਦੇ ਹੋ ਤਾਂ ਤੁਸੀਂ ਉਸ ਚੀਜ਼ ਨੂੰ ਬਿਗਾੜ ਦਿੰਦੇ ਹੋ। ਆਮੀਨ। ਕੀ ਇਹ ਠੀਕ ਹੈ?



ਹੈ ਜਦ ਕੁਝ ਪ੍ਰਗਟ ਕਰ ਦਿੱਤਾ ਜਾਂਦਾ ਹੈ। ਇਹ ਤਾਂ ਨਿਹਚਾਵਾਨ ਨੂੰ ਉਤੇਜਨਾ ਦਿੰਦੀ ਹੈ ਕਿਉਂਕਿ ਇਹ ਤਾਂ ਪ੍ਰਕਾਸ਼ ਦੇ ਦੁਆਰਾ ਪੇਸ਼ ਕੀਤੀ ਗਈ। ਸਮਝੇ? ਇਹ ਤਾਂ ਉਹ ਹੈ ਜੋ ਪ੍ਰਮੇਸ਼ੁਰ ਨੇ ਆਖਿਆ ਹੈ। ਇਹ ਤਾਂ ਭੇਤ ਹੈ, ਵੇਖੋ, ਉਹ ਇਹਨੂੰ ਸਮਝ ਨਹੀਂ ਸੱਕਦੇ। ਅਤੇ ਥੋੜੀ ਦੇਰ ਬਾਦ ਖੁਦਾ ਥੱਲੇ ਆਉਂਦਾ ਹੈ ਅਤੇ ਇਹਨੂੰ ਪ੍ਰਗਟ ਕਰਦਾ ਹੈ ਅਤੇ ਫਿਰ ਇਸਨੂੰ ਪ੍ਰਮਾਣਿਤ ਕਰਦਾ ਹੈ।

59 ਯਾਦ ਰੱਖੋ, ਜੇ ਸੱਚਾਈ ਪ੍ਰਗਟ ਕੀਤੀ ਜਾਂਦੀ ਹੈ ਤਾਂ ਸੱਚਾਈ ਪ੍ਰਮਾਣਿਤ ਵੀ ਕੀਤੀ ਜਾਂਦੀ ਹੈ। ਪ੍ਰਮੇਸ਼ੁਰ ਪੱਕੇ ਤੌਰ ਤੇ ਇਸੇ ਤਰ੍ਹਾਂ ਹੀ ਕਰਦਾ ਹੈ, ਇਸ ਨਾਲ ਕੋਈ ਮਤਲਬ ਨਹੀਂ ਕਿ ਕੋਈ ਆਦਮੀ ਕਿੰਨਾ ਚਲਾਕ ਹੋ ਸੱਕਦਾ ਹੈ, ਇਸ ਨਾਲ ਕੋਈ ਵਾਸਤਾ ਨਹੀਂ ਕਿ ਉਹ ਦਿਮਾਗੀ ਤੌਰ ਤੇ ਕਿੰਨਾ ਬੁੱਧੀਮਾਨ ਹੋ ਸੱਕਦਾ ਹੈ ਜੇਕਰ ਖੁਦਾ ਉਸਦੇ ਪਿੱਛੇ ਨਹੀਂ ਹੈ ਤਾਂ ਜਰੂਰ ਕੋਈ ਗਲਤੀ ਹੈ। ਸਮਝੇ? ਠੀਕ ਹੈ। ਕਿਉਂ ਜੋ ਇਹ ਤਾਂ ਵਚਨ ਹੈ।

60 ਹੁਣ ਜਦੋਂ ਮੂਸਾ ਪ੍ਰਮੇਸ਼ੁਰ ਦੀ ਪ੍ਰੇਰਣਾ ਨਾਲ ਮਿਸਰ ਵਿੱਚ ਪਹੁੰਚਿਆ, ਅਤੇ ਉਸਨੇ ਕਿਹਾ, "ਮੱਖੀਆਂ ਆ ਜਾਣ। " ਮੱਖੀਆਂ ਆ ਗਈਆਂ। ਜਦ ਉਹਨੇ ਕਿਹਾ, "ਡੱਡੂ ਆ ਜਾਣ। " ਤਾਂ ਡੱਡੂ ਆ ਗਏ ਸਨ।

61 ਵੇਖੋ, ਕੀ ਹੁੰਦਾ ਜੇ ਭਲਾ ਉਹਨੇ ਆਖਿਆ ਹੁੰਦਾ ਕਿ, " ਮੱਖੀਆਂ ਆ ਜਾਣ, " ਅਤੇ ਉਹ ਨਾ ਆਉਂਦੀਆਂ ? ਵੇਖੋ, ਫਿਰ ਤਾਂ ਇਹ ਹੀ ਹੁੰਦਾ ਕਿ ਉਸਨੇ ਯਹੋਵਾਹ ਦਾ ਵਚਨ ਨਹੀਂ ਬੋਲਿਆ ਹੈ ;ਉਸਨੇ ਆਪਣਾ ਹੀ ਵਚਨ ਬੋਲਿਆ ਹੈ। ਉਸਨੇ ਸ਼ਾਇਦ ਸੋਚਿਆ ਹੋਵੇ ਕਿ ਉੱਥੇ ਮੱਖੀਆਂ ਹੋ ਜਾਣੀਆਂ ਚਾਹੀਦੀਆਂ ਹਨ ਪਰ ਉੱਥੇ ਕੋਈ ਵੀ ਮੱਖੀ ਨਹੀਂ ਸੀ ਕਿਉਂਕਿ ਖੁਦਾ ਨੇ ਉਸਨੂੰ ਇਸ ਤਰ੍ਹਾਂ ਨਹੀਂ ਆਖਿਆ ਸੀ।

62 ਅਤੇ ਜਦ ਖੁਦਾ ਤੁਹਾਨੂੰ ਕੁਝ ਦੱਸਦਾ ਹੈ ਅਤੇ ਕਹਿੰਦਾ ਹੈ, "ਤੁਸੀਂ ਜਾ ਕੇ *ਇਹ* ਕਰੋ ਅਤੇ ਮੈਂ ਠੀਕ ਇਹਦੇ ਨਾਲ ਹੋਵਾਂਗਾ ਕਿਉਂਕਿ ਇਹ ਮੇਰਾ ਵਚਨ ਹੈ," ਅਤੇ ਪ੍ਰਮੇਸ਼ੁਰ ਇਹਨੂੰ ਬਾਈਬਲ ਵਿੱਚੋਂ ਵਿਖਾਉਂਦਾ ਹੈ, ਅਤੇ ਫਿਰ ਖੁਦਾ ਇਸਦੇ ਪਿੱਛੇ ਖੜਾ ਹੁੰਦਾ ਹੈ। ਅਤੇ ਜੇ ਇਹ ਬਾਈਬਲ ਵਿੱਚ ਲਿਖਿਆ ਹੋਇਆ ਨਹੀਂ ਹੈ, ਅਤੇ ਇਹ ਖੁਦਾ ਦਾ ਵਚਨ ਹੈ ਤਾਂ ਜਿੱਦਾਂ ਵੀ ਹੋਵੇ ਖੁਦਾ ਇਹਦੇ ਪਿੱਛੇ ਖੜਾ ਹੁੰਦਾ ਹੈ। ਸਮਝੇ?

63 ਅਤੇ ਜੇ ਬਾਈਬਲ ਤੋਂ ਬਾਹਰ ਹੈ ਤਾਂ ਇਹ ਨਬੀਆਂ ਤੇ ਪ੍ਰਗਟ ਕੀਤਾ ਜਾਂਦਾ ਹੈ। ਅਸੀਂ ਮਹਿਸੂਸ ਕਰਦੇ ਹਾਂ ਕਿ ਪ੍ਰਮੇਸ਼ੁਰ ਦੇ ਸੱਭ ਭੇਤ ਨਬੀਆਂ ਦੇ ਉੱਤੇ ਹੀ ਪ੍ਰਗਟ ਕੀਤੇ ਜਾਂਦੇ ਹਨ, ਸਿਰਫ ਨਬੀਆਂ ਤੇ ਹੀ ਖੁਦਾ ਦੇ ਗੁਪਤ ਭੇਤ ਪ੍ਰਗਟ ਕੀਤੇ ਜਾਂਦੇ ਹਨ। ਵੇਖੋ, ਅਮੋਸ 3:7.

64 ਹੁਣ, ਹੁਣ, ਪ੍ਰਕਾਸ਼ ਦੀ ਸ਼ਕਤੀ ਨਿਹਚਾਵਾਨ ਲਈ ਉਤੇਜਨਾ ਲੈ ਕੇ ਆਉਂਦੀ ਹੈ। ਕਿਉਂਕਿ ਦਾਖਰਸ ਦੀ ਸ਼ਕਤੀ, ਭੌਤਿਕ/ਸ਼ਰੀਰਕ ਦਾਖਰਸ ਦੀ ਸ਼ਕਤੀ ਉਤੇਜਿਤ ਕਰਨ ਲਈ ਹੁੰਦੀ ਹੈ। ਇਹ ਉਸ ਮਨੁੱਖ ਵਿੱਚ ਜਿਹੜਾ ਡਿੱਗਾ ਹੋਇਆ ਹੈ ਉਤੇਜਨਾ ਪੈਦਾ ਕਰਦੀ ਹੈ। ਸਮਝੇ? ਵੇਖਿਆ? ਠੀਕ ਹੈ, ਫਿਰ ਇਸੇ ਤਰਾਂ ਵਚਨ ਦੇ ਪ੍ਰਕਾਸ਼ ਦੀ ਸ਼ਕਤੀ ਵਿਸ਼ਵਾਸ਼ੀ ਵਿੱਚ ਅਨੰਦ ਦੀ ਉਤੇਜਨਾ ਦਿੰਦੀ ਹੈ, ਸਤੁੰਸ਼ਟਤਾ ਦੀ ਉਤੇਜਨਾ ਪੈਦਾ ਕਰਦੀ ਹੈ ਅਤੇ ਇਸ ਗੱਲ ਦੀ ਪ੍ਰੇਰਣਾ ਦਿੰਦੀ ਹੈ ਕਿ ਵਚਨ ਸਿੱਧ ਹੈ, ਸੱਚਾ ਹੈ।

65 ਜਿਵੇਂ ਕਿ ਅਸੀਂ ਇਸਦਾ ਹਵਾਲਾ ਲੈਣਾ ਚਾਹੁੰਦੇ ਹਾਂ, ਵਚਨ ਵਿੱਚ ਇਸਨੂੰ "ਨਵੀਂ ਮੈ, " ਕਿਹਾ ਗਿਆ ਹੈ। ਅਸੀਂ ਹਮੇਸ਼ਾਂ ਹੀ ਇਸਦਾ ਹਵਾਲਾ ਇਸ ਤਰ੍ਹਾਂ ਦਿੰਦੇ ਹਾਂ, ਜਿਵੇਂ, " ਇਹ ਤਾਂ ਨਵੀਂ ਮੈ ਦੇ ਨਸ਼ੇ ਵਿੱਚ ਸਨ। " ਸਮਝੇ? ਇਹ ਸਹੀ ਗੱਲ ਹੈ। ਮੈਂ ਸੋਚਦਾ ਹਾਂ ਕਿ ਇਸਦਾ ਸੱਭ ਤੋਂ ਵਧੀਆ ਅਰਥ, " ਆਤਮਿਕ ਮੈ ਹੋਵੇਗਾ। " ਇਹ, "ਆਤਮਿਕ ਮੈ " ਹੋਵੇਗੀ। ਜਿਵੇਂ ਸ਼ਰੀਰਕ ਮੈ ਆਪਣੇ ਆਪ ਨੂੰ ਉਤੇਜਿਤ ਸ਼ਕਤੀ ਵਿੱਚ ਪ੍ਰਗਟ ਕਰਦੀ ਹੈ, ਇੰਝ ਹੀ ਨਵੀਂ ਮੈ ਜੋ ਕਿ ਪਵਿੱਤਰ ਆਤਮਾ ਹੈ, ਕਰਦੀ ਹੈ, ਤਦ ਉਹ ਖੁਦਾ ਦਾ ਵਚਨ ਪ੍ਰਗਟ ਕਰਦਾ ਹੈ। ਓਹ! ਇੱਥੇ ਹੈ ......ਵਚਨ ਆਪ ਹੀ ਆਤਮਾ ਹੈ -ਕੀ ਤੁਸੀਂ ਇਸਦਾ ਵਿਸ਼ਵਾਸ਼ ਕਰਦੇ ਹੋ?[ਸੰਗਤ ਆਖਦੀ ਹੈ, "ਆਮੀਨ। "-ਸੰਪਾ]

66 ਆਓ ਅਸੀਂ ਇਸਨੂੰ ਪੜ੍ਹੀਏ। ਆਓ ਅਸੀਂ ਇਸਨੂੰ ਸੰਤ ਯੂਹੰਨਾ ਦੇ ਛੇ ਬਾਬ ਵਿੱਚ ਪੜ੍ਹੀਏ। ਆਓ ਬਸ .....ਜੀ ਹਾਂ, ਤਦ ਤੁਸੀਂ ਇਸ ਤਰ੍ਹਾਂ ਨਹੀਂ ਕਹੋਗੇ ਕਿ, "ਚੰਗਾ," ਕਿਸੇ ਨੇ ਇਸ ਤਰ੍ਹਾਂ ਕਿਹਾ ਸੀ। ਆਓ ਅਸੀਂ ਵੇਖੀਏ ਕਿ ਕਿਸਨੇ ਇਹ ਕਿਹਾ ਹੈ ਅਤੇ ਫਿਰ ਅਸੀਂ ਜਾਣ ਜਾਵਾਂਗੇ ਕਿ ਇਹ ਸੱਚ ਹੈ ਜਾਂ ਨਹੀਂ। ਸੰਤ ਯੂਹੰਨਾ 6 ਬਾਬ। ਅਤੇ ਮੈਂ ਵਿਸ਼ਵਾਸ਼ ਕਰਦਾ ਹਾਂ ਕਿ। ਇਹ 6ਵੇਂ ਬਾਬ ਦੀ 63ਵੀਂ ਆਇਤ ਹੈ,ਮੈਂ ਸੋਚਦਾ ਹਾਂ ਇਹੋ ਹੀ ਹੈ। ਹਾਂ ਜੀ, ਇਹ ਹੀ ਹੈ।

*ਜੀਉ ਦਾਤਾ ਤਾਂ ਅਤਮਾ ਹੈ ਮਾਸ ਤੋਂ ਕੁਝ ਲਾਭ ਨਹੀਂ। ਜਿਹੜੀਆਂ ਗੱਲਾਂ ਮੈਂ ਤੁਹਾਨੂੰ ਆਖੀਆਂ ਹਨ ਉਹ ਆਤਮਾ ਹਨ ਅਤੇ ਜੀਉਣ ਹਨ।*

67 ਵਚਨ ਖੁਦ ਆਤਮਾ ਹੈ। ਆਤਮਾ ਵਚਨ ਦੇ ਰੂਪ ਵਿੱਚ ਹੈ। ਅਤੇ ਇਸਦੇ ਬਾਦ ਤੁਸੀਂ ਵੇਖੋ ਕਿ ਜਦ ਆਤਮਾ ਜਿਵਾਲਦਾ ਹੈ ਤਾਂ ਵਚਨ ਦਾ ਆਤਮਾ ਕੰਮ ਕਰਨ ਲੱਗਦਾ ਹੈ ਅਤੇ ਕਾਰਵਾਈ ਹੁੰਦੀ ਹੈ। ਸਮਝ ਲੱਗੀ?ਕਿਉਂਕਿ ਇਹ ....

68 ਹੁਣ ਇੱਥੇ ਵੇਖੋ। ਇਸ ਤੋਂ ਪਹਿਲਾਂ ਕਿ ਕੋਈ ਵਿਚਾਰ ਸ਼ਬਦ ਬਣੇ ਉਸਨੇ ਵਿਚਾਰ ਜਾਂ ਸੋਚ ਹੀ ਹੋਣਾ ਹੈ। ਅਤੇ ਇਸ ਤੋਂ ਬਾਦ ਜਦ ਵਿਚਾਰ ਪ੍ਰਗਟ ਕੀਤਾ ਜਾਂਦਾ ਹੈ ਤਾਂ ਉਹ ਇੱਕ ਸ਼ਬਦ ਹੁੰਦਾ ਹੈ। ਹੁਣ *ਇਹ* ਪ੍ਰਮੇਸ਼ੁਰ ਦਾ ਵਿਚਾਰ ਹੈ ਜਿਹਨੂੰ ਉਸਨੇ ਆਪਣੇ ਵਚਨ ਵਿੱਚ ਪੇਸ਼ ਕੀਤਾ ਹੈ। ਅਤੇ ਫਿਰ ਜਦ ਅਸੀਂ ਇਸਨੂੰ ਪ੍ਰਮੇਸ਼ੁਰ ਕੋਲੋਂ ਪ੍ਰਾਪਤ ਕਰਦੇ ਹਾਂ ਤਾਂ ਇਹ ਵਚਨ ਬਣ ਜਾਂਦਾ ਹੈ।

69 ਪ੍ਰਮੇਸ਼ੁਰ ਨੇ ਮੂਸਾ ਉੱਤੇ ਪ੍ਰਗਟ ਕੀਤਾ ਸੀ ਕਿ ਕੀ ਕਰਨਾ ਹੈ। ਮੂਸਾ ਨੇ ਉਹ ਬੋਲਿਆ ਅਤੇ ਉਹ ਪੂਰਾ ਹੋ ਗਿਆ। ਸਮਝੇ? ਜਦੋਂ ਅਸਲ ਵਿੱਚ ਇਹ ਖੁਦਾ ਦੀ ਵਲੋਂ ਆਉਂਦਾ ਹੈ ਤਾਂ ਇਸੇ ਤਰ੍ਹਾਂ ਹੀ ਹੁੰਦਾ ਹੈ।

70 ਹੁਣ ਅਸੀਂ ਵੇਖਿਆ ਕਿ ਇਹ ਉਤੇਜਿਤ ਕਰਦੀ ਹੈ, ਅਤੇ ਅਨੰਦ ਬਖਸ਼ਦੀ ਹੈ ਕਿਉਂਕਿ ਇਹ ਪ੍ਰਮੇਸ਼ੁਰ ਦਾ ਵਚਨ ਹੈ। ਅਤੇ ਨਵੀਂ ਮੈ, ਨਵੀਂ ਮੈ ਉਤੇਜਿਤ ਕਰਦੀ ਹੈ .....ਜਦ ਇਹ ਵਚਨ ਪ੍ਰਗਟ ਕਰਦੀ ਹੈ। ਅਤੇ ਫਿਰ ਇਹ ਕਦੇ-ਕਦੇ ਹੱਦ ਤੋਂ ਵੀ ਕਿਤੇ ਵੱਧ ਅਨੰਦ ਬਖਸ਼ਦਾ ਹੈ। ਅਸੀਂ ਇਸਦਾ ਅਧਿਐਨ ਕਰ ਚੁੱਕੇ ਹਾਂ, ਇਹ ਅਜਿਹਾ ਅਨੰਦ ਬਖਸ਼ਦਾ ਹੈ ਕਿ ਤੁਸੀਂ ਅਨੰਦ ਦੇ ਨਾਲ ਮਗਨ ਹੋ ਜਾਂਦੇ ਹੋ।

71 ਹੁਣ ਧਿਆਨ ਦਿਓ। ਮੈਂ ਜਣਦਾ ਹਾਂ ਕਿ ਬਹੁਤ ਸਾਰਾ ਕੱਟੜਵਾਦ ਪਾਇਆ ਜਾਂਦਾ ਹੈ, ਅਤੇ ਲੋਕ ਇਸ ਤਰ੍ਹਾਂ ਕਰਦੇ ਰਹਿੰਦੇ ਹਨ। ਮੈਂ ਜਾਣਦਾ ਹਾਂ ਕਿ ਕਈ ਵਾਰ ਉਹ ਉੱਪਰ ਥੱਲੇ ਕੁੱਦਦੇ



ਨੂੰ ਸੁਰਗ ਦੇ ਚਾਰੇ ਕੋਨਿਆਂ ਤੋਂ ਇਕੱਠੇ ਕਰ ਰਿਹਾ ਹੈ। (ਕੱਲ ਰਾਤ ਨੂੰ ਅਸੀਂ ਵੇਦੀ ਥੱਲੇ ਰੂਹਾਂ ਨੂੰ ਵੇਖਾਂਗੇ ਅਤੇ ਫਿਰ ਤੁਸੀਂ ਜਾਣੋਗੇ ਕਿ ਇਹ ਸੱਚ ਹੈ ਜਾਂ ਨਹੀਂ)ਉਹ ਆਪਣੀ ਫੋਜ ਨੂੰ ਸਵਰਗ ਦੇ ਚਹੁਾਂ ਪਾਸਿਆਂ ਤੋਂ ਇਕੱਠਾ ਕਰ ਰਿਹਾ ਹੈ ਅਤੇ ਬਰਫ ਦੇ ਵਾਂਗੂੰ ਸਫੇਦ ਘੋੜੇ ਦੇ ਉੱਤੇ ਸਵਾਰ ਹੈ।

313 ਉਸਦਾ ਵੀ ਇੱਕ ਨਾਮ ਹੈ, ਮੌਤ ਨਹੀਂ, ਪ੍ਰੰਤੂ ਪ੍ਰਮੇਸ਼ੁਰ ਦਾ ਸ਼ਬਦ ਉਸਦਾ ਨਾਮ ਹੈ ਅਥਵਾ ਜੀਵਨ ਉਸਦਾ ਨਾਮ ਹੈ। ਆਮੀਨ। ਉਸਦੇ ਪੱਟ ਤੇ ਲਿਖਿਆ ਹੋਇਆ ਸੀ :ਖੁਦਾ ਦਾ ਸ਼ਬਦ। ਸਿਰਫ ਇਹੋ ਹੀ ਜੀਵਨ ਹੈ ਕਿਉਂਕਿ ਪ੍ਰਮੇਸ਼ੁਰ ਹੀ ਜੀਵਨ ਦਾ ਇੱਕ ਸਰੋਤ ਹੈ। ਉਹ ਜੋਇ (ZOE) ਹੈ। ਕੀ ਇਹ ਠੀਕ ਹੈ?

314 ਅਤੇ ਉਸਦੇ ਪੱਟ ਤੇ "ਜੀਵਨ" ਲਿਖਿਆ ਹੋਇਆ ਹੈ, ਅਤੇ ਉਹ ਚਿੱਟੇ ਘੋੜੇ ਤੇ ਸਵਾਰ ਹੈ। ਅਤੇ ਇੱਥੇ ਇੱਕ ਮਨੁੱਖ ਹੈ ਜਿਹੜਾ ਤਿੰਨ ਮਿਲੇ-ਜੁਲੇ ਅਧਿਕਾਰਾਂ ਦੇ ਨਾਲ ਹੈ ਜੋ ਮੌਤ ਸਦਾਉਂਦਾ ਹੈ ਅਤੇ ਉਹ ਆਪਣੇ ਧਰਤੀ ਦੇ ਪ੍ਰਤੀਨਿਧੀਆਂ ਨੂੰ ਇਕੱਠਿਆਂ ਕਰ ਰਿਹਾ ਹੈ ਅਤੇ ਮਸੀਹ ਸੁਰਗੀ ਜਨਮ ਪਾਏ ਹੋਏ ਆਪਣੇ ਸੰਤਾਂ ਨੂੰ ਇਕੱਠੇ ਕਰ ਰਿਹਾ ਹੈ।

315 ਉਸਦਾ ਨਾਮ ਮੌਤ ਲਿਖਿਆ ਹੋਇਆ ਹੈ; ਮਸੀਹ ਦਾ ਨਾਮ ਜੀਵਨ ਲਿਖਿਆ ਹੋਇਆ ਹੈ। ਜਿਹੜੇ ਮਸੀਹ ਦੇ ਨਾਲ ਹਨ ਉਹ ਵੀ ਚਿੱਟੇ ਘੋੜਿਆਂ ਤੇ ਸਵਾਰ ਹਨ ਅਤੇ ਉਹ "ਜਗਤ ਦੇ ਉਤਪਤ ਹੋਣ ਤੋਂ ਪਹਿਲਾਂ ਚੁਣੇ ਗਏ" ਅਖਵਾਉਂਦੇ ਹਨ(ਆਮੀਨ)ਅਤੇ ਉਹ ਵਚਨ ਦੇ ਪ੍ਰਤੀ ਇਮਾਨਦਾਰ ਹਨ। ਆਮੀਨ!ਵਾਹ!ਮੈਂ ਇਸ ਗੱਲ ਨੂੰ ਬਹੁਤ ਪਸੰਦ ਕਰਦਾ ਹਾਂ। ਬੁਲਾਏ ਗਏ, ਧਰਤੀ ਦੀ ਨੀਂਹ ਧਰਨ ਤੋਂ ਅਗੇਤੇ ਹੀ ਚੁਣੇ ਗਏ ਅਤੇ ਫਿਰ ਉਹ ਆਪਣੀ ਚੋਣ ਦੇ ਰਾਹੀਂ ਆਪਣੀ ਮਰਜੀ ਨਾਲ ਵਚਨ ਦੇ ਪ੍ਰਤੀ ਆਗਿਆਕਾਰ ਰਹੇ ਅਤੇ ਉਹਨਾਂ ਸਭਨਾਂ ਵਿੱਚ ਤੇਲ ਅਤੇ ਨਵੀਂ ਮੈ ਦਾ ਜੋਸ਼ ਹੈ ਅਤੇ ਉਹ ਉਸ ਨਾਲ ਮੁਲਾਕਾਤ ਕਰਨ ਨੂੰ ਚਿੱਟੇ ਘੋੜਿਆਂ ਤੇ ਸਵਾਰ ਹੋ ਕੇ ਮਸੀਹ ਦੇ ਨਾਲ ਆ ਰਹੇ ਹਨ। ਉਹ ਜਾਣਦੇ ਹਨ ਕਿ ਛੇਤੀ ਹੀ ਗਰਜਾਂ ਉਹਨਾਂ ਗੱਲਾਂ ਦਾ ਸਾਡੇ ਤੇ ਪ੍ਰਗਟਾਵਾ ਕਰਨਗੀਆਂ।

316 ਵੇਖੋ, ਉਹ ਕਿਵੇਂ ਕਰਦਾ ਹੈ? ਇਸ ਲਈ ਜੇ ਮਸੀਹ ਵਚਨ ਹੈ ਅਤੇ ਉਸਦਾ ਨਾਮ ਵਚਨ ਹੈ ਤਾਂ ਵਚਨ ਜੀਵਨ ਹੈ। ਮਸੀਹ ਵਿਰੋਧੀ -ਜੋ ਕੋਈ ਵੀ ਵਿਰੋਧੀ ਹੁੰਦਾ ਹੈ ਉਹ ਵਿਰੁੱਧ ਹੁੰਦਾ ਹੈ। ਇਸ ਲਈ ਮਸੀਹ ਵਿਰੋਧੀ ਮਸੀਹ ਦੇ ਵਚਨ ਦੇ ਵਿਰੁੱਧ ਹੈ। ਇਸ ਲਈ ਉਹ ਅਕੀਦਾ ਜਾਂ ਨਾਮਧਾਰੀ ਸੰਸਥਾ ਹੈ ਜੋ ਕਿ ਵਚਨ ਦੇ ਵਿਰੁੱਧ ਹਨ।

317 ਮੈਂ ਨਹੀਂ ਜਾਣਦਾ ਕਿ ਤੁਸੀਂ ਇਸ ਨੂੰ ਕਿਵੇਂ ਛੱਡ ਜਾਓਗੇ। ਕੀ ਤੁਸੀਂ ਸਮਝਦੇ ਹੋ?ਫਿਰ ਤੁਸੀਂ ਇਸ ਤੋਂ ਕਿਵੇਂ ਰਹਿ ਸੱਕਦੇ ਹੋ? ਮੈਂ ਨਹੀਂ ਜਾਣਦਾ ਹਾਂ ਕਿ ਤੁਸੀਂ ਇਸ ਤੋਂ ਕਿਵੇਂ ਰਹਿ ਜਾਵੋਗੇ।

318 ਅਤੇ ਇਹ ਸੱਚ ਹੈ ਕਿ ਵਿਰੋਧੀ ਵਿਰੁੱਧ ਹੁੰਦਾ ਹੈ। ਕੀ ਇਹ ਠੀਕ ਨਹੀਂ ਹੈ?ਦੂਰ ਲੈ ਜਾਂਦਾ ਹੈ। ਉਹ ਇਹ ਹੀ ਹੈ। ਉਹ ਅਪਣੇ ਰਲੇ-ਮਿਲੇ ਘੋੜੇ ਤੇ ਸਵਾਰ ਹੈ। ਅਸੀਂ ਇੱਥੇ ਇਸਨੂੰ ਖੁਦਾ ਦੇ ਵਚਨ ਵਿੱਚ ਵੇਖਿਆ ਹੈ।

319 ਅਸੀਂ ਇਸਨੂੰ ਸੱਤ ਕਲੀਸਿਯਾਈ ਯੁੱਗਾਂ ਵਿੱਚ ਵੇਖ ਚੁੱਕੇ ਹਾਂ। ਇੱਥੇ ਉਹ ਸਾਨੂੰ ਫਿਰ ਮੋਹਰਾਂ ਖੁੱਲ੍ਹਣ ਦੇ ਰਾਹੀਂ ਵਿਖਾ ਰਿਹਾ ਹੈ ਅਰ ਉਹਨਾਂ ਗੱਲਾਂ ਨੂੰ ਵਿਖਾ ਰਿਹਾ ਹੈ ਜਿਹੜੀਆਂ ਕਲੀਸਿਯਾ ਦੇ ਯੁੱਗਾਂ ਦੇ ਦਰਮਿਆਨ ਹੋਈਆਂ ਹਨ।

ਇਕੱਠੇ ਹੋ ਰਹੇ ਹਨ। ਵਚਨ ਅਨੁਸਾਰ ਇਹ ਪ੍ਰਗਟਾਵਾ (ਪ੍ਰਦਰਸ਼ਨ) "ਹਰਮਗਿੱਦੋਨ", ਦੇ ਯੁੱਧ ਵਿੱਚ ਹੋਵੇਗਾ। ਸਮਝੇ?

308 ਅਤੇ ਜੋ ਕੁੱਲੇ(ਪੀਲੇ)ਘੋੜੇ ਤੇ ਸਵਾਰ ਹੈ ਉਸਦਾ ਨਾਮ "ਮੌਤ" ਹੈ ਉਸਦੇ ਉੱਤੇ ਟੰਗੀ ਹੋਈ ਸੀ ......ਉਹ ਮਸੀਹ ਵਿਰੋਧੀ ਜਿਹੜਾ ਉਸ ਕੁੱਲੇ ਘੋੜੇ ਤੇ ਸਵਾਰ ਹੈ ਉਸਦਾ ਨਾਮ "ਮੌਤ" ਹੈ!ਸੁਣੋ। ਮਸੀਹ ਵਿਰੋਧੀ, ਪਹਿਲੀ ਮਿਸ਼ਨ ( ਇਹਦੇ ਲਈ ਝਗੜਾ ਨਹੀਂ ਕੀਤਾ ਜਾ ਸੱਕਦਾ) ਆਪਣੀ ਈਜ਼ਬਲ ਜੋ ਕਿ ਵਚਨ ਦੇ ਪ੍ਰਤੀ ਕੰਜਰੀ ਸੀ ਦੇ ਨਾਲ, ਉਸ ਦੀਆਂ ਧੀਆਂ ਪ੍ਰੋਟੈਸਟੈਂਟਾਂ ਦੇ ਨਾਲ ਮਿਲ ਰਿਹਾ ਹੈ, ਉਹ ਸਾਰੇ ਹੁਣ ਆਪਣੇ ਆਪ ਨੂੰ ਇਕੱਠਿਆਂ ਕਰ ਰਹੇ ਹਨ।

309 ਕੀ ਤੁਸੀਂ ਬੈਪਟਿਸਟ ਲੋਕਾਂ ਨੂੰ ਸੁਣਿਆ ਕਿ ਉਹਨਾਂ ਨੇ ਕੀ ਕਿਹਾ ਸੀ? ਕੀ ਤੁਸੀਂ ਜਾਣਦੇ ਹੋ ਕਿ ਉਨ੍ਹਾਂ ਨੇ ਕੀ ਕਿਹਾ ਹੈ? "ਓਹ, ਅਸੀਂ ਉਹਨਾਂ ਦੇ ਨਾਲ ਸ਼ਾਮਿਲ ਨਹੀਂ ਹੋਵਾਂਗੇ,ਪ੍ਰੰਤੂ ਅਸੀਂ ਉਹਨਾਂ ਦੇ ਨਾਲ ਮਿੱਤਰਤਾ ਵਾਲਾ ਵਤੀਰਾ ਰੱਖਾਂਗੇ। ਅਸੀਂ ਉਹਨਾਂ ਦੀਆਂ ਕਲੀਸਿਯਾਵਾਂ ਵਿੱਚ ਸ਼ਾਮਿਲ ਨਹੀਂ ਹੋਵਾਂਗੇ ਪਰ ......." ਇਹ ਹੈ ਗੱਲ। ਤੁਸੀਂ ਬਿਲਕੁੱਲ ਉਹ ਹੀ ਹੋ ਜੋ ਵਚਨ ਦੱਸਦਾ ਹੈ। ਵੇਖਿਆ? ਸਮਝੇ? ਇਸ ਪੁਰਾਣੀ ਕੰਜਰੀ ਦੀ ਪਹਿਲੀ ਗੱਲ ਵੇਖੋ।

310 ਹੁਣ ਉਹ ਆਪਣੇ ਆਪ ਨੂੰ ਇੱਕ ਜਗ੍ਹਾ ਇਕੱਠੇ ਕਰ ਰਹੇ ਹਨ ਅਤੇ ਉਸ ਹਰਮਗਿੱਦੋਨ ਦੇ ਯੁੱਧ ਲਈ ਆ ਰਹੇ ਹਨ ਅਤੇ ਉਹ ਇੱਕ ਮਿਲੇ-ਜੁਲੇ ਘੋੜੇ ਤੇ ਜਿਹਦਾ ਰੰਗ ਚਿੱਟੇ ਅਤੇ ਲਾਲ ਘੋੜੇ ਦੇ ਰੰਗ ਅਤੇ ਕਾਲੇ ਘੋੜੇ ਦੇ ਰੰਗ ਨਾਲ ਮਿਲ ਕੇ ਬਣਿਆ ਹੈ ਦੇ ਉੱਤੇ ਸਵਾਰ ਹਨ। ਇਹ ਤਿੰਨ ਵੱਖ-ਵੱਖ ਅਧਿਕਾਰ ਹਨ ਰਾਜਨਿਤਕ ਅਧਿਕਾਰ, ਆਤਮਿਕ ਅਧਿਕਾਰ, ਸ਼ੈਤਾਨੀ ਅਧਿਕਾਰ ਦੁਆਰਾ ਕਾਬੂ ਅਧਿਕਾਰ ਜੋ ਕਿ ਮਸੀਹ ਵਿਰੋਧੀ ਹੈ। ਤੁਸੀਂ ਉਹਨਾਂ ਤਿੰਨਾਂ ਰੰਗਾਂ ਨੂੰ ਇੱਕ ਜਗ੍ਹਾ ਮਿਲਾ ਕੇ ਵੇਖੋ ਤਾਂ ਤੁਹਾਨੂੰ ਜਰਦ ਅਥਵਾ ਪੀਲਾ ਰੰਗ ਪ੍ਰਾਪਤ ਹੋਵੇਗਾ ਅਤੇ ਉਹ ਇਸੇ ਹੀ ਭੈੜੇ ਜਿਹੇ ਰੰਗ ਦੇ ਘੋੜੇ ਤੇ ਸਵਾਰ ਹੈ। ਇਹ ਠੀਕ ਹੈ। ਹੁਣ ਧਿਆਨ ਦਿਓ। ਵੇਖੋ ਉਹ ਕਾਹਦੇ ਤੇ ਸਵਾਰ ਹੈ। ਉਹ ਪੀਲਾ ਜਿਹਾ ਵਿਖਾਈ ਦੇਣ ਵਾਲਾ, ਡਰਾਉਣਾ ਜਿਹਾ ਲੱਗਣ ਵਾਲਾ ਰੰਗ ਜੋ ਕਿ ਕਾਲਾ, ਲਾਲ ਅਤੇ ਚਿੱਟੇ ਰੰਗ ਦੇ ਨਾਲ ਮਿਲ ਕੇ ਬਣਿਆ ਹੈ, ਉਸ ਰੰਗ ਦੇ ਘੋੜੇ ਤੇ ਸਵਾਰ ਹੈ, ਉਹ ਸੁਰਗ ਦੇ ਥੱਲੇ ਹਰ ਇੱਕ ਜਾਤੀ ਦੇ ਆਪਣੇ ਲੋਕਾਂ ਨੂੰ ਇਕੱਠਾ ਕਰ ਰਿਹਾ ਹੈ ਅਤੇ ਯੁੱਧ ਕਰਨ ਲਈ ਆ ਰਿਹਾ ਹੈ। ਕੀ ਦਾਨੀਏਲ ਦੇ ਦਰਸ਼ਨ ਦਾ ਅਰਥ ਇਹੋ ਹੀ ਨਹੀਂ ਦੱਸਿਆ ਗਿਆ ਸੀ ਕਿ ਉਹ ਲੋਹਾ ਵਾਲਾ ਭਾਗ ਰੋਮ ਦੇ ਹਰ ਇੱਕ ਰਾਜ ਵਿੱਚ ਫੈਲ ਗਿਆ ਸੀ? ਇੱਥੇ ਉਹ ਆਉਂਦੇ ਹਨ ਅਤੇ ਇਕੱਠੇ ਹੋ ਰਹੇ ਹਨ। ਹੁਣ ਤੁਸੀਂ ਇਸਦੀ ਸਮਾਪਤੀ ਤੱਕ ਸ਼ਾਂਤ ਬੈਠੇ ਰਹੋ ਅਤੇ ਧਿਆਨ ਨਾਲ ਸੁਣੋ।

311 ਉਹ ਹੁਣ ਇਹ ਕਰਨ ਦੇ ਲਈ ਇਕੱਠੇ ਹੋ ਰਹੇ ਹਨ। ਉਹ ਪੀਲੇ ਰੰਗ ਦੇ ਘੋੜੇ ਤੇ ਜਿਹਦਾ ਰੰਗ ਤਿੰਨ ਰੰਗਾਂ ਨਾਲ ਮਿਲ ਕੇ ਬਣਿਆ ਹੈ ; ਉਸ ਮਿਲੇ-ਜੁਲੇ ਰੰਗ ਦੇ ਡਰਾਉਣੇ ਜਿਹੇ ਘੋੜੇ ਤੇ ਸਵਾਰ ਹੋ ਕੇ ਧਰਤੀ ਦੇ ਚਾਰਾਂ ਕੋਨਿਆਂ ਤੋਂ ਆਪਣੀ ਫੋਜ ਨੂੰ ਇਕੱਠਾ ਕਰ ਰਿਹਾ ਹੈ; ਇਹ ਸਵਾਰ ਉਹ ਹੀ ਇੱਕ ਆਦਮੀ ਹੈ।

312 ਪ੍ਰਕਾਸ਼ ਪੋਥੀ 19 ਵਿੱਚ ਸਿਰਫ ਉਹ ਹੀ ਤਿਆਰ ਨਹੀਂ ਹੋ ਰਿਹਾ ਬਲਕਿ ਮਸੀਹ ਵੀ ਉਸਦਾ ਮੁਕਾਬਲਾ ਕਰਨ ਨੂੰ ਤਿਆਰ ਹੋ ਰਿਹਾ ਹੈ। ਇਹ ਯੁੱਧ ਘਮਾਸਾਣ ਯੁੱਧ ਹੋਵੇਗਾ। ਪ੍ਰਕਾਸ਼ ਪੋਥੀ 19 ਵਿੱਚ ਮਸੀਹ ਆਪਣੀ ਫੌਜ ਨੂੰ ਧਰਤੀ ਦੇ ਚਹੁੰ ਪਾਸਿਆਂ ਤੋਂ ਇਕੱਠੇ ਨਹੀਂ ਕਰ ਰਿਹਾ ਕਿਉਂਕਿ ਤਦ ਧਰਤੀ ਦੇ ਬਸ ਥੋੜੇ ਜਿਹੇ ਹੀ ਲੋਕ ਬਾਕੀ ਰਹਿ ਜਾਣਗੇ। ਉਹ ਕੀ ਕਰ ਰਿਹਾ ਹੈ? ਉਹ ਉਹਨਾਂ



ਹਨ,ਉਹ ਅਜਿਹਾ ਤਦ ਕਰਦੇ ਹਨ ਜਦ ਸੰਗੀਤ ਚੱਲ ਰਿਹਾ ਹੁੰਦਾ ਹੈ। ਮੈਂ ਜਾਣਦਾ ਹਾਂ ਕਿ ਇਸੇ ਤਰ੍ਹਾਂ ਹੀ ਹੁੰਦਾ ਹੈ। ਅਤੇ ਮੈਂ ਇਸਦਾ ਵੀ ਵਿਸ਼ਵਾਸ਼ ਕਰਦਾ ਹਾਂ। ਪਰ ਮੈਂ ਅੱਜ ਦੇ ਦਿਨਾਂ ਵਿੱਚ ਲੋਕਾਂ ਨੂੰ ਵੇਖਿਆ ਹੈ ਕਿ ਜਦ ਤੱਕ ਸੰਗੀਤ ਵੱਜਦਾ ਹੈ ਤਾਂ ਉਹ ਨੱਚਦੇ ਜਾਂ ਚੀਕਾਂ ਮਾਰਦੇ ਰਹਿੰਦੇ ਹਨ ਪ੍ਰੰਤੂ ਜਦ ਸੰਗੀਤ ਵੱਜਣਾ ਬੰਦ ਹੋ ਜਾਂਦਾ ਹੈ ਤਾਂ ਇਹ ਨੱਚਣਾ ਅਤੇ ਚੀਕਣਾ -ਚਿਲਾਉਣਾ ਬੰਦ ਹੋ ਜਾਂਦਾ ਹੈ। ਸਮਝੇ? ਮੈਂ ਨਿਹਚਾ ਕਰਦਾ ਹਾਂ .....ਠੀਕ ਹੈ, ਜਿੱਥੋਂ ਤੱਕ ਮੇਰਾ ਵਾਸਤਾ ਹੈ, ਤੁਸੀਂ ਵੇਖੋ ਕਿ ਜਿੰਨਾ ਚਿਰ ਤੱਕ ਲੋਕ ਠੀਕ ਤਰ੍ਹਾਂ ਦੇ ਨਾਲ ਰਹਿੰਦੇ ਹਨ, ਤਾਂ ਫਿਰ ਇਹ ਵੀ ਠੀਕ ਹੈ। ਅਤੇ.....

72 ਪਰ ਹੁਣ ਜੇ ਤੁਸੀਂ ਵਚਨ ਲਿਆਉਣਾ ਅਰੰਭ ਕਰ ਦਿਓ!ਹੁਣ ਇਹ ਹੀ ਅਸਲ ਵਿੱਚ ਹੈ ਜੋ ਜੀਵਨ ਲਿਆਉਂਦਾ ਹੈ, ਇਹ ਵਚਨ ਹੀ ਹੈ ਜੋ ਜੀਵਨ ਅਤੇ ਨਵੀਂ ਮੈ ਦੇ ਅਨੰਦ ਦਾ ਉਤਸ਼ਾਹ ਲਿਆਉਂਦਾ ਹੈ। ਸਮਝੇ? ਹਾਂ ਜੀ,ਇਹ ਹੀ ਸੀ ਜੋ ਪੈਂਤੀਕੁਸਤ ਦੇ ਦਿਨ ਤਦ ਹੋਇਆ ਸੀ ਜਦ ਵਚਨ ਪ੍ਰਮਾਣਿਤ ਕੀਤਾ ਗਿਆ ਸੀ।

73 ਹੁਣ ਵੇਖੋ। ਹੁਣ ਯਿਸੂ ਨੇ ਉਨ੍ਹਾਂ ਨੂੰ ਲੂਕਾ 24:49 ਵਿੱਚ ਕਿਹਾ, " ਅਰ ਵੇਖੋ ਮੈਂ ਆਪਣੇ ਪਿਤਾ ਦਾ ਕਰਾਰ ਤੁਹਾਡੇ ਉੱਤੇ ਘੱਲਦਾ ਹਾਂ ਪਰ ਜਦ ਤੱਕ ਤੁਸੀਂ ਉੱਪਰੋਂ ਸਕਤੀ ਨਾ ਪਾਓ ਸ਼ਹਿਰ ਵਿੱਚ ਹੀ ਰਹੋ। " ਪਿਤਾ ਦਾ ਕਰਾਰ ਕੀ ਸੀ? ਯੋਏਲ 2:28 ਵਿੱਚ ਅਸੀਂ ਵੇਖਦੇ ਹਾਂ ਕਿ ਉਹ ਆਤਮਾ ਵਹਾਉਣ ਜਾ ਰਿਹਾ ਸੀ। ਯਸਾਯਾਹ 28:19 ਕਿਵੇਂ ਉਥੇ ਥਥਲੇ ਬੁੱਲ੍ਹ ਅਤੇ ਓਪਰੀਆਂ ਜ਼ੁਬਾਨਾਂ ਹੋਣਗੀਆਂ," ਅਤੇ ਇਹ ਸੱਭ ਗੱਲਾਂ ਹੋਣਗੀਆਂ।

74 ਉਹ ਉੱਥੇ ਉੱਪਰ ਗਏ। ਅਤੇ ਜਿਵੇਂ ਕਿ ਅਸੀਂ ਇਸਦਾ ਅਧਿਐਨ ਕੀਤਾ ਹੈ, ਹੋ ਸੱਕਦਾ ਹੈ ਕਿ ਉਹਨਾਂ ਵਿੱਚੋਂ ਕੋਈ ਇੱਕ ਕਹਿੰਦਾ, "ਚੰਗਾ, ਮੈਂ ਵਿਸ਼ਵਾਸ਼ ਕਰਦਾ ਹਾਂ ਕਿ ਅਸੀਂ ਬਥੇਰੀ ਦੇਰ ਉਡੀਕ ਕਰ ਲਈ ਹੈ। ਆਓ ਚਲੀਏ ਅਤੇ ਅਸੀਂ ਬਸ ਇਸਨੂੰ ਵਿਸ਼ਵਾਸ਼ ਦੁਆਰਾ ਸਵੀਕਾਰ ਕਰੀਏ। "ਇਹ ਇੱਕ ਵਧੀਆ ਬੈਪਟਿਸਟ ਸਿੱਖਿਆ ਸੀ, ਪ੍ਰੰਤੂ ਇਹਨੇ ਉਹਨਾਂ ਭਾਈਆਂ ਵਿੱਚ ਕੰਮ ਨਹੀਂ ਕੀਤਾ।

75 ਸੋ ਇਸ ਤੋਂ ਬਾਦ ਪਹਿਲੀ ਗੱਲ ਤੁਸੀਂ ਜਾਣਦੇ ਹੋ ਕਿ ਇਸਨੇ ਤਾਂ ਅਸਲੀਅਤ ਬਣਨਾ ਸੀ। ਅਤੇ ਉਹਨਾਂ ਨੇ ਵਚਨ ਦੇ ਪ੍ਰਮਾਣਿਤ ਹੋਣ ਲਈ ਆਪਣੀ ਸੇਵਾ ਲਈ ਉਡੀਕ ਕੀਤੀ। ਅਤੇ ਜਦ ਤੁਸੀਂ ਪਵਿੱਤਰ ਆਤਮਾ ਦੀ ਭਾਲ ਕਰਨ ਲਈ ਆਉਂਦੇ ਹੋ ਤਾਂ ਤੁਸੀਂ ਵੀ ਇਸੇ ਤਰ੍ਹਾਂ ਹੀ ਕਰਦੇ ਹੋ।

76 ਹਾਂ ਜੀ, ਤੁਸੀਂ ਇਸਨੂੰ ਵਿਸ਼ਵਾਸ਼ ਦੇ ਦੁਆਰਾ ਪ੍ਰਾਪਤ ਕਰ ਸੱਕਦੇ ਹੋ। ਤੁਹਾਨੂੰ ਮਸੀਹ ਨੂੰ ਵਿਸ਼ਵਾਸ਼ ਦੁਆਰਾ ਕਬੂਲ ਕਰਨਾ ਹੁੰਦਾ ਹੈ। ਇਹ ਬਿਲਕੁੱਲ ਠੀਕ ਹੈ। ਅਤੇ ਤੁਸੀਂ ਪਵਿੱਤਰ ਆਤਮਾ ਨੂੰ ਵਿਸ਼ਵਾਸ਼ ਦੇ ਰਾਹੀਂ ਪ੍ਰਾਪਤ ਕਰਦੇ ਹੋ ;ਅਤੇ ਫਿਰ ਪਵਿੱਤਰ ਆਤਮਾ ਨੂੰ ਪ੍ਰਮਾਣ ਦੇਣ ਲਈ ਆਉਣ ਦਿਓ ਕਿ ਉਹਨੇ ਤੁਹਾਡੇ ਵਿਸ਼ਵਾਸ਼ ਨੂੰ ਕਬੂਲ ਕਰ ਲਿਆ ਹੈ ਤਾਂ ਕਿ ਤੁਹਾਡਾ ਖਤਨਾ ਕਰੇ। ਸਮਝੇ? ਤਦ, ਵੇਖੋ, ਅਬਰਾਹਾਮ ਨੇ ਪ੍ਰਮੇਸ਼ੁਰ ਤੇ ਵਿਸ਼ਵਾਸ਼ ਕੀਤਾ ਅਤੇ ਇਹ ਉਸਦੇ ਲਈ ਧਾਰਮਿਕਤਾ ਗਿਣਿਆ ਗਿਆ। " ਪ੍ਰੰਤੂ ਖੁਦਾ ਨੇ ਸਬੂਤ ਦੇ ਰੂਪ ਵਿੱਚ ਕਿ ਉਸਨੇ ਉਸਦੇ ਵਿਸ਼ਵਾਸ਼ ਨੂੰ ਕਬੂਲ ਕਰ ਲਿਆ ਹੈ, ਖਤਨੇ ਦਾ ਚਿੰਨ੍ਹ ਦਿੱਤਾ।

77 ਸੋ ਇਹ ਹੀ ਚੀਜ਼ ਸਾਨੂੰ ਵੀ ਕਰਨੀ ਚਾਹੀਦੀ ਹੈ। ਸਾਨੂੰ ਵੀ ਪਵਿੱਤਰ ਆਤਮਾ ਲਈ ਉਡੀਕ ਕਰਨੀ ਚਾਹੀਦੀ ਹੈ ਜਦ ਤੱਕ ਕਿ ਉਹ ਕੁਝ ਕਰ ਨਹੀਂ ਦਿੰਦਾ ਹੈ ;ਜਰੂਰੀ ਨਹੀਂ ਕਿ ਗੈਰਜ਼ੁਬਾਨਾਂ

ਬੋਲੀਆਂ ਹਨ,ਇਸ ਲਈ ਨਹੀਂ ਕਿ ਅਸੀਂ ਗਿੱਧਾ ਪਾਇਆ ਹੈ, ਜਾਂ ਅਸੀਂ ਜਜ਼ਬਾਤੀ ਹੋ ਗਏ ਸਾਂ ਜਾਂ ਅਸੀਂ ਰੌਲਾ ਪਾਇਆ ਸੀ। ਅਸੀਂ ਤਦ ਤੱਕ ਪਵਿੱਤਰ ਆਤਮਾ ਦੀ ਉਡੀਕ ਕਰਨੀ ਹੈ ਜਦ ਤੱਕ ਕਿ ਅਸੀਂ ਬਦਲ ਨਹੀਂ ਜਾਂਦੇ ਹਾਂ, ਜਦ ਤੱਕ ਸਾਡੇ ਨਾਲ ਕੁਝ ਅਸਲ ਵਿੱਚ ਨਹੀਂ ਹੋ ਜਾਂਦਾ ਹੈ। ਮੈਂ ਇਹਦੀ ਪ੍ਰਵਾਹ ਨਹੀਂ ਕਰਦਾ ਕਿ ਇਹ ਕਿਸ ਰੂਪ ਵਿੱਚ ਆਉਂਦਾ ਹੈ। ਪਰ ਇਹ ਇਸੇ ਤਰ੍ਹਾਂ ਹੀ ਹੋਇਆ ਇਹ ਹੀ ਗੱਲ ਮੁੱਖ ਹੈ। ਸਮਝੇ?

78 ਅਤੇ ਮੈਂ ਵਿਸ਼ਵਾਸ਼ ਕਰਦਾ ਹਾਂ ਕਿ ਪਰਾਈ ਭਾਖਿਆ ਵਿੱਚ ਬੋਲਣਾ ਅਤੇ ਇਹ ਸੱਭ ਚੀਜ਼ਾਂ ਠੀਕ ਹਨ ਪ੍ਰੰਤੂ ਇਹ ਆਪਣੇ ਆਪ ਵਿੱਚ ਹੀ ਕੰਮ ਨਹੀਂ ਕਰਨਗੀਆਂ। ਅਤੇ ਤੁਸੀਂ ਜਾਣਦੇ ਹੋ ਕਿ ਇਸ ਨਾਲ ਕੰਮ ਨਹੀਂ ਚੱਲੇਗਾ। ਸੋ ਇਹ ਇਸ ਤਰ੍ਹਾਂ ਨਹੀਂ ਕਰਦੀ ਹੈ।

79 ਮੈਂ ਜਾਦੂਗਰਨੀਆਂ ਨੂੰ ਪਰਾਈ ਭਾਖਿਆ ਵਿੱਚ ਬੋਲਦੇ ਸੁਣਿਆ ਹੈ, ਜਾਦੂਗਰਾਂ ਨੂੰ ਗੈਰ ਭਾਸ਼ਾ ਬੋਲਦੇ ਅਤੇ ਤਾਲੀਆਂ ਵਜਾਉਂਦੇ ਸੁਣਿਆ ਹੈ। ਯਕੀਨਨ। ਉਹ ਪੈਂਸਿਲ ਜ਼ਮੀਨ ਉੱਤੇ ਰੱਖ ਦਿੰਦੇ ਹਨ ਅਤੇ ਉਹ ਪੈਂਸਿਲ ਪਰਾਈ ਭਾਸ਼ਾ ਵਿੱਚ ਲਿਖਦੀ ਹੈ। ਅਤੇ ਕੋਈ ਆਦਮੀ ਉਸ ਪਰਾਈ ਭਾਖਿਆ ਦਾ ਤਰਜਮਾ ਕਰਦਾ ਹੈ ਅਤੇ ਉਹ ਸੱਚਾ ਅਰਥ ਦੱਸਦਾ ਹੈ। ਇਹ ਠੀਕ ਗੱਲ ਹੈ। ਅਤੇ ਉਹ ਪੈਂਸਿਲ ਬਿਲਕੁੱਲ ਉਹੋ ਕੁਝ ਲਿਖਦੀ ਹੈ ਜੋ ਹੋ ਚੁੱਕਾ ਸੀ, ਅਤੇ ਉਹ ਇਸ ਤਰ੍ਹਾਂ ਬਿਲਕੁੱਲ ਇਸੇ ਢੰਗ ਦੇ ਨਾਲ ਹੀ ਕਰਦੇ ਹਨ। ਮੈਂ ਉਹਨਾਂ ਨੂੰ ਆਪਣੇ ਸਿਰਾਂ ਵਿੱਚ ਮਿੱਟੀ ਪਾਉਂਦੇ ਹੋਏ ਅਤੇ ਆਪਣੇ ਆਪ ਨੂੰ ਚਾਕੂਆਂ ਨਾਲ ਕੱਟਦੇ ਹੋਏ ਵੇਖਿਆ ਹੈ ਅਤੇ ਉਹ ਆਪਣੇ ਆਪ ਨੂੰ ਪੂਰੀ ਤਰ੍ਹਾਂ ਜੰਗਲੀ ਪਸ਼ੂਆਂ ਦੇ ਖੂਨ ਨਾਲ ਜਾਂ ਕਿਸੇ ਹੋਰ ਚੀਜ ਦੇ ਨਾਲ ਢੱਕ ਲੈਂਦੇ ਹਨ ਅਤੇ ਸ਼ੈਤਾਨ ਨੂੰ ਬੁਲਾ ਲੈਂਦੇ ਹਨ। ਵੇਖੋ, ਯਕੀਨਨ ਹੀ ਉਹ ਇਸ ਤਰ੍ਹਾਂ ਕਰਦੇ ਹਨ। ਇਸ ਲਈ ਤੁਸੀਂ ਵੇਖੋ ਕਿ .....

80 ਪਰਾਈ ਭਾਖਿਆ ਵਿੱਚ ਬੋਲਣਾ ਇਹ ਨਹੀਂ ਕਰਦਾ। " ਭਾਵੇਂ ਮੈਂ ਮਨੁੱਖਾਂ ਅਤੇ ਸੁਰਗੀ ਦੂਤਾਂ ਦੀਆਂ ਬੋਲੀਆਂ ਬੋਲਾਂ ਪਰ ਜੇ ਮੇਰੇ ਵਿੱਚ ਪ੍ਰੇਮ ਨਾ ਹੋਵੇ ਤਾਂ ਮੈਂ ਕੁਝ ਵੀ ਨਹੀਂ ਹਾਂ। " ਸਮਝੇ?ਇਸ ਲਈ ਉਹਨਾਂ ਗੱਲਾਂ ਦਾ ਉਹ ਅਰਥ ਨਹੀਂ ਹੈ ਕਿ ਤੁਸੀਂ ਪਵਿੱਤਰ ਆਤਮਾ ਪਾਇਆ ਹੈ।

81 ਪ੍ਰੰਤੂ ਜਦ ਉਹ, ਵਿਅਕਤੀ ਮਸੀਹ ਦਾ ਅਵਿਨਾਸ਼ੀ ਆਤਮਾ ਤੁਹਾਡਾ ਨਿੱਜੀ ਮੁਕਤੀ ਦਾ ਪਤਾ ਬਣ ਜਾਂਦਾ ਹੈ ਅਤੇ ਤੁਹਾਨੂੰ ਬਦਲ ਦਿੰਦਾ ਹੈ ਅਤੇ ਤੁਹਾਡੇ ਵਿਚਾਰਾਂ ਨੂੰ ਸਿੱਧੇ ਕਲਵਰੀ ਦੀ ਵੱਲ, ਅਤੇ ਇਸ ਵਚਨ ਵੱਲ ਫੇਰ ਦਿੰਦਾ ਹੈ ਤਾਂ ਕੁਝ ਨਾ ਕੁਝ ਹੁੰਦਾ ਹੈ। ਹਾਂ ਜੀ ਸ਼੍ਰੀਮਾਨ। ਕੁਝ ਜਰੂਰ ਹੁੰਦਾ ਹੈ। ਤੁਹਾਨੂੰ ਫਿਰ ਕਿਸੇ ਨੂੰ ਦੱਸਣ ਦੀ ਲੋੜ ਨਹੀਂ ਹੈ। ਜਦ ਇਹ ਹੋਵੇਗਾ ਤੁਸੀਂ ਇਹਨੂੰ ਜਾਣ ਜਾਓਗੇ।

82 ਅਤੇ ਜਦ ਇਹ ਨਵੀਂ ਮੈ ਪ੍ਰਕਾਸ਼ ਲਿਆਉਂਦੀ ਹੈ ਤਾਂ ਵਚਨ ਪ੍ਰਗਟ ਹੁੰਦਾ ਹੈ।

83 ਬਿਲਕੁੱਲ ਇਸੇ ਤਰ੍ਹਾਂ ਹੀ ਪੈਂਤੀਕੁਸਤ ਦੇ ਦਿਨ ਹੋਇਆ ਸੀ। ਉਹ ਜਾਣਦੇ ਸਨ ਕਿ ਉਨ੍ਹਾਂ ਦੇ ਉੱਤੇ ਆਤਮਾ ਉਡੇਲਿਆ ਜਾਣਾ ਹੈ,ਅਤੇ ਉਹਨਾਂ ਨੇ ਤਦ ਤੱਕ ਉਡੀਕ ਕੀਤੀ ਜਦ ਤੱਕ ਇਹ ਹੋ ਨਾ ਗਿਆ। ਅਤੇ ਜਦ ਪ੍ਰਕਾਸ਼ ਦਾ ਪ੍ਰਗਟਾਵਾ ਹੋਇਆ ਤਾਂ ਉਤੇਜਨਾ ਉਹਨਾਂ ਦੇ ਉੱਤੇ ਛਾਈ ਹੋਈ ਸੀ। ਉਹ ਯਕੀਨਨ ਉਤੇਜਿਤ ਸਨ। ਅਤੇ ਪੂਰੇ ਗਰਮ ਜੋਸ਼ੀ ਵਿੱਚ ਸਨ। ਇੱਥੇ ਉਹ ਡਰੇ ਹੋਏ ਸਨ ਅਤੇ ਬੂਹੇ ਬੰਦ ਕੀਤੇ ਹੋਏ ਸਨ ;ਅਤੇ ਇਸ ਉਤੇਜਨਾ ਦੇ ਨਾਲ ਭਰ ਜਾਣ ਤੋਂ ਬਾਦ ਉਹ ਗਲੀਆਂ



ਕੋਲ ਮਹਾਨ ਆਦਮੀ ਸਨ। ਆਖੀਰ ਵਿੱਚ ਉਹਨਾਂ ਦੇ ਕੋਲ ਅਹਾਬ ਵਰਗੇ ਵਾਹਹਯਾਤ ਲੋਕ ਆ ਗਏ ਜਿਸਨੇ ਈਜ਼ਬਲ, ਇੱਕ ਅਵਿਸ਼ਵਾਸ਼ੀ ਨਾਲ ਵਿਆਹ ਕਰਾ ਲਿਆ।

303 ਬਿਲਕੁੱਲ ਇਹ ਹੀ ਕੰਮ ਅਸੀਂ ਵੀ ਕੀਤਾ ਹੈ। ਸਾਡੇ ਕੋਲ ਵਸ਼ਿੰਗਟਨ ਅਤੇ ਲਿੰਕਨ ਸਨ ਪ੍ਰੰਤੂ ਵੇਖੋ ਹੁਣ ਸਾਡੇ ਕੋਲ ਕੀ ਹੈ। ਅਤੇ ਉਸਦੇ ਬਾਰੇ ਵਿੱਚ ਸੱਭ ਤੋਂ ਪਹਿਲੀ ਗੱਲ ਤਾਂ ਇਹ ਹੈ ਕਿ ਉਹਨੇ ਵਿਆਹ ਕੀਤਾ ਹੈ ਅਤੇ ਪੂਰੀ ਤਰ੍ਹਾਂ ਈਜ਼ਬਲ ਦੇ ਪ੍ਰਭਾਵ ਦੇ ਹੇਠਾਂ ਹੈ ਅਤੇ ਉਸੇ ਦੇ ਰੰਗ ਵਿੱਚ ਰੰਗਿਆ ਗਿਆ ਹੈ। ਹੋ ਸੱਕਦਾ ਹੈ ਕਿ ਉਹ ਇੱਕ ਚੰਗਾ ਸੋਹਣਾ ਆਦਮੀ ਹੋਵੇ ਪਰ ਸਾਰਾ ਕੰਮ ਕਾਜ ਈਜ਼ਬਲ ਹੀ ਵੇਖੇਗੀ। ਅਤੇ ਤੁਸੀਂ ਵੇਖੋ ਕਿ ਇਹ ਹੁਣੇ ਹੀ ਹੈ ਅਤੇ ਸਾਰਾ ਪਰਿਵਾਰ ਅੰਦਰ ਆ ਰਿਹਾ ਹੈ।

304 ਲੱਗ-ਭੱਗ ਪੈਂਤੀ ਸਾਲ ਪਹਿਲਾਂ ਪਵਿੱਤਰ ਆਤਮਾ ਨੇ ਮੈਨੂੰ ਕੀ ਦੱਸਿਆ ਸੀ?ਅਤੇ ਤੁਸੀਂ ਜਿਹੜੇ ਪੁਰਾਣੀ ਕਿਸਮ ਦੇ ਲੋਕ ਹੋ ਇਹ ਜਾਣਦੇ ਹੋ......ਤੁਸੀਂ ਉਹਨਾਂ ਸੱਤਾਂ ਗੱਲਾਂ ਨੂੰ ਜਾਣਦੇ ਹੋ ਜਿਹੜੀਆਂ ਅੰਤ ਤੋਂ ਪਹਿਲਾਂ ਹੋਣੀਆਂ ਹਨ। ਅਤੇ ਇਹ ਆਖਰੀ ਭਵਿੱਖਬਾਣੀ ਤੋਂ ਪਹਿਲੀ ਭਵਿੱਖਬਾਣੀ ਹੈ। ਅਤੇ ਬਾਕੀ ਸਾਰੀਆਂ ਘਟਨਾਵਾਂ ਜੋ ਕਿ ਲੜਾਈਆਂ ਅਤੇ ਦੂਸਰੀਆਂ ਘਟਨਾਵਾਂ ਨਾਲ ਸਬੰਧਿਤ ਹਨ ਹੂ-ਬ-ਹੂ ਉਸੇ ਤਰ੍ਹਾਂ ਪੂਰੀਆਂ ਹੋਈਆਂ ਹਨ। ਸਮਝੇ?ਅਤੇ ਹੁਣ ਉਹ ਇਸ ਦੇਸ਼ ਤੇ ਰਾਜ ਕਰਨ ਲਈ ਠੀਕ ਇੱਕ ਔਰਤ ਦੇ ਹੱਥਾਂ ਵਿੱਚ ਹੈ। ਈਜ਼ਬਲ !ਵੇਖਿਆ?

305 ਪਰ ਯਾਦ ਰੱਖੋ ਕਿ ਈਜ਼ਬਲ ਦੇ ਦਿਨਾਂ ਵਿੱਚ ਕੋਈ ਸੀ ਜਿਹਨੇ ਅਸਲ ਵਿੱਚ ਉਹਨਾਂ ਨੂੰ ਉਸਦੇ ਰੰਗ ਵਿਖਾਏ ਸਨ। ਸਮਝੇ?

306 ਹੁਣ ਉਹ ਇਸ ਮਿਲੇ-ਜੁਲੇ ਰੰਗ ਦੇ ਘੋੜੇ ਤੇ ਇੱਕਠੇ ਹੋ ਰਹੇ ਹਨ। ਅਤੇ ਵੇਖੋ ਉਹ ਉਹ ਉਹਨਾਂ ਨੂੰ ਮੱਤਾਂ ਸਿਧਾਤਾਂ, ਮਨੁੱਖਾਂ ਦੀਆਂ ਘੜੀਆਂ ਹੋਈਆਂ ਸਿੱਖਿਆਵਾਂ ਅਤੇ ਜੱਥੇਬੰਦੀਆਂ ਦੇ ਦੁਆਰਾ ਇਕੱਠੇ ਕਰ ਰਿਹਾ ਹੈ। ਕੀ ਇਹ ਠੀਕ ਹੈ?[ਸੰਗਤ ਆਖਦੀ ਹੈ, "ਆਮੀਨ"-ਸੰਪਾ]ਯਕੀਨਨ ਹੀ ਸੰਸਾਰ ਦਾ ਪੀਲਾ ਘੋੜਾ ਮਿਲਿਆ ਜੁਲਿਆ ਰੰਗ, ਮੌਤ ਦਾ ਮਿਲਿਆ ਜੁਲਿਆ ਰੰਗ ਹੈ। ਇਹ ਸਹੀ ਗੱਲ ਹੈ। ਔਹ, ਮੌਤ ਦੇ ਮਿਲੇ-ਜੁਲੇ ਰੰਗਾਂ ਵਿੱਚ, ਪੀਲੇ ਘੋੜੇ ਦੇ ਸੰਸਾਰੀ ਰੂਪ ਵਿੱਚ ਵਚਨ ਦਾ ਪਵਿੱਤਰ ਲਹੂ ਬਿਲਕੁੱਲ ਵੀ ਨਹੀਂ ਹੈ।

307 ਅਤੇ ਗੌਹ ਕਰੋ। ਨੁੱਕਰਾਂ ਤੋਂ ......"ਉਹ ਉਹਨਾਂ ਨੂੰ ਧਰਤੀ ਦੀਆਂ ਚੋਹਾਂ ਨੁੱਕਰਾਂ ਤੋਂ ਅਰਮਾਗਿੱਦੋਨ ਯੁੱਧ ਲਈ ਇਕੱਠੇ ਕਰਦੇ ਹਨ;ਬਾਈਬਲ ਨੇ ਇੰਝ ਹੀ ਆਖਿਆ ਹੈ। " ਜਿਵੇਂ ਕਿ ਮੈਂ ਲਿਖਤਾਂ ਨੂੰ ਲਿਖਿਆ ਹੋਇਆ ਹੈ, ਮੈਂ ਉਹਨਾਂ ਨੂੰ ਸੋਚਣ ਦਾ ਯਤਨ ਕਰ ਰਿਹਾ ਹਾਂ। ਮੈਂ ਉਹਨਾਂ ਦੇ ਬਾਰੇ ਵਿੱਚ ਬਸ ਇਵੇਂ ਹੀ ਨਹੀਂ ਬੋਲ ਰਿਹਾ ਹਾਂ ਪਰ ਜਿੱਥੋਂ ਇਹ ਲਿਖੀਆਂ ਹੋਈਆਂ ਹਨ ਮੈਂ ਉੱਥੇ ਵੇਖ ਰਿਹਾ ਹਾਂ ਕਿ ਇਹ ਕੀ ਹੈ। "ਉਹ ਉਹਨਾਂ ਨੂੰ ਪ੍ਰਭੂ ਪ੍ਰਮੇਸ਼ੁਰ ਦੇ ਯੁੱਧ ਦੇ ਵੱਡੇ ਦਿਹਾੜੇ ਲਈ ਇਕੱਠੇ ਕਰਦਾ ਹੈ। " ਹੁਣ ਤੁਸੀਂ ਜਰਾ ਇਸਦੇ ਵਾਰੇ ਵਿੱਚ ਸੋਚੋ ;ਕਿ ਉਹ ਇਸ ਮਿਲੇ-ਜੁਲੇ ਰੰਗ ਦੇ ਸੰਸਾਰਕ ਪੀਲੇ, ਬੀਮਾਰ ਘੋੜੇ ਤੇ ਇਕੱਠੇ ਹੋ ਰਹੇ ਹਨ;ਤੁਸੀਂ ਜਾਣਦੇ ਹੋ ਕਿ ਇਹ ਇੱਕ ਭਿਆਨਕ ਗੱਲ ਹੈ। ਹੁਣ ਧਿਆਨ ਦਿਓ ਕਿ ਉਹ ਕਿਉਂ ਉਹਨਾਂ ਨੂੰ ਕਿੱਥੋਂ ਇਕੱਠੇ ਕਰਦਾ ਹੈ, "ਧਰਤੀ ਦੇ ਚੋਹਾਂ ਖੂੰਝਿਆਂ ਤੋਂ ਉਹ ਉਹਨਾਂ ਨੂੰ ਇਕੱਠੇ ਕਰਦਾ ਹੈ। " ਹੁਣ ਉਹ ਪ੍ਰਗਟਾਵੇ ਲਈ

ਖੁਦਾ ਤੇ ਉਸਦਾ ਪਿਤਾ ਵਿਸ਼ਵਾਸ਼ ਕਰਦਾ ਸੀ। ਪਰ ਉਹ ਤਾਂ ਇੱਕ ਡਰਪੋਕ ਜਿਹਾ, ਸੰਕੋਚੀ ਜਿਹਾ ਜਾਂ ਇਸ ਤਰ੍ਹਾਂ ਦੇ ਭਾਵ ਨੂੰ ਮਾਫ ਕਰਨਾ ....ਉਹ ਤਾਂ ਚੰਗਾ ਨਹੀਂ ਸੀ। ਉਹ-ਉਹ ਜਿੱਥੋਂ ਤੱਕ ਚਾਲ-ਚਲਣ ਦਾ ਸਬੰਧ ਹੈ ਏਸਾਉ ਸੱਚ-ਮੁੱਚ ਯਕੂਬ ਦੇ ਨਾਲੋਂ ਕਿਤੇ ਵੱਧ ਚੰਗੇ ਚਾਲ-ਚਲਣ ਵਾਲਾ ਮਨੁੱਖ ਸੀ। ਪ੍ਰੰਤੂ ਤੁਸੀਂ ਵੇਖੋ, ਉਸਨੇ ਸੋਚਿਆ ਨਹੀਂ ਸੀ ......"ਇਸਦਾ ਜਨਮ ਸਿੱਧ ਅਧਿਕਾਰ ਨਾਲ ਕੀ ਸਬੰਧ ਹੈ ?" ਅਤੇ ਉਹਨੇ ਆਪਣਾ ਜਨਮ ਹੱਕ ਯਕੂਬ ਨੂੰ ਵੇਚ ਦਿੱਤਾ। ਸਮਝੇ?

297 ਪ੍ਰੰਤੂ ਯਕੂਬ ਦੇ ਕੋਲ ਏਸਾਉ ਵਰਗੀਆਂ ਵੱਡੀਆਂ-ਵੱਡੀਆਂ ਚੀਜ਼ਾਂ ਤਾਂ ਨਹੀਂ ਸਨ। ਅਤੇ ਨਾ ਹੀ ਯਕੂਬ ਦੇ ਕੋਲ ਏਸਾਉ ਵਾਂਗ ਵਿਰਸਾ(ਮਿਰਾਸ) ਹੀ ਸੀ। ਪਰ ਇੱਕ ਚੀਜ਼ ਸੀ ਜਿਹੜੀ ਯਕੂਬ ਚਹੁੰਦਾ ਸੀ ਅਤੇ ਉਹ ਸੀ ਜਨਮ ਸਿੱਧ ਅਧਿਕਾਰ। ਉਸਨੇ ਇਸਦੀ ਪ੍ਰਵਾਹ ਨਹੀਂ ਕੀਤੀ ਕਿ ਉਹ ਇਸਨੂੰ ਕਿਵੇਂ ਪ੍ਰਾਪਤ ਕਰੇਗਾ ;ਉਹ ਤਾਂ ਬਸ ਉਸਨੂੰ ਪ੍ਰਾਪਤ ਕਰਨ ਜਾ ਰਿਹਾ ਸੀ। ਅਤੇ ਖੁਦਾ ਨੇ ਇਸਦੇ ਲਈ ਉਹਦਾ ਸਨਮਾਨ ਕੀਤਾ।

298 ਅਤੇ ਬਿਲਕੁੱਲ ਇਹੋ ਹੀ ਗੱਲ ਅੱਜ ਵੀ ਦਿਮਾਗੀ ਬੁੱਧੀ ਵਾਲੇ, ਸੰਸਾਰਕ ਮਨੁੱਖ ਦੇ ਨਾਲ ਹੈ। ਉਹ ਕਹਿੰਦਾ ਹੈ, " ਚੰਗਾ, ਮੈਂ ਤਾਂ ਸਰਕਾਰੀ ਗਿਰਜੇ ਦੇ ਨਾਲ ਸਬੰਧ ਰੱਖਦਾ ਹਾਂ। ਮੈਂ ਤਾਂ *ਇਸ* ਗਿਰਜੇ ਦਾ ਮੈਂਬਰ ਹਾਂ, ਮੈਂ ਤਾਂ *ਉਸ* ਗਿਰਜੇ ਦਾ ਮੈਂਬਰ ਹਾਂ। " ਇਹਨਾਂ ਗੱਲਾਂ ਦਾ ਇਸਦੇ ਨਾਲ ਕੋਈ ਵੀ ਲੈਣਾ ਦੇਣਾ ਨਹੀਂ ਹੈ।

299 ਧਿਆਨ ਦਿਓ, ਉਹ ਹੁਣ ਉਸਦੇ ਰਲੇ-ਮਿਲੇ ਘੋੜੇ ਤੇ ਇਕੱਠੇ ਹੋ ਰਹੇ ਹਨ। ਉਹ ਹੁਣ ਆਪਣੇ ਮਿਲੇ-ਜੁਲੇ ਘੋੜੇ ਤੇ ਉਹਨਾਂ ਨੂੰ ਇਕੱਠਿਆਂ ਕਰ ਰਿਹਾ ਹੈ ਕਿਉਂਕਿ ਉਸਦੇ ਕੋਲ ਰਾਜਨਿਤਕ ਸ਼ਕਤੀ ਹੈ।

300 ਕੀ ਤੁਸੀਂ ਵਿਸ਼ਵਾਸ਼ ਨਹੀਂ ਕਰਦੇ ਕਿ ਉਸਦੇ ਕੋਲ ਹੈ?ਹੁਣੇ ਜਿਹੇ ਕਿਵੇਂ ਉਹ ਰਾਸ਼ਟਰਪਤੀ ਬਣਿਆ ਹੈ? ਕਿੰਝ ਫੇਰ ਕਦੇ ਉਹ ਉਤਾਂਹ ਚੜ ਸੱਕਦਾ ਸੀ? ਹੂੰ-ਹੂੰ!ਤੁਸੀਂ ਲੋਕਤੰਤਰੀ ਲੋਕੋ, ਤੁਸੀਂ ਜਿਹੜੇ ਇੱਥੇ ਧਰਮ ਦੀ ਅਜ਼ਾਦੀ ਲਈ ਆਉਂਦੇ ਹੋ ਤੁਸੀਂ ਅਪਣੇ ਜਨਮ ਸਿੱਧ ਹੱਕਾਂ ਨੂੰ ਰਾਜਨਿਤੀ ਲਈ ਵੇਚ ਦੇਵੋਗੇ। ਮੈਂ ਇਸਦੇ ਵਿਰੁੱਧ ਨਹੀਂ ਹਾਂ .....ਲੋਕਤੰਤਰ ਪਾਰਟੀ ਠੀਕ ਹੈ ; ਪ੍ਰੰਤੂ ਉਹ ਦੋਹੇਂ ਹੀ ਸੜੇ-ਗਲੇ ਹਨ। ਮੈਂ ਤਾਂ ਮਸੀਹਤ ਦੇ ਬਾਰੇ ਵਿੱਚ ਗੱਲ ਕਰ ਰਿਹਾ ਹਾਂ। ਪਰ ਤੁਸੀਂ ਲੋਕ ਤਾਂ ਇਸ ਤਰ੍ਹਾਂ ਦਾ ਕੁਝ ਅੰਦਰ ਲਿਆਉਣ ਲਈ ਆਪਣੇ ਜਨਮ ਸਿੱਧ ਹੱਕਾਂ ਨੂੰ ਲੋਕਤੰਤਰ ਦੀ ਟਿਕਟ ਲਈ ਵੇਚ ਦਿੰਦੇ ਹੋ। ਤੁਹਾਨੂੰ ਸ਼ਰਮ ਆਉਣੀ ਚਾਹੀਦੀ ਹੈ

301 ਕੀ ਤੁਸੀਂ ਮਹਿਸੂਸ ਨਹੀਂ ਕਰਦੇ ਕਿ ਇਹ ਕੋਮ ਬਿਲਕੁੱਲ ਇਸਰਾਈਲ ਦੇ ਨਮੂਨੇ ਤੇ ਚੱਲ ਰਹੀ ਹੈ? ਇਸਰਾਈਲ ਨੇਕੀ ਕੀਤਾ ਸੀ? ਉਹ ਇੱਕ ਅਜਨਬੀ ਭੂਮੀ ਤੇ ਆਏ ਅਤੇ ਉੱਥੋਂ ਦੇ ਵਾਸੀਆਂ ਨੂੰ ਬਾਹਰ ਕੱਢਿਆ ਅਤੇ ਉਹਨਾਂ ਨੂੰ ਮਾਰ ਦਿੱਤਾ ਅਤੇ ਉਸ ਜਗ੍ਹਾ ਨੂੰ ਆਪਣੇ ਕਬਜ਼ੇ ਵਿੱਚ ਲੈ ਲਿਆ। ਬਿਲਕੁੱਲ ਇਸੇ ਤਰ੍ਹਾਂ ਹੀ ਅਸੀਂ ਇੰਡੀਅਨਜ਼ ਨਾਲ ਕੀਤਾ ਹੈ। ਰੈੱਡ ਇੰਡੀਅਨਜ਼ ਹੀ ਸੱਚੇ ਅਮਰੀਕੀ ਹਨ, ਸਾਡੇ ਰੈੱਡ ਇੰਡੀਅਨਜ਼ ਦੋਸਤ ਹੀ ਸੱਚੇ ਅਮਰੀਕੀ ਹਨ।

302 ਅਤੇ ਫਿਰ ਉਹਨਾਂ ਨੇ ਕੀ ਕੀਤਾ ਸੀ? ਇਸਰਾਏਲ ਦੇ ਕੋਲ ਕੁਝ ਮਹਾਨ ਲੋਕ ਸਨ। ਪਹਿਲੀ ਗੱਲ ਤੁਸੀਂ ਜਾਣਦੇ ਹੋ ......ਉਹਨਾਂ ਦੇ ਕੋਲ ਦਾਊਦ ਸੀ ਉਹਨਾਂ ਦੇ ਕੋਲ ਸੁਲੇਮਾਨ ਸੀ। ਉਸਦੇ



ਵਿੱਚ ਨਿੱਕਲ ਆਏ ਸਨ। ਯਕੀਨਨ ਹੀ ਉਹਨਾਂ ਨੇ ਇਸੇ ਤਰ੍ਹਾਂ ਹੀ ਕੀਤਾ ਸੀ। ਜਿਹੜੇ ਲੋਕਾਂ ਦੇ ਸਮੂਹ ਤੋਂ ਉਹ ਪਹਿਲਾਂ ਡਰਦੇ ਸਨ ਹੁਣ ਉਹਨਾਂ ਨੂੰ ਹੀ ਖੁਸ਼ਖਬਰੀ ਦਾ ਪ੍ਰਚਾਰ ਕਰ ਰਹੇ ਸਨ। ਇਹ ਠੀਕ ਗੱਲ ਹੈ। ਸਮਝੇ? ਕਿਉਂਕਿ ਕੁਝ ਹੋਇਆ ਸੀ ਕਿਉਂਕਿ ਵਾਅਦੇ ਦਾ ਸੱਚਾ ਵਚਨ ਪ੍ਰਮਾਣਿਤ ਕੀਤਾ ਗਿਆ ਸੀ।

84 ਹੁਣ ਆਓ ਅਸੀਂ ਇਸੇ ਤੇ ਇੱਕ ਮਿੰਟ ਰੁਕੀਏ। ਜੇ ਉਸਨੇ ਉਹਨਾਂ ਰਸੂਲਾਂ ਵਿੱਚ ਏਨੀ ਸਮਰੱਥਾ ਲੈ ਆਂਦੀ ਸੀ ਕਿ ਉਹ .....ਲੱਗ-ਭੱਗ ਉਹਨਾਂ ਵਿੱਚੋਂ ਸਭਨਾਂ ਨੇ ਆਪਣੀ ਗਵਾਹੀ ਨੂੰ ਆਪਣੇ ਲਹੂ ਦੇ ਨਾਲ ਮੋਹਰਬੰਦ ਕੀਤਾ। ਕੋਈ ਪ੍ਰਵਾਹ ਨਹੀਂ ਉਹਨਾਂ ਦੇ ਸਾਹਮਣੇ ਕੀ ਆਇਆ ਉਹ ਜਦ ਤੱਕ ਜੀਉਂਦੇ ਰਹੇ ਉਹਨਾਂ ਨੇ ਇਸਦਾ ਕਦੇ ਵੀ ਇਨਕਾਰ ਨਹੀਂ ਕੀਤਾ। ਉਹ ਇਸੇ ਤੇ ਟਿਕੇ ਰਹੇ ਕਿਉਂਕਿ ਇਹ ਕਰਾਰ ਕੀਤਾ ਹੋਇਆ ਸੱਚਾ ਵਚਨ ਸੀ, ਜੋ ਸਾਬਤ ਕੀਤਾ ਗਿਆ ਸੀ। ਉਹ ਪ੍ਰਕਾਸ਼ ਪ੍ਰਮਾਣਿਤ ਹੋ ਗਿਆ ਸੀ। ਅਤੇ ਉਹ ਮਰ ਗਏ ਸਨ, ਅਤੇ ਉਹਨਾਂ ਨੇ ਆਪਣੀ ਹੀ ਗਵਾਹੀ ਤੇ ਆਪਣੇ ਲਹੂ ਦੀ ਮੋਹਰ ਲਾਈ ਸੀ।

85 ਹੁਣ ਤੁਸੀਂ ਅੰਤ ਦੇ ਦਿਨਾਂ ਦੇ ਕਰਾਰ ਵੱਲ ਵੇਖੋ। ਅਤੇ ਇੱਥੇ ਅਸੀਂ ਇਹਨੂੰ ਠੀਕ ਆਪਣੀਆਂ ਅੱਖਾਂ ਦੇ ਸਾਹਮਣੇ ਪ੍ਰਮਾਣਿਤ ਹੁੰਦਾ ਹੋਇਆ ਵੇਖਦੇ ਹਾਂ-ਅਸੀਂ ਇੱਥੇ ਆਪਣੇ ਸਾਹਮਣੇ ਵਰਤਮਾਨ ਵਿੱਚ ਪਵਿੱਤਰ ਆਤਮਾ ਦੇ ਆਉਣ ਅਤੇ ਉਸਨੂੰ ਉਹਨਾਂ ਕੰਮਾਂ ਨੂੰ ਕਰਦੇ ਹੋਏ ਵੇਖਿਆ ਹੈ ਜਿਹੜੇ ਉਹਨੇ ਕਰਨੇ ਸਨ, ਅਤੇ ਅਸੀਂ ਬਿਲਕੁੱਲ ਆਪਣੇ ਵਿਚਕਾਰ ਉਹਨਾਂ ਕੰਮਾਂ ਨੂੰ ਵੇਖਦੇ ਹਾਂ। ਸਮਝੇ? ਔਹ, ਸਾਨੂੰ ਚਾਹੀਦਾ ਹੈ ...... ਹੇ ਮੇਰੇ ਪ੍ਰਭੂ !ਅਸੀਂ ਕਿਵੇਂ ਸੁਣ ਸੱਕਦੇ ਹਾਂ?ਦੋਸਤੋਂ ਮੈਂ ਤੁਹਾਨੂੰ ਦੱਸਦਾ ਹਾਂ ਕਿ ਕੁਝ ਹੁੰਦਾ ਹੈ !ਜਦ ਸੱਚੇ, ਖਰੇ, ਇਮਾਨਦਾਰ ਪਹਿਲਾਂ ਤੋਂ ਚੁਣੇ ਹੋਏ ਨਿਹਚਾਵਾਨ ਤੇ, ਜਦ ਇਹ ਰੋਸ਼ਨੀ ਉਸ ਬੀਜ਼ ਨਾਲ ਟਕਰਾਉਂਦੀ ਹੈ ਤਾਂ ਕੁਝ ਨਵੇਂ ਜੀਵਨ ਲਈ ਨਿੱਕਲ ਆਉਂਦਾ ਹੈ। ਜਿਵੇਂ ਖੂਹ ਤੇ ਪਾਣੀ ਭਰਨ ਆਈ ਔਰਤ ਦੇ ਨਾਲ ਹੋਇਆ ਸੀ!

86 ਇੱਥੇ ਉਹਨਾਂ ਵਿਦਵਾਨ ਜਾਜਕਾਂ ਨੇ ਆਖਿਆ ਸੀ, "ਚੰਗਾ, ਇਹ ਤਾਂ ਸ਼ੈਤਾਨ ਹੈ। ਇਹ ਤਾਂ ਭਵਿੱਖ ਦੱਸਣ ਵਾਲਾ ਹੈ। ਉਹ-ਉਹ ਤਾਂ ਬਸ ਉਹਨਾਂ ਲੋਕਾਂ ਨੂੰ ਉਹਨਾਂ ਦੇ ਭਵਿੱਖ ਦੇ ਬਾਰੇ ਵਿੱਚ ਦੱਸਦਾ ਹੈ। ਅਤੇ ਉਹ ਤਾਂ ਸ਼ੈਤਾਨ ਹੈ। "

87 ਪ੍ਰੰਤੂ ਉੱਥੇ ਹੀ ਸਾਧਾ ਜਿਹੀ ਔਰਤ ਪਹਿਲੇ ਠਹਿਰਾਏ ਹੋਏ ਬੀਜ਼ ਦੇ ਨਾਲ ਸੀ !ਹੁਣ ਤੁਸੀਂ ਸੋਚਦੇ ਹੋ ਕੀ ਇਹ ਠੀਕ ਨਹੀਂ ਹੈ?ਪ੍ਰੰਤੂ ਯਿਸੂ ਨੇ ਕਿਹਾ ਸੀ, " ਕੋਈ ਮੇਰੇ ਕੋਲ ਨਹੀਂ ਆ ਸੱਕਦਾ ਜਦ ਤੱਕ ਪਿਤਾ ਹੀ ਉਸਨੇ ਨਾ ਖਿੱਚੇ ਅਤੇ ਉਹ ਸੱਭ ਜਿਹਨਾਂ ਨੂੰ ਪਿਤਾ ਨੇ ਮੈਨੂੰ ਦਿੱਤਾ ਹੈ ਮੇਰੇ ਕੋਲ ਆਉਣਗੇ। " ਅਤੇ ਉਹ .......

88 ਅਤੇ ਮਸੀਹ ਵਿਰੋਧੀ ਅੰਤ ਦੇ ਦਿਨਾਂ ਵਿੱਚ ਯੋਗ ਹੋਵੇਗਾ ......ਅਸੀਂ ਉਸ ਮਸੀਹ ਵਿਰੋਧੀ ਆਤਮਾ ਦਾ ਫਿਰਕਾਪ੍ਰਸਤੀ ਦੇ ਮੱਤਾਂ ਵਿੱਚ ਅਧਿਐਨ ਕੀਤਾ ਹੈ ਅਤੇ ਇਹ ਸਿੱਧ ਕੀਤਾ ਹੈ ਕਿ ਨਾਮਧਾਰੀ ਕਲੀਸਿਯਾਵਾਂ ਦਾ ਮੱਤ ਹੀ ਮਸੀਹ ਵਿਰੋਧੀ ਹੈ। ਅਤੇ ਹੁਣ ਕੋਈ ਵੀ ਆਦਮੀ ਇੱਥੋਂ ਕਿੰਨੀ ਹੀ ਦੂਰ ਜਾ ਸੱਕਦਾ ਹੈ ਅਤੇ ਇਹ ਨਿਹਚਾ ਕਰ ਸੱਕਦਾ ਹੈ ਕਿ ਜੱਥੇਬੰਦੀਆਂ ਦੀ ਪ੍ਰਣਾਲੀ ਗਲਤ ਨਹੀਂ ਹੈ ਅਤੇ ਇਹ ਮਸੀਹ ਵਿਰੋਧੀ ਨਹੀਂ ਹੈ ਉਸਦੇ ਨਾਲ ਜਰੂਰ ਕੋਈ ਗੜਬੜ ਹੈ। ਜਦ ਕਿ ਇਹ ਚੰਗੀ ਤਰ੍ਹਾਂ ਨਾਲ ਇਤਿਹਾਸ ਵਿੱਚੋਂ, ਹਰ ਇੱਕ ਗੱਲ ਨਾਲ, ਪ੍ਰਮੇਸ਼ੁਰ ਦੇ ਵਚਨ ਦੇ ਨਾਲ ਅਤੇ

ਬਾਕੀ ਸੱਭ ਚੀਜ਼ਾਂ ਦੇ ਰਾਹੀਂ ਸਿੱਧ ਹੋ ਗਿਆ ਹੈ ਕਿ ਉਹ ਮਸੀਹ ਵਿਰੋਧੀ ਹੈ। ਅਤੇ ਰੋਮ ਇਸਦਾ ਹੈੱਡ ਹੈ। ਅਤੇ ਇਹ ਦੀਆਂ ਧੀਆਂ ਕਲੀਸਿਯਾਵਾਂ ਇਸਦੀ ਪੈਰਵ੍ਹੀ ਕਰਦੀਆਂ ਹਨ। ਅਤੇ ਉਹ ਦੋਨੋਂ ਹੀ ਨਰਕ ਵਿੱਚ ਸੁੱਟੀਆਂ ਜਾਂਦੀਆਂ ਹਨ। ਇਸ ਲਈ ਅਸੀਂ ਇਸ ਮਸੀਹ ਵਿਰੋਧੀ ਨੂੰ ਵੇਖਦੇ ਹਾਂ, ਅਸੀਂ ਇਹਦੀ ਅਤਮਾ ਨੂੰ ਵੇਖਦੇ ਹਾਂ।

89 ਅਤੇ ਜਿਹੜੇ ਦਿਨ ਵਿੱਚ ਅਸੀਂ ਰਹਿ ਰਹੇ ਹਾਂ, ਤਾਂ ਕਿਉਂ ਇਹਨੂੰ, "ਉਹ ਅਨੰਦ ਨਹੀਂ ਲੈ ਕੇ ਆਉਣਾ ਚਾਹੀਦਾ ਜਿਹੜਾ ਬਿਆਨ ਨਹੀਂ ਹੋ ਸੱਕਦਾ ਅਤੇ ਮਹਿਮਾਂ ਨਾਲ ਭਰਿਆ ਹੋਇਆ ਹੈ।" ਅਤੇ ਜਿਉਂ ਹੀ ਉਸ ਛੋਟੀ ਸਾਮਰੀ ਔਰਤ ਉੱਤੇ ਇਹ ਪਿਆ, ਬੱਲੇ, ਤੇ ਉਹ ਬੀਜ ਫੁੱਟ ਨਿੱਕਲਿਆ।

90 ਹੁਣ ਯਾਦ ਰੱਖੋ ਕਿ ਬਾਈਬਲ ਆਖਦੀ ਹੈ ਕਿ ਅੰਤ ਦੇ ਦਿਨਾਂ ਵਿੱਚ ਇਹ ਮਸੀਹ ਵਿਰੋਧੀ," ਸਾਰੇ ਸੰਸਾਰ ਨੂੰ ਹੀ ਭਰਮਾਏਗਾ। "

91 ਤੇ ਸਿਰਫ ਇੱਕ ਛੋਟਾ ਜਿਹਾ ਝੁੰਢ ਹੀ ਹੋਵੇਗਾ ਜਿਹਨਾਂ ਦੇ ਨਾਮ ਜਗਤ ਦੀ ਨੀਂਹ ਧਰਨ ਤੋਂ ਅਗੇਤਰੇ ਹੀ ਲੇਲੇ ਦੇ ਜੀਵਨ ਦੀ ਪੋਥੀ ਵਿੱਚ ਲਿਖੇ ਹੋਏ ਸਨ। ਅਰ ਜਦ ਖੁਦ ਦੇ ਵਚਨ ਦਾ ਅਸਲੀ ਪ੍ਰਗਟੀਕਰਨ ਉਸ ਹਿਰਦੇ ਤੇ ਪੈਂਦਾ ਹੈ ਤਾਂ ਉਹ ਪਾਣੀ ਨਾਲ ਟਕਰਾਏਗਾ ਅਤੇ ਤਦ ਪਵਿੱਤਰ ਆਤਮਾ ਨਾਲ ਜਿੰਨੀ ਜੋਰ ਨਾਲ ਹੋ ਸਕੇ ਟਕਰਾਏਗਾ ਅਤੇ ਤੁਸੀਂ ਉਸਨੂੰ ਇਸ ਤਰ੍ਹਾਂ ਕਰਨ ਤੋਂ ਰੋਕ ਨਹੀਂ ਸੱਕਦੇ ਹੋ ਕਿਉਂਕਿ ਨਵਾਂ ਜੀਵਨ ਉਸ ਵਿੱਚ ਕੰਮ ਕਰ ਰਿਹਾ ਹੈ।

92 ਜਿਆਦਾ ਸਮਾਂ ਨਹੀਂ ਹੋਇਆ ਕਿ ਜਦ ਮੈਂ ਉਸ ਆਦਮੀ ਨਾਲ ਗੱਲਾਂ ਕਰ ਰਿਹਾ ਸੀ ਜੋ ਮੇਰੇ ਨਾਲ ਬਹਿਸ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ ਅਤੇ ਕਹਿ ਰਿਹਾ ਸੀ, " ਕੀ ਤੈਨੂੰ ਇਹ ਕਹਿੰਦੇ ਹੋਏ ਸ਼ਰਮ ਨਹੀਂ ਆਉਂਦੀ ਕਿ ਪ੍ਰਮੇਸ਼ੁਰ ਨੇ ਧਰਤੀ ਅਤੇ ਅਕਾਸ਼ ਦੀ ਰਚਨਾ ਤਿੰਨ ਦਿਨ ਵਿੱਚ .....ਜਾਂ ਛੇ ਦਿਨਾਂ ਵਿੱਚ ਕੀਤੀ ਸੀ?"

ਮੈਂ ਕਿਹਾ, " ਇਹ ਹੀ ਹੈ ਜੋ ਬਾਈਬਲ ਕਹਿੰਦੀ ਹੈ। "

93 ਉਹਨੇ ਕਿਹਾ, " ਚੰਗਾ, ਸਾਡੇ ਕੋਲ ਸਬੂਤ ਹਨ ਅਤੇ ਅਸੀਂ ਸਾਬਤ ਕਰ ਸੱਕਦੇ ਹਾਂ ਕਿ ਸੰਸਾਰ ਲੱਖਾਂ ਸਾਲ ਪੁਰਾਣਾ ਹੈ।

94 ਮੈਂ ਕਿਹਾ, ਇਹਦਾ ਉਸਦੇ ਨਾਲ ਕੋਈ ਵਾਸਤਾ ਨਹੀਂ ਹੈ। ਉਤਪਤ 1:1 ਵਿੱਚ ਕਿਹਾ ਗਿਆ ਹੈ ਕਿ, ' ਆਦਿ ਵਿੱਚ ਪ੍ਰਮੇਸ਼ੁਰ ਨੇ ਅਕਾਸ਼ ਅਤੇ ਧਰਤੀ ਦੀ ਰਚਨਾ ਕੀਤੀ। ' ਸਮਾਂ !ਬਸ ਬਾਈਬਲ ਵਿੱਚ ਏਨਾ ਹੀ ਦੱਸਿਆ ਗਿਆ ਹੈ। ਅਤੇ ਧਰਤੀ ਬੇਡੋਲ ਅਤੇ ਸੁੰਨੀ ਸੀ। ਮੈਂ ਆਖਿਆ, "ਮੇਰਾ ਯਕੀਨ ਹੈ ਕਿ ਹਰੇਕ ਬੀਜ਼ ਕਿਸੇ ਹੋਰ ਸੱਭਿਅਤਾ ਦਾ ਜਾਂ ਕਿਸੇ ਅਜਿਹੀ ਹੀ ਜਗ੍ਹਾ ਦਾ ਪਹਿਲਾਂ ਹੀ ਉੱਥੇ ਪਿਆ ਹੋਇਆ ਸੀ। ਅਤੇ ਜਿਉਂ ਹੀ ਪਾਣੀ ਹਟਾਇਆ ਗਿਆ ਤੇ ਰੋਸ਼ਨੀ ਉਸ ਤੇ ਪਈ ਤੇ ਤਦ ਰੁੱਖ ਅਤੇ ਸੱਭ ਕੁਝ ਉੱਪਰ ਆ ਗਿਆ। "

95 ਇਹ ਇੱਕ ਨਮੂਨਾ ਹੈ, ਇਸੇ ਤਰ੍ਹਾਂ ਹੀ ਮਨੁੱਖ ਦੇ ਨਾਲ ਵੀ ਹੈ। ਜਦ ਸਾਰੀ ਧੁੰਦ ਹਟ ਜਾਂਦੀ ਹੈ ਅਤੇ ਉਸ ਅਸਲੀ ਬੀਜ਼ ਤੇ ਜੋ ਉੱਥੇ ਪਿਆ ਹੋਇਆ ਸੀ ਜਦ ਉਹਦੇ ਉੱਤੇ ਸੱਚਾਈ ਪ੍ਰਗਟ ਹੋਈ ਤਾਂ ਉਹ ਫੁੱਟ ਨਿੱਕਲਿਆ ਅਤੇ ਵਚਨ ਦੇ ਸੱਚੇ ਸਬੂਤ ਦੇ ਦੁਆਰਾ ਖੁਸ਼ਖਬਰੀ ਦਾ ਸੰਦੇਸ਼ ਇਹਦੇ



ਉਸਨੇ ਉਹਨਾਂ ਨੂੰ ਕਿਹਾ, " ਫੇਰ ਤੁਸਾਂ ਕਾਹਦਾ ਬਪਤਿਸਮਾ ਲਿਆ ?"

290 ਹੁਣ ਵੇਖੋ ਕਿ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਜਾਂ ਫਿਰ ਸਾਡੇ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਬਪਤਿਸਮਾ ਲੈਣਾ, ਇਹ ਠੀਕ ਹੈ, ਪ੍ਰੰਤੂ ਸਿਰਫ ਏਨਾ ਹੀ ਕਰਨਾ ਕਾਫੀ ਨਹੀਂ ਹੈ। ਨਹੀਂ ਜੀ ਸ਼੍ਰੀਮਾਨ। ਤੁਸੀਂ ਇਸ ਤਰ੍ਹਾਂ ਪੰਜਾਹ ਵਾਰ ਬਪਤਿਸਮਾ ਲੈ ਸੱਕਦੇ ਹੋ ਪਰ ਇਹਦੇ ਨਾਲ ਤੁਹਾਨੂੰ ਜਰਾ ਵੀ ਲਾਭ ਨਹੀਂ ਹੋਵੇਗਾ ਜਦ ਤੱਕ ਕਿ ਪਵਿੱਤਰ ਆਤਮਾ ਆ ਕੇ ਤੁਹਾਡਾ ਹਿਰਦਾ ਨਾ ਬਦਲੇ। ਇਹ ਸੱਭ ਕੁਝ ਇਕੱਠਿਆਂ ਚੱਲਣਾ ਚਾਹੀਦਾ ਹੈ। ਧਿਆਨ ਦਿਓ ਕਿ ਇਹ ਮਸੀਹ ਹੈ!

291 ਮਸੀਹ ਵਿਰੋਧੀ ਸੱਚੀ ਲਾੜੀ ਦੀ ਸਿੱਖਿਆ ਨੂੰ ਰੱਦ ਕਰਦਾ ਹੈ ਅਤੇ ਇਸੇ ਲਈ ਉਹ ਆਪਣੀ ਨਿੱਜੀ ਲਾੜੀ ਨੂੰ ਲੈਂਦਾ ਹੈ ਅਤੇ ਉਸਨੂੰ ਆਪਣੀ ਨਿੱਜੀ ਸਿੱਖਿਆ ਨਾਲ ਬਣਾਉਂਦਾ ਹੈ। ਉਹ ਆਪਣੀ ਨਿੱਜੀ ਲਾੜੀ ਨੂੰ ਲੈਂਦਾ ਹੈ ਅਤੇ ਉਸਨੂੰ ਇੱਕ ਫਿਰਕਾਪ੍ਰਸਤ ਕਲੀਸਿਯਾ ਬਣਾਉਂਦਾ ਹੈ!ਅਤੇ ਜਿਵੇਂ ਕਿ ਪਵਿੱਤਰ ਲਿਖਤਾਂ ਵਿੱਚ ਹਵਾਲਾ ਦਿੱਤਾ ਗਿਆ ਹੈ ਉਹ ਹੋਰ ਦੂਸਰੀਆਂ ਫਿਰਕਾਪ੍ਰਸਤ ਕਲੀਸਿਯਾਵਾਂ ਨੂੰ ਜਨਮ ਦਿੰਦੀ ਹੈ;ਉਹ ਅਪਣੀਆਂ ਧੀਆਂ ਨੂੰ ਜਨਮ ਦਿੰਦੀ ਹੈ। ਅਤੇ ਉਹ ਨਹੀਂ ......ਅਤੇ ਉਹ ਬਿਲਕੁੱਲ ਆਪਣੀ ਮਾਂ ਵਾਂਗ ਹੀ ਦੁਨੀਆਵੀ, ਸੰਸਾਰਕ, ਮਿਸ਼ਨਾਂ ਵਰਗੀ, ਆਤਮਿਕ ਲਾੜੀ ਜੋ ਕਿ ਵਚਨ ਹੈ ਦਾ ਵਿਰੋਧ ਕਰਨ ਵਾਲੀ ਬਣ ਜਾਂਦੀ ਹੈ।

292 ਉਹ ਇਹ ਨਹੀਂ ਆਖਦੇ ਹਨ ਕਿ ਉਹ ਕਲੀਸਿਯਾ (ਗਿਰਜੇ) ਦੇ ਨਾਲ ਸਬੰਧ ਨਹੀਂ ਰੱਖਦੇ ਹਨ। ਤੁਸੀਂ ਕਿਸੇ ਮਿਸ਼ਨ ਦੇ ਆਦਮੀ ਨਾਲ ਗੱਲ ਕਰਕੇ ਵੇਖੋ। " ਯਕੀਨਨ ਮੇਰਾ ਸਬੰਧ ਗਿਰਜੇ ਦੇ ਨਾਲ ਹੈ। " ਕੀ ਤੁਸੀਂ ਮਸੀਹੀ ਹੋ? "ਮੈਂ ਗਿਰਜੇ ਦਾ ਮੈਂਬਰ ਹਾਂ !" ਪਰ ਇਹਨਾਂ ਗੱਲਾਂ ਦਾ ਇਸਦੇ ਨਾਲ ਕੋਈ ਵੀ ਵਾਸਤਾ ਨਹੀਂ ਹੈ !ਉਹ ਆਖਦੇ ਹਨ .....ਤੁਸੀਂ ਤਾਂ ਗਿਰਜੇ ਦੇ ਨਾਲ ਸਬੰਧ ਨਹੀਂ ਰੱਖਦੇ ....ਤੁਸੀਂ ਉਸ ਦੇ ਨਾਲ ਤਾਂ ਸਬੰਧ ਰੱਖ ਸੱਕਦੇ ਹੋ ਜੋ ਗਿਰਜਾ ਅਖਵਾਉਂਦਾ ਹੈ, ਵੇਖੋ ਜੋ ਕਿ ਨਾਮਧਾਰੀ ਕਲੀਸਿਯਾ ਹੈ। ਇਹ ਸੱਚੀ ਕਲੀਸਿਯਾ ਨਹੀਂ ਹੈ। ਉਹ ਅਸਲੀ ਕਲੀਸਿਯਾਵਾਂ ਨਹੀਂ ਹਨ। ਉਹ ਤਾਂ ਨਿਵਾਸ ਸਥਾਨ ਹਨ ਜਿੱਥੇ ਲੋਕ ਇਕੱਠੇ ਹੁੰਦੇ ਹਨ ਅਤੇ ਉਹ ਲੋਕ ਇਸ ਤਰ੍ਹਾਂ ਹਨ ਜਿਵੇਂ, " ਇੱਕੋ ਜਿਹੇ ਖੰਭਾਂ ਵਾਲੇ ਪੰਛੀ। "

293 ਅਤੇ ਤੁਸੀਂ ਸਿਰਫ ਇੱਕ ਹੀ ਕਲੀਸਿਯਾ ਹੋ ਅਤੇ ਉਹ ਤਾਂ ਮਸੀਹ ਦਾ ਜਲਾਲੀ ਬਦਨ ਹੈ। ਅਤੇ ਤੁਸੀਂ ਉਸ ਵਿੱਚ ਸ਼ਾਮਿਲ ਨਹੀਂ ਹੁੰਦੇ ਹੋ। ਤੁਸੀਂ ਉਸ ਵਿੱਚ ਜਨਮ ਲੈਂਦੇ ਹੋ।

294 ਜਿਵੇਂ ਕਿ ਮੈਂ ਹਮੇਸ਼ਾਂ ਹੀ ਕਿਹਾ ਹੈ, ਮੈਂ ਤਰਵੰਜਾਂ ਸਾਲ ਤੋਂ ਬ੍ਰਾਨਹਾਮ ਪਰਿਵਾਰ ਦੇ ਨਾਲ ਹਾਂ ਅਤੇ ਮੈਂ ਇਸ ਵਿੱਚ ਕਦੇ ਵੀ ਸ਼ਾਮਿਲ ਨਹੀਂ ਹੋਇਆਂ ਸੀ। ਮੈਂ ਇਸ ਪਰਿਵਾਰ ਵਿੱਚ ਪੈਦਾ ਹੋਇਆ ਸਾਂ। ਸਮਝੇ?

295 ਹੁਣ ਧਿਆਨ ਦਿਓ, ਇਸਦਾ ਬਹੁਤ ਹੀ ਸੁੰਦਰ ਨਮੂਨਾ ਹੈ। ਮੈਂ-ਮੈਂ ਇਸਦੇ ਉੱਤੇ .....ਵਚਨ ਦੀ ਲਿਖਤ ਲਿਖੀ ਹੋਈ ਹੈ ਪ੍ਰੰਤੂ ਮੈਂ ......ਸਾਡੇ ਕੋਲ ਇਸਨੂੰ ਪੜ੍ਹਨ ਦਾ ਸਮਾਂ ਨਹੀਂ ਹੈ ; ਜਿਵੇਂ ਏਸਾਉ ਅਤੇ ਯਕੂਬ ਦਾ ਨਮੂਨਾ ਹੈ।

296 ਹੁਣ ਏਸਾਉ ਤਾਂ ਇੱਕ ਧਾਰਮਿਕ ਆਦਮੀ ਸੀ। ਉਹ ਬੇਪ੍ਰਤੀਤਾ ਹੋਣ ਦਾ ਦਾਅਵਾ ਨਹੀਂ ਸੀ ਕਰਦਾ। ਅਤੇ ਉਹ ਉਸੇ ਹੀ ਖੁਦਾ ਤੇ ਵਿਸ਼ਵਾਸ਼ ਕਰਦਾ ਸੀ ਜਿਹਦੇ ਤੇ ਯਕੂਬ ਕਰਦਾ ਸੀ, ਜਿਸ

284 ਹੁਣ ਖੁਦਾ ਕੀ ਕਰ ਰਿਹਾ ਹੈ? ਉਸਦੇ ਉਹਨਾਂ ਬੀਜ਼ਾਂ ਵਿੱਚੋਂ ਅਨੇਕਾਂ ਬੀਜ਼, ਅਗੇਤਰੇ ਠਹਿਰਾਏ ਹੋਏ ਬੀਜ਼ ;ਅਨੇਕਾਂ ਪਹਿਲਾਂ ਠਹਿਰਾਏ ਹੋਏ ਬੀਜ਼ ਸਨ। ਅਤੇ ਫਿਰ ਉਹ ਅੰਤ ਦੇ ਸਮੇਂ ਵਿੱਚ ਇਹ ਨਹੀਂ ਕਹੇਗਾ, " ਹੱਵਾਹ ਆ ਅਤੇ ਇੱਕ ਹੋਰ ਬੱਚੇ ਦਾ ਗਰਭ ਧਾਰਨ ਕਰ। " ਉਹ ਤਾਂ ("ਹਾਅਅ!")ਬੁਲਾਵੇਗਾ ਅਤੇ ਮੈਂ ਜਵਾਬ ਦੇਵਾਂਗਾ। ਬਸ ਇਹੋ ਹੀ ਹੈ। ਇਹ ਇੱਕ ਵਿਚਾਰ ਹੈ। ਜਦ ਚੁਣਿਆ ਹੋਇਆ ਆਖਰੀ ਜਨ ਅੰਦਰ ਆ ਜਾਵੇਗਾ ਤਾਂ ਇਹ ਹੋ ਹੀ ਇਹਦਾ ਨਬੇੜਾ ਕਰ ਦੇਵੇਗਾ।

285 ਹੁਣ ਯੁੱਧ ਸੁਰਗ ਵਿੱਚ ਅਰੰਭ ਹੋਇਆ ਸੀ। ਇਹ ਧਰਤੀ ਤੇ ਅਰਮਾਗਿਦੋਨ ਦੇ ਯੁੱਧ ਦੇ ਰੂਪ ਵਿੱਚ ਸਮਾਪਤ ਹੋਵੇਗਾ।

286 ਹੁਣ ਆਓ ਵੇਖੀਏ ਅਤੇ ਇਹਨੂੰ ਖੁੱਲ੍ਹਦੇ ਹੋਏ ਵੇਖੀਏ। ਅਤੇ ਹੋ ਸੱਕਦਾ ਹੈ ਕਿ ਅਸੀਂ ਇਹਦਾ ਖੁਲਾਸਾ ਕਰ ਸਕੀਏ। ਇਹ ਕਰਨ ਲਈ ਪ੍ਰਭੂ ਹੀ ਸਾਡੀ ਮੱਦਦ ਕਰੇ। ਤੁਸੀਂ ਇਹਨੂੰ ਖੁੱਲ੍ਹਦਿਆਂ ਵੇਖੋ।

287 ਇਹ ਭੇਦ ਭਰਿਆ ਘੋੜ ਸਵਾਰ, ਹੁਣ ਧਿਆਨ ਦਿਓ ਉਹ ਕੀ ਕਰਦਾ ਹੈ; "ਵਿਰੋਧ ਕਰਦਾ ਹੈ, "ਅਤੇ ਤੋਬਾ ਕਰਨੀ ਨਾ ਚਾਹੀ ਅਤੇ ਉਸ ਲਹੂ ਵਾਲੇ ਮੂਲ ਵਚਨ ਵੱਲ ਵਾਪਸ ਜਾਣਾ ਨਾ ਚਾਹਿਆ। ਵਚਨ ਲਹੂ ਅਤੇ ਮਾਸ ਬਣਿਆ। ਸਮਝੇ? ਉਹਨੇ ਇਹਦੀ ਵੱਲ ਵਾਪਸ ਜਾਣ ਤੋਂ ਨਾਂਹ ਕਰ ਦਿੱਤੀ। ਉਹ ਸਵਾਰ ਮਸੀਹ ਵਿਰੋਧੀ ਹੈ !ਉਹ ਉਸਦੀ ਸੱਚੀ ਵਚਨ ਰੂਪੀ ਲਾੜੀ ਦਾ .... ਉਹ ਵਚਨ ਰੂਪੀ ਸੱਚੀ ਲਾੜੀ ਦੇ ਵਿਰੁੱਧ ਹੈ। ਉਹ ਆਪਣੀ ਲਾੜੀ ਨੂੰ ਲੈਂਦਾ ਹੈ !ਪ੍ਰੰਤੂ ਉਹ ਇਸ ਸੱਚੀ ਲਾੜੀ ਦਾ ਵੀ ਵਿਰੋਧ ਕਰਦਾ ਹੈ। ਅਤੇ ਉਹ ਆਪਣੀ ਲਾੜੀ ਲੈਂਦਾ ਹੈ, ਅਤੇ ਉਹਨੂੰ ਧਰਮ ਦੇ ਰੂਪ ਵਿੱਚ ਆਪਣੇ ਕੋਲ ਲਿਆਉਂਦਾ ਹੈ ਜੋ ਕਿ ਮੱਤ ਸਿਧਾਂਤ ਅਤੇ ਅਕੀਦੇ ਅਖਵਾਉਂਦੇ ਹਨ। ਸਮਝੇ? ਤੇ ਹੁਣ, ਉਹ ਪਵਿੱਤਰ ਲਾੜੀ ਨੂੰ ਵੇਖਦੇ ਹੋਏ ਉਸਦੇ ਵਿਰੁੱਧ ਹੈ। ਪਰ ਉਹ ਤਾਂ ਆਪਣੀ ਲਾੜੀ ਨੂੰ ਬਣਾਉਂਦਾ ਹੈ ਜੋ ਕਿ ਮਸੀਹ ਵਿਰੋਧੀ ਸਿੱਖਿਆ ਦੇ ਦੁਆਰਾ ਮਸੀਹ ਦੇ ਉਲਟ ਹੈ ਉਸਦੀ ਇਹ ਲਾੜੀ ਮਸੀਹ ਵਿਰੋਧੀ ਕਹਾਉਂਦੀ ਹੈ। ਕੀ ਤੁਸੀਂ ਵੇਖਿਆ ਕਿ ਉਹ ਕਿੰਨਾ ਚਤੁਰ ਹੈ? ਅਤੇ ਹੁਣ, ਉਸਦੇ ਕੋਲ ਪਿਆਰ ਦੀ ਏਕਤਾ ਹੋਣ ਦੀ ਬਜਾਏ, ਫਿਰਕਾਪ੍ਰਸਤ ਕਲੀਸਿਯਾਂਵਾਂ ਹਨ ਅਤੇ ਉਹ ਮਸੀਹ ਦੇ ਲਹੂ ਦੇ ਥੱਲੇ ਹੋਣ ਵਾਲੀ ਉਪਾਸਨਾ ਤੇ ਕਾਬੂ ਕਰਦਾ ਹੈ। ਵਚਨ ਨੂੰ ਲੈਣ ਦੀ ਬਜਾਏ ਉਹਨੇ ਤਾਂ ਮੱਤ, ਅਕੀਦੇ ਅਤੇ ਹੋਰ ਕਈ ਕੁਝ ਲੈ ਲਿਆ ਹੈ।

288 ਅਤੇ ਇਸੇ ਤਰ੍ਹਾਂ ਪ੍ਰੋਟੈਸਟੈਂਟ ਆਖਦੇ ਹਨ, " ਚੇਲਿਆਂ ਦਾ ਅਕੀਦਾ। " ਮੈਂ ਚਾਹੁੰਦਾ ਹਾਂ ਕਿ ਤੁਸੀਂ ਬਾਈਬਲ ਵਿੱਚ ਇਕ ਸ਼ਬਦ ਵੀ ਇਸਦੇ ਬਾਰੇ ਵਿੱਚ ਲੱਭ ਕੇ ਦੱਸੋ। ਬਾਈਬਲ ਵਿੱਚ ਰਸੂਲਾਂ ਦਾ ਕੋਈ ਵੀ ਅਕੀਦਾ ਨਹੀਂ ਹੈ।

289 ਜਿਵੇਂ ਕਿ ਕੁਝ ਚਿਰ ਪਹਿਲਾਂ ਮੈਂ ਇੱਥੇ ਜਾਂ ਹੋਰ ਕਿਤੇ ਆਖਿਆ ਸੀ। ਜੇ ਰਸੂਲਾਂ ਦਾ ਕੋਈ ਅਕੀਦਾ ਸੀ ਤਾਂ ਉਹ ਰਸੂਲਾਂ ਦੇ ਕਰਤੱਵ 2:38 ਹੈ। ਬਿਲਕੁੱਲ ਠੀਕ ਇਹੋ ਹੀ ਹੈ ਜਿੰਨਾ ਕੁ ਮੈਂ ਜਾਣਦਾ ਹਾਂ ਕਿ ਜੇ ਉਹਨਾਂ ਦੇ ਕੋਲ ਕੋਈ ਅਕੀਦਾ ਸੀ ਤਾਂ ਇਹੋ ਹੀ ਸੀ। ਅਤੇ ਇਹੋ ਕੁਝ ਹੀ ਉਹਨਾਂ ਨੇ ਸੱਭ ਨੂੰ ਕਰਨ ਲਈ ਆਖਿਆ ਸੀ। ਜਦ ਉਸਨੇ ਉਹਨਾਂ ਵਿੱਚੋਂ ਇੱਕ ਆਦਮੀ ਨੂੰ ਜੋ ਕਿ ਮਸੀਹੀ ਲੱਗਦਾ ਸੀ ਲੱਭਿਆ ਤਾਂ ਉਸਨੇ ਉਹਨੂੰ ਪੁੱਛਿਆ, " ਜਦ ਤੁਸਾਂ ਵਿਸ਼ਵਾਸ਼ ਕੀਤਾ ਕੀ ਪਵਿੱਤਰ ਆਤਮਾ ਪਾਇਆ?"

ਅਤੇ ਉਹਨਾਂ ਨੇ ਕਿਹਾ, " ਅਸੀਂ ਤਾਂ ਜਾਣਦੇ ਵੀ ਨਹੀਂ ਕਿ ਹੈਗਾ ....."



ਉੱਤੇ ਪੈਂਦਾ ਹੈ ਤਾਂ ਉਸ ਵਿੱਚੋਂ ਜੀਵਨ ਫੁੱਟ ਨਿੱਕਲਦਾ ਹੈ। ਉਹਦੇ ਅੰਦਰ ਜੀਉਣ ਰਹੇਗਾ। ਕਿਉਂਕਿ ਉਸਦੇ ਵਿੱਚ ਜੀਵਨ ਪਾਇਆ ਜਾਂਦਾ ਹੈ ਉਹ ਨਿਹਚਾ ਕਰੇਗਾ। ਪ੍ਰੰਤੂ ਜੋ ਇਸਦੇ ਬਾਹਰ ਹੈ ਉਹ ਜੀਉਂਦਾ ਨਹੀਂ ਰਹਿ ਸੱਕਦਾ ਹੈ; ਉਸ ਵਿੱਚ ਕੋਈ ਜੀਵਨ ਨਹੀਂ ਹੈ।

96 ਉਹ ਨਾਮ ਜਿਹੜੇ ਜਗਤ ਦੀ ਉਤਪਤੀ ਤੋਂ ਪਹਿਲਾਂ ਹੀ ਲੇਲੇ ਦੇ ਜੀਵਨ ਦੀ ਪੋਥੀ ਵਿੱਚ ਲਿਖੇ ਹੋਏ ਹਨ,ਕਿਸੇ ਵੀ ਚੀਜ ਵਾਂਗ ਜਰੂਰ ਦ੍ਰਿਸ਼ ਤੇ ਆਉਣਗੇ। ਅਤੇ ਇਹ ਹੀ ਕਾਰਨ ਹੈ ਕਿ ਯਿਸੂ ਮਸੀਹ ਉੱਥੇ ਬੈਠਾ ਹੋਇਆ ਆਪਣੇ ਵਿਚੋਲਗੀ ਦੇ ਕੰਮ ਨੂੰ ਤਦ ਤੱਕ ਕਰ ਰਿਹਾ ਹੈ ਜਦ ਤੱਕ ਕਿ ਉਹ ਆਖਰੀ ਬੀਜ ਵਿੱਚੋਂ ਜੀਵਨ ਨਹੀਂ ਫੁੱਟ ਪੈਂਦਾ ਹੈ। ਅਤੇ ਉਹ ਇਹਨੂੰ ਬਿਕੁੱਲ ਸਮੇਂ ਤੇ ਜਾਣ ਲਵੇਗਾ ਜਦ ਇਹ ਟਕਰਾਵੇਗਾ।

97 ਜਿਵੇਂ ਕਿ ਡਾਕਟਰ ਲੀ ਵੇਲ .....ਮੇਰਾ ਅੰਦਾਜ਼ਾ ਹੈ ਕਿ ਉਹ ਹਾਲੇ ਵੀ ਸੰਗਤੀ ਵਿੱਚ ਇੱਥੇ ਕਿਤੇ ਹਨ। ਮੈਂ ਉਹਨੂੰ ਕਈ ਦਿਨਾਂ ਤੋਂ ਨਹੀਂ ਵੇਖਿਆ ਨਹੀਂ ਹੈ। ਮੈਨੂੰ ਯਕੀਨ ਨਹੀਂ ਆਉਂਦਾ ਕਿ ਮੈਂ ਉਹਨੂੰ ਵੇਖਿਆ ਹੈ। [ਇੱਕ ਭਾਈ ਕਹਿੰਦਾ ਹੈ, " ਉਹ ਇੱਥੇ ਹੈ। "-ਸੰਪਾ] ਉਹ ਉੱਥੇ ਹੈ। ਕਿਸੇ ਦੂਜੇ ਦਿਨ ਉਸਨੇ ਮੇਰੇ ਕੋਲ ਇਹ ਸਲਿੱਪ ਭੇਜੀ ਸੀ ਜਿਸ ਵਿੱਚ ਉਸਦੇ ਬਾਰੇ ਵਿੱਚ ਲਿਖਿਆ ਸੀ ਜੋ ਇਰੇਨੀਅਸ ਨੇ ਕਿਹਾ ਸੀ। ਮੈਂ ਕਈ ਸਬੂਤਾਂ ਦੇ ਅਧਾਰ ਤੇ ਇਰੇਨੀਅਸ ਨੂੰ ਉਸ ਕਾਲ ਦਾ ਦੂਤ ਮੰਨਿਆ ਸੀ ਜਿਸ ਵਿੱਚ ਉਹ ਰਹਿ ਰਿਹਾ ਸੀ। ਪ੍ਰੰਤੂ ਉਹਨੇ ਕਿਹਾ ਸੀ, " ਜਦ ਦੇਹ ਦਾ ਆਖਰੀ ਮੈਂਬਰ ਅੰਦਰ ਆ ਜਾਂਦਾ ਹੈ, " ਆਖਰੀ ਯੁੱਗ ਵਿੱਚ ਤਾਂ ਉਸ ਸਮੇਂ," ਭੇਤ ਪ੍ਰਗਟ ਹੋ ਜਾਣਗੇ .....ਹੋ ਜਾਣੇ ਚਾਹੀਦੇ ਹਨ। " ਅਤੇ ਇਹ ਇੱਥੇ ਹੈ। ਇਹ ਬਿਲਕੁੱਲ ਸਹੀ ਗੱਲ ਹੈ। ਸਮਝੇ? ਅਸੀਂ ਉਸੇ ਦਿਨ ਵਿੱਚ ਰਹਿ ਰਹੇ ਹਾਂ।

98 ਤਦ, ਪੈਂਤੀਕੁਸਤ ਕੋਲ ਬੇਹੱਦ ਅਨੰਦ ਸੀ। ਉਹ ਸੱਚਮੁੱਚ ਹੀ ਉਤੇਜਨਾ ਨਾਲ ਭਰੇ ਹੋਏ ਸਨ। ਮੈਂ ਸੋਚਦਾ ਹਾਂ ਇਸੇ ਤਰ੍ਹਾਂ ਹੀ ਪ੍ਰਕਾਸ਼ ਸਾਰਿਆਂ ਨਾਲ ਕਰਦਾ ਹੈ।

99 ਆਓ ਇੱਕ ਪਲ ਵਾਸਤੇ ਇਸਨੂੰ ਲਈਏ। ਆਓ ਦਾਊਦ ਦੇ ਬਾਰੇ ਵਿੱਚ ਸੋਚੀਏ। ਉਹ ਵੀ ਬਹੁਤ ਜਿਆਦਾ ਉਤੇਜਿਤ ਹੋ ਗਿਆ ਸੀ। ਉਸਨੇ ਕਿਹਾ ਸੀ," ਮੇਰਾ ਪਿਆਲਾ ਛਲਕਦਾ ਹੈ। " ਮੇਰਾ ਯਕੀਨ ਹੈ ਕਿ ਉਸਦੇ ਜੀਵਨ ਵਿੱਚ ਇੱਕ ਮਹਾਨ ਘਟਨਾ ਘਟੀ ਸੀ। ਕਿਸਨੇ ਉਸ ਤੋਂ ਇੰਝ ਕਹਾਇਆ ਸੀ? ਜਦ ਉਹ ਆਤਮਾ ਵਿਚ ਸੀ .....ਅਤੇ ਅਸੀਂ ਜਾਣਦੇ ਹਾਂ ਕਿ ਉਹ ਇੱਕ ਨਬੀ ਸੀ। ਬਾਈਬਲ ਇਸੇ ਤਰ੍ਹਾਂ ਹੀ ਆਖਦੀ ਹੈ। ਹੁਣ ਦਾਊਦ ਨਬੀ, ਉਹ ਇੱਕ ਨਬੀ ਸੀ, ਅਤੇ ਉਹ ਆਤਮਾ ਵਿੱਚ ਸੀ, ਅਤੇ ਉਸਨੇ ਜੀ ਉੱਠਣਾ ਵੇਖਿਆ ਸੀ। ਜੇ ਤੁਸੀਂ ਇਸਨੂੰ ਪੜ੍ਹਨਾ ਚਾਹੋ ਤਾਂ ਤੁਸੀਂ ਇਸਨੂੰ ਜਬੂਰ 16:8-11 ਵਿੱਚ ਪੜ੍ਹ ਸੱਕਦੇ ਹੋ। ਉਸਨੇ ਕਿਹਾ, " ਇਸ ਕਰਕੇ ਮੇਰਾ ਦਿਲ ਅਨੰਦ ਹੋਇਆ ਅਤੇ ਮੇਰੀ ਰੂਹ ਨਿਹਾਲ ਹੋਈ, ਮੇਰਾ ਸ਼ਰੀਰ ਵੀ ਚੈਨ ਵਿੱਚ ਵਸੇਗਾ। ਕਿਉਂ ਜੋ ਤੂੰ ਮੇਰੀ ਜਾਨ ਨੂੰ ਪਤਾਲ ਵਿੱਚ ਨਾ ਛੱਡੇਂਗਾ ਨਾ ਆਪਣੇ ਪਵਿੱਤਰ ਪੁਰਖ ਨੂੰ ਗੋਰ ਵੇਖਣ ਦੇਵੇਂਗਾ। " ਅਤੇ ਮੈਂ ਤੁਹਾਨੂੰ ਦੱਸਦਾ ਹਾਂ ਕਿ ਉਸਦਾ ਪਿਆਲਾ ਛਲਕਣ ਲੱਗ ਪਿਆ ਕਿਉਂਕਿ ਉਹਨੇ ਜੀ ਉੱਠਣਾ ਵੇਖ ਲਿਆ ਸੀ। ਕੋਈ ਗੱਲ ਨਹੀਂ ਕਿ ਇਹ ਕੀ ਸੀ ;ਔਹ, ਉਸਨੇ ਤਾਂ ਜੀ ਉੱਠਣਾ ਵੇਖਿਆ ਸੀ ਅਤੇ ਉਹ ਸੱਚ ਵਿੱਚ ......ਅਤੇ ਉਸਦਾ ਪਿਆਲਾ ਛਲਕਦਾ ਸੀ।

100 ਇਸ ਤੋਂ ਇਲਾਵਾ ਦਾਊਦ ਦਾ ਇੱਕ ਹੋਰ ਪਿਆਲਾ ਦੂਸਰਾ ਸਮੂਏਲ ਵਿੱਚ ਛਲਕ ਲੱਗ ਰਿਹਾ ਸੀ, (ਇਸਨੂੰ ਲਿਖਣ ਲਈ ਤੁਸੀਂ ਆਪਣੀਆਂ ਪੈਨਸਿਲਾਂ ਬਾਹਰ ਕੱਢ ਲਈਆਂ ਹਨ) ਦੂਸਰਾ ਸਮੂਏਲ 6:14. ਤਦ ਉੱਥੇ ਇੱਕ ਖੁਸ਼ਕ ਸਮਾਂ ਰਿਹਾ ਸੀ।

101 ਉਹ ਨੇ ਮ ਦਾ ਸੰਦੂਕ ਲੈ ਗਏ ਸਨ। ਦੁਸ਼ਮਣ ਨੇ ਆ ਕੇ ਯਹੋਵਾਹ ਦੇ ਨੇਮ ਦੇ ਸੰਦੂਕ ਨੂੰ ਲੈ ਲਿਆ ਸੀ ਅਤੇ ਉਹਨਾਂ ਨੇ ਜਾ ਕੇ ਇਸਨੂੰ ਦਾਗੋਨ ਦੇ ਸਾਹਮਣੇ ਰੱਖ ਦਿੱਤਾ ਸੀ ਅਤੇ ਦਾਗੋਨ ਆਪਣੇ ਮੂੰਹ ਭਰਨੇ ਸੰਦੂਕ ਦੇ ਅੱਗੇ ਡਿੱਗਿਆ ਪਿਆ ਸੀ। ਅਤੇ ਉਹ ਉਸ ਸੰਦੂਕ ਨੂੰ ਕਿਸੇ ਦੂਸਰੇ ਸ਼ਹਿਰ ਵਿੱਚ ਲੈ ਗਏ ਅਤੇ ਉੱਥੇ ਬਵਾਂ ਆਣ ਪਈਆਂ। ਇਹ ਸੀ .....ਅਤੇ ਯਹੋਵਾਹ ਦਾ ਸੰਦੂਕ ਉਨ੍ਹਾਂ ਦੇ ਲਈ ਉੱਥੇ ਸੱਭ ਤੋਂ ਵੱਡੀ ਆਫਤ ਵਾਲੀ ਚੀਜ਼ ਸੀ ਜੋ ਕਦੇ ਉਨ੍ਹਾਂ ਦੇ ਹੱਥ ਆਈ ਹੋਵੇ। ਉਹ ਇਸ ਤੋਂ ਆਪਣਾ ਪਿੱਛਾ ਨਾ ਛੁਡਾ ਸਕੇ ਕਿਉਂਕਿ ਇਹ ਤਾਂ ਆਪਣੇ ਸਥਾਨ ਤੋਂ ਬਾਹਰ ਸੀ।

102 ਹੁਣ, ਜਦ ਉਹਨਾਂ ਨੇ ਇਸਨੂੰ ਬੈਲ ਗੱਡੀ ਤੇ ਪਾ ਕੇ ਤੇ ਵਾਪਿਸ ਲਿਆਉਣਾ ਸ਼ੁਰੂ ਕੀਤਾ। ਅਤੇ ਜਦ ਦਾਊਦ ਨੇ ਨੇਮ ਦਾ ਸੰਦੂਕ ਵੇਖਿਆ ਤਾਂ ਤੁਸੀਂ ਜਾਣਦੇ ਹੋ ਉਸਨੇ ਕੀ ਕੀਤਾ ਸੀ? ਉਹ ਏਨਾ ਅਨੰਦ ਦੇ ਨਾਲ ਭਰ ਗਿਆ ਸੀ ਕਿ ਉਸਦਾ ਪਿਆਲਾ ਛਲਕ ਰਿਹਾ ਸੀ ; ਉਹ ਉਤੇਜਨਾ ਦੇ ਨਾਲ ਭਰ ਗਿਆ ਜਦ ਉਸਨੇ ਵਚਨ ਨੂੰ ਇਸਰਾਈਲ ਵਿੱਚ ਫਿਰ ਪ੍ਰਗਟ ਹੁੰਦੇ ਵੇਖਿਆ ਤਾਂ ਉਹ ਆਤਮਾ ਵਿੱਚ ਨੱਚ ਰਿਹਾ ਸੀ। ਹਾਂ ਜੀ ਤੁਸੀਂ ਵੇਖੋ ਕਿ ਉਸਦਾ ਪਿਆਲਾ ਉੱਛਲ ਰਿਹਾ ਸੀ। ਕਿਉਂ? ਕਿਉਂਕਿ ਉਸਨੇ ਵਚਨ ਨੂੰ ਵਾਪਿਸ ਆਉਂਦੇ ਹੋਏ ਵੇਖਿਆ ਸੀ।

103 ਮੈਂ ਸੋਚਦਾ ਹਾਂ ਕਿ ਇਹ ਕਿਸੇ ਨੂੰ ਉਤੇਜਿਤ ਕਰ ਦੇਵੇਗਾ, ਜਦ ਲੋਕ ਇਹ ਵੇਖਦੇ ਹਨ ਕਿ ਇਨ੍ਹਾਂ ਸਭਨਾਂ ਸਾਲਾਂ ਦੇ ਬਾਦ ਸੱਚਾ ਵਚਨ ਉਸ ਕਰਾਰ ਦੇ ਅਨੁਸਾਰ ਕਿ ਇਹ ਪ੍ਰਗਟ ਹੋਵੇਗਾ, ਪ੍ਰਗਟ ਹੁੰਦੇ ਹੋਏ ਅਤੇ ਸਾਬਤ ਹੁੰਦੇ ਹੋਏ ਦੇਖਦੇ ਹਨ।

ਕੇਡਾ ਸ਼ਾਨਦਾਰ ਸਮਾਂ ਹੈ!ਇਹ ਕਿੰਨਾ ਵਧੀਆ ਸਮਾਂ ਹੈ !

104 ਆਓ ਹੁਣ ਅਸੀਂ ਪੜ੍ਹੀਏ। ਮੈਂ-ਜੇ ਮੈਂ ਸਾਰਾ ਸਮਾਂ ਇਹਨਾਂ ਗੱਲਾਂ ਤੇ ਹੀ ਬੋਲਾਂਗਾ ਤਾਂ ਮੈਂ ਇਸ ਚੌਥੀ ਮੋਹਰ ਤੇ ਨਹੀਂ ਆ ਸਕਾਂਗਾ ਤੇ ਮੈ; ਤੁਹਾਨੂੰ ਸਭਨਾਂ ਨੂੰ ਇੱਥੇ ਸਾਢੇ ਦਸ ਵਜੇ ਤੱਕ ਬਿਠਾ ਰੱਖਾਂਗਾ। ਕੱਲ ਰਾਤ ਮੈਂ ਤੁਹਾਨੂੰ ਜਲਦੀ ਛੱਡ ਦਿੱਤਾ ਸੀ, ਇਸ ਲਈ ਮੈਨੂੰ ਤੁਹਾਨੂੰ ਕਾਫੀ ਦੇਰ ਤੱਕ ਰੋਕ ਕੇ ਰੱਖਣਾ ਚਾਹੀਦਾ ਹੈ। [ਸੰਗਤ ਆਖਦੀ ਹੈ, "ਆਮੀਨ। "-ਸੰਪਾ] ਹਾਂ ਜੀ। ਹਾਂ ਜੀ। ਇਸ ਤਰ੍ਹਾਂ ਨਹੀਂ ਹੈ, ਮੈਂ ਤਾਂ ਬਸ ਤੁਹਾਨੂੰ ਸਿਰਫ ਛੇੜ ਰਿਹਾਂ ਸੀ। ਸਮਝੇ?ਮੈਂ ਹਾਂ ......ਅਸੀਂ ਉਸੇ ਤਰ੍ਹਾਂ ਕਰਨਾ ਚਾਹੁੰਦੇ ਹਾਂ ਜਿਵੇਂ ਪ੍ਰਭੂ ਸਾਡੀ ਅਗੁਵਾਈ ਕਰੇਗਾ।

*ਜਾਂ ਉਹਨੇ ਚੌਥੀ ਮੋਹਰ ਤੋੜੀ ਤਾਂ ਮੈਂ ਚੌਥੇ ਜੰਤੂ ਦੀ ਅਵਾਜ਼ ਇਹ ਆਖਦੇ ਸੁਣੀ ਭਈ ਆ ਜਾਹ .....ਵੇਖ।*

105 ਹੁਣ, " ਜਦ ਲੇਲੇ ਨੇ ਚੌਥੀ ਮੋਹਰ ਖੋਲ੍ਹੀ ਸੀ। " ਆਓ ਅਸੀਂ ਇਸ ਤੇ ਰੁਕੀਏ। ਹੁਣ, ਚੌਥੀ ਮੋਹਰ, ਇਸਨੂੰ ਕਿਸਨੇ ਖੋਲ੍ਹਿਆ ਸੀ? ਲੇਲੇ ਨੇ। ਕੀ ਕੋਈ ਹੋਰ ਇਸਨੂੰ ਖੋਲ੍ਹਣ ਦੇ ਯੋਗ ਸੀ? ਜੀ ਨਹੀਂ, ਕੋਈ ਵੀ ਹੋਰ ਇਸਨੂੰ ਖੋਲ੍ਹ ਨਹੀਂ ਸੱਕਦਾ ਸੀ। ਲੇਲੇ ਨੇ ਹੀ ਚੌਥੀ ਮੋਹਰ ਖੋਲ੍ਹੀ ਸੀ।



ਦੇ ਅਸੂਲਾਂ ਵਿੱਚ, ਆਪਣੀ ਫਿਰਕਾਪ੍ਰਸਤੀ ਦੀ ਪ੍ਰਣਾਲੀ ਵਿੱਚ ਕੰਜ਼ਰੀ ਹੀ ਹੈ। ਇਹ ਬਸ ......ਇਹ ਹੀ ਹੈ ਉਹ ਜੋ ਇਹ ਕਹਿੰਦਾ ਹੈ।

278 ਧਿਆਨ ਦਿਓ। ਇਹ ਸੱਭ ਕਾਹਦੇ ਵੱਲ ਆ ਰਿਹਾ ਹੈ?ਹੁਣ ਮੇਰਾ ਅੰਦਾਜ਼ਾ ਹੈ ਸਾਡੇ ਕੋਲ ਬਾਰ੍ਹਾਂ ਜਾਂ ਚੋਦਾਂ ਮਿੰਟ ਰਹਿੰਦੇ ਹਨ। ਧਿਆਨ ਦਿਓ ਇਹ ਸੱਭ ਕਾਹਦੇ ਵੱਲ ਆ ਰਿਹਾ ਹੈ। ਇਹ ਕੀ ਹੈ?ਇਹ ਵਾਪਿਸ ਫਿਰ ਉੱਥੇ ਹੀ ਜਾ ਰਹੇ ਹਨ ਜਿਵੇਂ ਇਹਨਾਂ ਨੇ ਪਿੱਛੇ ਸੁਰਗ ਵਿੱਚ ਸ਼ੁਰੂ ਕੀਤਾ ਸੀ। ਇਹ ਅੰਤ ਸਮੇਂ ਦੇ ਯੁੱਧ ਵੱਲ ਆ ਰਹੇ ਹਨ।

279 ਸੱਭ ਤੋਂ ਪਹਿਲਾ ਕੰਮ ਜਿਹੜਾ ਸੁਰਗ ਵਿੱਚ ਹੋਇਆ ਉਹ ਇੱਕ ਯੁੱਧ ਸੀ। ਲੂਸੀਫਰ ਨੂੰ ਸੁਰਗ ਤੋਂ ਥੱਲੇ ਸੁੱਟ ਦਿੱਤਾ ਗਿਆ ਸੀ ਅਤੇ ਉਹ ਧਰਤੀ ਤੇ ਡਿੱਗ ਗਿਆ ਸੀ। ਅਤੇ ਫਿਰ ਉਸਨੇ ਅਦਨ ਨੂੰ ਦੂਸ਼ਿਤ ਕੀਤਾ; ਅਤੇ ਉਸ ਸਮੇਂ ਤੋਂ ਲੈ ਕੇ ਉਹ ਦੂਸ਼ਿਤ ਕਰਦਾ ਹੀ ਆ ਰਿਹਾ ਹੈ। ਅਤੇ ਹੁਣ ਇਹ ਲੜਾਈ ਸੁਰਗ ਤੋਂ ਧਰਤੀ ਵੱਲ ਵੱਧ ਰਹੀ ਹੈ ਅਤੇ ਇਸ ਯੁੱਧ ਦਾ ਖਾਤਮਾ ਅੰਤ ਵਿੱਚ ਇਸ ਧਰਤੀ ਤੇ ਉਸ ਯੁੱਧ ਵਿੱਚ ਹੋਵੇਗਾ ਜੋ ਅਰਮਾਗਿਦੋਨ ਅਖਵਾਉਂਦਾ ਹੈ। ਹੁਣ, ਇਸਨੂੰ ਸੱਭ ਜਾਣਦੇ ਹਨ। ਇਹ ਯੁੱਧ ਸੁਰਗ ਵਿੱਚ ਸ਼ੁਰੂ ਹੋਇਆ ਸੀ, ਪਵਿੱਤਰ, ਅਤੇ ਉਹਨਾਂ ਨੇ ਉਸਨੂੰ ਥੱਲੇ ਸੁੱਟ ਦਿੱਤਾ ਸੀ। ਮੀਕਾਏਲ ਅਤੇ ਉਸਦੇ ਦੂਤਾਂ ਨੇ ਉਸਨੂੰ ਥੱਲੇ ਸੁੱਟ ਦਿੱਤਾ ਤਾਂ ਉਹ ਠੀਕ ਅਦਨ ਵਿੱਚ ਆਣ ਡਿੱਗਾ ਅਤੇ ਤਦ ਤੋਂ ਇਹ ਯੁੱਧ ਇੱਥੇ ਧਰਤੀ ਉੱਤੇ ਸ਼ੁਰੂ ਹੋ ਗਿਆ।

280 ਪ੍ਰਮੇਸ਼ੁਰ ਨੇ ਆਪਣੇ ਬੱਚਿਆਂ ਦੀ ਕਿਲੇਬੰਦੀ ਆਪਣੇ ਵਚਨ ਦੇ ਦੁਆਰਾ ਪੂਰੀ ਤਰ੍ਹਾਂ ਕੀਤੀ ਹੋਈ ਸੀ। ਅਤੇ ਹੱਵਾਹ ਨੇ ਆਪਣੀ ਧੌਣ ਬਾਹਰ ਕੱਢੀ ਅਤੇ ਕਿਹਾ, " ਮੇਰਾ ਵਿਸ਼ਵਾਸ਼ ਹੈ, ਹੋ ਸੱਕਦਾ ਹੈ ਕਿ ਤੂੰ ਠੀਕ ਕਹਿੰਦਾ ਹੋਵੇਂ। " ਅਤੇ ਤਦ ਯੁੱਧ ਅਰੰਭ ਹੋ ਗਿਆ। ਅਤੇ ਉਦੋਂ ਤੋਂ ਇਹ ਜਾਰੀ ਹੀ ਹੈ। ਤਦ ਖੁਦਾ ਹੇਠਾਂ ਆ ਗਿਆ ਅਤੇ ਹੁਣ ਉਸਨੇ ਤਾਂ .....ਅਤੇ ਉਹ ਉਹਨਾਂ ਨੂੰ ਛੁਡਾਉਣ ਲਈ ਹੇਠਾਂ ਆਇਆ ਜੋ ਕਿ ਹੇਠਾਂ ਆਉਣਗੇ।

281 ਜਿਵੇਂ ਕਿ ਮੈਂ ਤੁਹਾਨੂੰ ਆਖਿਆ ਹੈ ਖੁਦਾ ਤਾਂ ਇੱਕ ਵੱਡੇ ਠੇਕੇਦਾਰ ਦੇ ਵਾਂਗੂੰ ਹੈ। ਉਹ ਆਪਣਾ ਸਾਰਾ ਮਾਲ ਧਨ ਧਰਤੀ ਤੇ ਰੱਖਦਾ ਹੈ ਅਤੇ ਫਿਰ ਉਹ ਆਪਣੀਆਂ ਇਮਾਰਤਾਂ ਬਣਾਉਂਦਾ ਹੈ। ਹੁਣ ਯਾਦ ਰੱਖਣਾ ਕਿ ਇਸ ਤੋਂ ਪਹਿਲਾਂ ਕਿ ਕੋਈ ਬੀਜ਼ ਦਾ ਦਾਣਾ ਧਰਤੀ ਤੇ ਹੁੰਦਾ, ਇਸ ਤੋਂ ਪਹਿਲਾਂ ਕਿ ਸੂਰਜ ਦਾ ਪ੍ਰਕਾਸ਼ ਧਰਤੀ ਤੇ ਪੈਂਦਾ, ਤੁਹਾਡਾ ਸ਼ਰੀਰ ਧਰਤੀ ਤੇ ਸੀ ਕਿਉਂਕਿ ਤੁਸੀਂ ਧਰਤੀ ਦੀ ਧੂੜ ਮਿੱਟੀ ਹੋ। ਸਮਝੇ? ਤੁਸੀਂ ਹੋ। ਪ੍ਰਮੇਸ਼ੁਰ ਠੇਕੇਦਾਰ(ਨਿਰਮਾਣ ਕਰਨ ਵਾਲਾ) ਹੈ।

282 ਹੁਣ ਉਹ ਢੰਗ ਜਿਹਦੇ ਨਾਲ ਉਹਨੇ ਇਹ ਕੀਤਾ ਸੀ, ਉਹ ਹੇਠਾਂ ਆਇਆ (ਜਿਵੇਂ ਉਹਨੇ ਆਦਮ ਨੂੰ ਬਣਾਇਆ)ਅਤੇ ਉਹਨੇ ਥੋੜਾ ਕੈਲਸ਼ੀਅਮ, ਪੋਟਾਸ਼ ਕੋਸਮਿਕ ਪ੍ਰਕਾਸ਼ ਲਿਆ ਅਤੇ ਕਿਹਾ, "ਵਹਹਹ !" "ਇਹ ਮੇਰਾ ਇੱਕ ਹੋਰ ਪੁੱਤਰ ਹੈ। "

ਸਮਝੇ? ਫਿਰ ਉਹ ਆਪਣੇ ਕੁਝ ਹੋਰ ਪੁੱਤਰਾਂ ਨੂੰ ਲਿਆਇਆ ਅਤੇ ਕਿਹਾ, "ਉਫ਼ਫ਼!" "ਇਹ ਮੇਰਾ ਇੱਕ ਹੋਰ ਪੁੱਤਰ ਹੈ। "

283 ਪ੍ਰੰਤੂ ਹੱਵਾਹ ਨੇ ਕੀ ਕੀਤਾ ਸੀ? ਉਸਨੇ ਇਸ ਤਰੀਕੇ ਨੂੰ ਖਰਾਬ ਕਰ ਦਿੱਤਾ। ਅਤੇ ਉਹ ਤਾਂ ਇਸਨੂੰ ਸੰਭੋਗ ਕਿਰਿਆ ਰਾਹੀਂ ਲਿਆਈ ਤਦ ਮੌਤ ਨੇ ਇਹਦੇ ਤੇ ਵਾਰ ਕੀਤਾ।

ਚੀਜ਼ਾਂ ਦੇ ਨਾਲ ਏਨਾ ਕੁ ਬੱਝੇ ਹੋਏ ਹਨ ਕਿ ਉਹ ਵਾਪਸ ਨਹੀਂ ਪਰਤਣਗੇ। ਉਹ ਤਾਂ ਬਸ ਇਸਦਾ ਮਖੌਲ ਹੀ ਉਡਾਉਣਗੇ।

271 ਇਸ ਤੋਂ ਬਾਦ ਉਹ ਕੀ ਕਰਦੇ ਹਨ? ਉਹ ਤਾਂ ਦਰਿੰਦੇ ਦੇ ਲਈ ਇੱਕ ਮੂਰਤ ਬਣਾਉਣਗੇ, ਜੋ ਕਿ ਇੱਕ ਹੋਰ ਸ਼ਕਤੀ ਹੈ, ਧਿਆਨ ਦਿਓ, ਉਹ ਲੇਲੇ ਦੀ ਪਤਨੀ ਦੇ ਨਾਲ ਉਸੇ ਤਰ੍ਹਾਂ ਹੀ ਵਤੀਰਾ ਕਰਨਗੇ ਜਿਵੇਂ ਕਿ ਉਹਨੇ ਪ੍ਰਕਾਸ਼ ਦੀ ਪੋਥੀ 13:14 ਵਿੱਚ ਕੀਤਾ ਸੀ। ਇਹ ਹੀ ਹੈ ਜੋ ਕੁਝ ਉਹ ਕਰਦੇ ਹਨ, ਉਹ ਬਿਲਕੁੱਲ ਇਹੋ ਹੀ ਕਰਦੇ ਹਨ,ਉਹ ਸਤਾਉਂਦੇ ਹਨ। ਗਿਰਜੇ ਮਸੀਹ ਦੀ ਸੱਚੀ ਲਾੜੀ ਦਾ ਉਸੇ ਤਰ੍ਹਾਂ ਹੀ ਮਖੌਲ ਉਡਾਉਂਦੇ ਹਨ ਜਿਵੇਂ ਕਦੇ ਰੋਮ ਨੇ ਕੀਤਾ ਸੀ। ਜੀ ਹਾਂ, ਸ਼੍ਰੀਮਾਨ, ਉਹ ਬਿਲਕੁੱਲ ਉਸੇ ਤਰ੍ਹਾਂ ਹੀ ਉਹਦਾ ਮਜ਼ਾਕ ਉਡਾਉਂਦੇ ਹਨ। ਉਹ ਲੇਲੇ ਦੀ ਸੱਚੀ ਦੁਲਹਨ ਨੂੰ ਉਸੇ ਤਰ੍ਹਾਂ ਹੀ ਸਤਾਉਂਦੀ ਹੈ ਜਿਵੇਂ ਉਹਨੇ ਪ੍ਰਕਾਸ਼ ਦੀ ਪੋਥੀ 13:14 ਵਿੱਚ ਸਤਾਇਆ ਸੀ।

272 ਹੁਣ ਧਿਆਨ ਦਿਓ, ਅਸੀਂ ਪ੍ਰਮੇਸ਼ੁਰ ਦੇ ਵਚਨ ਦੇ ਵਾਇਦੇ ਦੇ ਦੁਆਰਾ ਵੇਖਿਆ ਹੈ ਕਿ ਉਹ ਉਸਦੇ ਬੱਚਿਆਂ ਨੂੰ, ਜਥੇਬੰਦੀਆਂ, ਉਹ ਦੀਆਂ ਧੀਆਂ ਨੂੰ ਆਤਮਿਕ ਮੌਤ ਨਾਲ ਮਾਰੇਗਾ। ਹੁਣ ਇਹ ਪ੍ਰਕਾਸ਼ ਦੀ ਪੋਥੀ 2:22 ਹੈ। ਤੁਸੀਂ ਇਹਨੂੰ ਨਾ ਭੁੱਲਿਓ ਕਿ ਮਾਰਨ ਦਾ ਮਤਲਬ ਹੈ, ਮੌਤ ਦੇ ਘਾਟ ਉਤਾਰਨਾ। ਅਤੇ *ਮੌਤ* ਦਾ ਅਰਥ ਹੈ, "ਪ੍ਰਮੇਸ਼ੁਰ ਦੀ ਹਜ਼ੂਰੀ ਵਿੱਚੋਂ ਹਮੇਸ਼ਾਂ ਦੀ ਜੁਦਾਈ। " ਮਿੱਤਰੋ ਇਸਦੇ ਬਾਰੇ ਵਿੱਚ ਜਰਾ ਸੋਚੋ। ਇਹਦੇ ਵਾਰੇ ਵਿੱਚ ਸੋਚੋ। ਮਨੁੱਖਾਂ ਦੇ ਘੜੇ ਹੋਏ ਮੱਤਾਂ ਸਿਧਾਤਾਂ ਤੇ ਭਰੋਸਾ ਨਾ ਕਰੋ। ਜੋ ਕੁਝ ਵੀ ਵਚਨ ਦੇ ਵਿਰੁੱਧ ਹੈ ਤੁਸੀਂ ਉਸ ਤੋਂ ਦੂਰ ਰਹੋ।

273 ਹੁਣ ਤੁਸੀਂ ਇੱਥੇ ਬਾਈਬਲ ਵਿੱਚ ਵੇਖੋ। ਇੱਥੇ ਕਿਹਾ ਗਿਆ ਹੈ ਕਿ ਉਸਦਾ ਨਾਮ ਮੌਤ ਸੀ, ਅਤੇ ......ਮੇਰਾ ਮਤਲਬ ਹੈ:

*.....ਉਹਦਾ ਨਾਮ ਮੌਤ ਸੀ, ਤੇ ਨਰਕ ਉਹਦੇ ਮਗਰ ਤੁਰਿਆ ਆਉਂਦਾ ਸੀ।*

274 ਕੁਦਰਤੀ ਤੌਰ ਤੇ ਨਰਕ ਹਮੇਸ਼ਾਂ ਮੌਤ ਦੇ ਪਿੱਛੇ ਹੀ ਤੁਰਦਾ ਹੈ। ਜਦ ਕੋਈ ਕੁਦਰਤੀ (ਸ਼ਰੀਰਕ)ਮਨੁੱਖ ਮਰਦਾ ਹੈ ਤਾਂ ਨਰਕ ਉਹਦੇ ਪਿੱਛੇ -ਪਿੱਛੇ ਹੁੰਦਾ ਹੈ ਜੋ ਕਿ ਕਬਰ, ਪਤਾਲ ਹੈ, ਇਹ ਤਾਂ ਕੁਦਰਤੀ ਤੌਰ ਤੇ ਹੈ। ਪਰ ਆਤਮਿਕ ਤੌਰ ਤੇ ਇਹ ਅੱਗ ਦੀ ਝੀਲ ਹੈ, ਸਦੀਪਕ ਜੁਦਾਈ ਹੈ, ਜਿੱਥੇ ਉਹਨਾਂ ਨੂੰ ਸਾੜਿਆ ਜਾਣਾ ਹੈ।

275 ਅਤੇ ਮਲਾਕੀ 4ਵਿੱਚ ਕਿਹਾ ਗਿਆ ਹੈ ਕਿ, " ਉਹਨਾਂ ਦਾ ਟੁੰਡ ਮੁੰਢ ਜਾਂ ਟਹਿਣੀ ਤੱਕ ਵੀ ਬਾਕੀ ਨਾ ਛੱਡੇਗਾ, ਉਹਨਾਂ ਦਾ ਭੁਠਾ ਕਰ ਦੇਵੇਗਾ। " ਇਹ ਉਹ ਢੰਗ ਹੈ ਜਿਹਦੇ ਨਾਲ ਸੰਸਾਰ ਹਜਾਰ ਸਾਲੇ ਰਾਜ ਲਈ ਫੇਰ ਦੁਬਾਰਾ ਸ਼ੁੱਧ ਕੀਤਾ ਜਾਂਦਾ ਹੈ। ਸਮਝੇ?

276 ਕੀ ਤੁਸੀਂ ਧਿਆਨ ਦਿੱਤਾ ਕਿ ਉਹ ਘੋੜਸਵਾਰ " ਪੁਰਸ਼ ਲਿੰਗ " ਹੈ? ਅਤੇ "ਉਹ" (HE)ਨੇ "ਆਪਣੇ" (HIM) ਹੱਥ ਵਿੱਚ, ਇੱਕ ਆਦਮੀ,ਇੱਕ ਝੂਠਾ ਨਬੀ। ਅਰ ਉਸਦੀ ਲਾੜੀ "ਉਹ" (HER) (ਇਸਤਰੀ ਲਿੰਗ)ਨਾਮਧਾਰੀ ਕਲੀਸਿਯਾ ਈਜ਼ਬਲ ਹੈ। ਅਹਾਬ, ਈਜ਼ਬਲ। ਕਿਉਂ,ਕੀ ਇਹ ਕਿਸੇ ਵੀ ਗੱਲ ਵਾਂਗ ਸਪੱਸ਼ਟ ਨਹੀਂ ਹੈ। ਸਮਝੇ?ਵੇਖਿਆ?

277 ਉਸ ਦੀਆਂ *ਧੀਆਂ* "ਉਹ" (SHE ) ਇਸਤਰੀ ਲਿੰਗ ਹਨ। ਉਹਨਾਂ ਹਰਗਿਜ਼ ਵੀ ਇੱਕ ਮਨੁੱਖ ਦੀ ਅਧੀਨਤਾ ਨੂੰ ਸਵੀਕਾਰ ਨਹੀਂ ਕੀਤਾ ;ਪ੍ਰੋਟੈਸਟੈਂਟ ਕਲੀਸਿਯਾ ਹਾਲੇ ਵੀ ਆਪਣੀ ਸਿੱਖਿਆ



106 ਅਤੇ ਚੌਥੇ ਜੰਤੂ ਨੇ, ਜੋ ਕਿ ਉਕਾਬ ਦੇ ਵਰਗਾ ਸੀ, ਯੂਹੰਨਾ ਨੂੰ ਆਖਿਆ, " ਵੇਖ ਕਿ ਛੁਟਕਾਰੇ ਦੀ ਯੋਜਨਾ ਦਾ ਚੌਥਾ ਭੇਤ ਜੋ ਇਸ ਪੋਥੀ ਵਿੱਚ ਛੁਪਿਆ ਹੈ, ਉਹ ਕੀ ਹੈ, " ਕਿਉਂਕਿ ਲੇਲਾ ਇਸਨੂੰ ਖੋਲ੍ਹ ਰਿਹਾ ਸੀ। ਦੂਸਰੇ ਲਫਜ਼ਾਂ ਵਿੱਚ ਇਹੋ ਕੁਝ ਹੀ ਉਹ ਆਖ ਰਿਹਾ ਸੀ। "ਇੱਥੇ ਇੱਕ ਚੌਥਾ ਭੇਤ ਹੈ। ਮੈਂ ਤੈਨੂੰ ਇਹ ਸੰਕੇਤ ਵਿੱਚ ਵਿਖਾਇਆ ਹੈ। ਹੁਣ, ਯੂਹੰਨਾ ਮੈਂ ਨਹੀਂ ਜਾਣਦਾ ਹਾਂ ਕਿ ਤੂੰ ਇਸਨੂੰ ਸਮਝ ਲਿਆ ਹੈ ਜਾਂ ਨਹੀਂ। " ਪ੍ਰੰਤੂ ਯੂਹੰਨਾ ਨੇ ਉਹ ਲਿਖਿਆ ਜੋ ਉਸਨੇ ਵੇਖਿਆ ਸੀ, ਪ੍ਰੰਤੂ ਇਹ ਇੱਕ ਭੇਦ ਸੀ। ਇਸ ਲਈ ਉਸਨੇ ਉਹ ਲਿਖਿਆ ਜੋ ਉਸਨੇ ਵੇਖਿਆ ਸੀ।

107 ਲੇਲਾ ਮੋਹਰਾਂ ਨੂੰ ਤੋੜ ਰਿਹਾ ਸੀ ਪ੍ਰੰਤੂ ਖੁਦਾ ਨੇ ਤਦ ਤੱਕ ਉਹਨਾਂ ਦਾ ਖੁਲਾਸਾ ਨਹੀਂ ਕੀਤਾ ਸੀ। ਇਸਨੂੰ ਤਾਂ ਅੰਤ ਦੇ ਦਿਨਾਂ ਲੲੀ ਛੱਡ ਦਿੱਤਾ ਗਿਆ ਸੀ। ਸਮਝੇ? ਹੁਣ ਅਸਾਂ ਸੰਕੇਤਾਂ ਵਿੱਚ ਵੇਖਿਆ ਸੀ ਅਤੇ ਅਸਾਂ ਇਹਦੀ ਖੋਜ ਪੜਤਾਲ ਕੀਤੀ ਹੈ ਅਤੇ ਕਈ ਵਾਰ ਤਾਂ ਅਸੀਂ ਬਹੁਤ ਚੰਗੀ ਤਰ੍ਹਾਂ ਵੀ ਕੀਤੀ ਹੈ। ਅਤੇ ਅਸੀਂ ਜਾਣਦੇ ਹਾਂ ਕਿ ਇਹ ਠੀਕ ਅਗਾਂਹ ਚੱਲਦਾ ਰਿਹਾ। ਪਰ ਹੁਣ, ਅੰਤ ਦੇ ਦਿਨਾਂ ਵਿੱਚ ਅਸੀਂ ਪਿਛਾਂਹ ਵੇਖ ਸੱਕਦੇ ਹਾਂ ਅਤੇ ਵੇਖ ਸੱਕਦੇ ਹਾਂ ਕਿ ਇਹ ਕਿੱਥੇ ਹੋਈਆਂ ਹਨ। ਅਤੇ ਇਸ ਤਰ੍ਹਾਂ ਕਲੀਸਿਯਾ ਦੇ ਯੁੱਗਾਂ ਦੇ ਖਾਤਮੇ ਤੇ ਅਤੇ ਸੁਰਗ ਤੇ ਉਠਾਏ ਜਾਣ ਤੋਂ ਪਹਿਲਾਂ ਹੋਣਾ ਹੈ।

108 ਮੈਂ ਨਹੀਂ ਜਾਣਦਾ ਹਾਂ ਕਿ ਕੋਈ ਇਹ ਕਿਸ ਤਰ੍ਹਾਂ ਕਹਿ ਸੱਕਦਾ ਹੈ ਕਿ ਕਲੀਸਿਯਾ ਕਸ਼ਟ ਕਾਲ ਵਿੱਚ ਦੀ ਲੰਘੇਗੀ। ਉਹ ਕਿਸ ਤਰ੍ਹਾਂ ਕਸ਼ਟ ਕਾਲ ਵਿੱਚ ਦੀ ਲੰਘੇਗੀ ਜਦ ਕਿ ਉਸਦੇ ਵਿਰੋਧ ਵਿੱਚ ਕੋਈ ਪਾਪ ਹੈ ਹੀ ਨਹੀਂ ਹੈ? ਮੇਰਾ ਮਤਲਬ .....ਮੇਰਾ ਮਤਲਬ ਸ਼ਰੀਰਕ ਕਲੀਸਿਯਾ ਤੋਂ ਨਹੀਂ ਹੈ ;ਉਹ ਤਾਂ ਮਹਾਂ ਕਲੇਸ਼ ਦੇ ਵਿੱਚ ਦੀ ਜਾਵੇਗੀ। ਪਰ ਮੈਂ ਤਾਂ ਲਾੜੀ ਦੇ ਬਾਰੇ ਵਿੱਚ ਬੋਲ ਰਿਹਾ ਹਾਂ। ਲਾੜੀ ਦੇ ਜਿੰਮੇ ਕੋਈ ਪਾਪ ਨਹੀਂ ਹੈ। ਉਸਨੂੰ ਤਾਂ ਸ਼ੁੱਧ ਕੀਤਾ ਜਾ ਚੁੱਕਾ ਹੈ ਇੱਥੋਂ ਤੱਕ ਉਸਦੇ ਵਿਰੁੱਧ ਪਾਪ ਦੀ ਬਦਬੂ ਤੱਕ ਨਹੀਂ ਹੈ ਅਤੇ ਕੁਝ ਵੀ ਬਾਕੀ ਨਹੀਂ ਰਿਹਾ ਹੈ। ਲਾੜੀ ਦੇ ਲੋਕ ਪ੍ਰਮੇਸ਼ੁਰ ਦੇ ਸਾਹਮਣੇ ਸੰਪੂਰਨ ਹਨ। ਇਸ ਲਈ ਉਹਨਾਂ ਨੂੰ ਸ਼ੁੱਧ ਕਰਨ ਲਈ ਕੀ ਕੋਈ ਕਸ਼ਟ ਹੋ ਸੱਕਦਾ ਹੈ? ਪ੍ਰੰਤੂ ਦੂਸਰਿਆਂ ਦੇ ਲਈ ਕਸ਼ਟ ਕਾਲ ਹੈ। ਦੁਨੀਆਵੀ ਕਲੀਸਿਯਾ ਕਸ਼ਟ ਦੇ ਵਿੱਚ ਦੀ ਲੰਘ ਦੀ ਹੈ, ਪ੍ਰੰਤੂ ਦੁਲਹਨ ਨਹੀਂ।

109 ਹੁਣ, ਅਸੀਂ ਇਸਨੂੰ ਹਰ ਤਰ੍ਹਾਂ ਦੇ ਨਮੂਨਿਆਂ ਵਿੱਚ ਵੇਖ ਚੁੱਕੇ ਹਾਂ। ਜਿਵੇਂ ਕਿ ਕਲੀਸਿਯਾ ਦਾ ਨਮੂਨਾ ਨੂਹ ਸੀ, ਉਹ ਪਾਪ ਦੇ ਵਿੱਚ ਦੀ ਹੋ ਕੇ ਬਾਹਰ ਨਿੱਕਲਿਆ ਸੀ। ਪ੍ਰੰਤੂ ਹਨੋਕ ਪਹਿਲਾਂ ਚਲਾ ਗਿਆ ਸੀ, ਉਹ ਉਨ੍ਹਾਂ ਸੰਤਾਂ ਦਾ ਨਮੂਨਾ ਹੈ ਜੋ ਕਿ ਕਸ਼ਟ ਕਾਲ ਤੋਂ ਪਹਿਲਾਂ ਹੀ ਚਲੇ ਜਾਣਗੇ।

ਹੁਣ ਅਸੀਂ ਵੇਖਦੇ ਹਾਂ ਕਿ ਇਸ ਲੇਲੇ ਨੇ ਮੋਹਰ ਖੋਲ੍ਹੀ।

110 ਹੁਣ, ਜੇ ਤੁਸੀਂ ਧਿਆਨ ਦਿੱਤਾ ਹੈ ਤਾਂ ਤੁਸੀਂ ਵੇਖਿਆ ਹੋਵੇਗਾ ਕਿ ਅਸੀਂ ਵੇਖਿਆ ਹੈ ਕਿ ......ਪਹਿਲਾ ਜੰਤੂ ਸ਼ੇਰ ਵਰਗਾ ਸੀ ਜੋ ਕਿ ਇੱਕ ਜੀਉਂਦਾ ਪ੍ਰਾਣੀ ਸੀ; ਅਸੀਂ ਉਸਨੂੰ ਕਲੀਸਿਯਾ ਦੀ ਕਿਤਾਬ ਵਿੱਚ ਵੇਖਿਆ ਹੈ ......ਅਤੇ ਮੇਰਾ ਵਿਸ਼ਵਾਸ਼ ਹੈ ਕਿ ਜੋ ਦੂਸਰਾ ਜੰਤੂ ਸੀ ਉਸਦਾ ਮੂੰਹ ਬਲਦ ਜਾਂ ਵਹਿੜਕੇ ਵਰਗਾ ਸੀ ਅਤੇ ਤੀਸਰਾ ਜੰਤੂ ਮਨੁੱਖ ਦਾ ਚਿਹਰਾ ਸੀ। ਪਰ ਚੌਥਾ ਜੰਤੂ ਇੱਕ ਉਕਾਬ ਦਾ ਚਿਹਰਾ ਸੀ। ਅਸੀਂ ਉਹਨਾਂ ਨੂੰ ਬਿਲਕੁੱਲ ਇਸੇ ਹੀ ਢੰਗ ਦੇ ਨਾਲ ਪਾਇਆ ਹੈ ਅਤੇ ਇਸੇ ਤਰ੍ਹਾਂ

ਹੀ ਉਹ ਘੁੰਮ ਰਹੇ ਸਨ। ਅਤੇ ਬਿਲਕੁੱਲ ਠੀਕ ਇਸੇ ਤਰ੍ਹਾਂ ਹੀ ਉਹ ਇਸ ਪੋਥੀ ਵਿੱਚ ਵੀ ਰੱਖੇ ਗਏ ਹਨ।

111 ਅਤੇ ਤਦ ਇੱਕ ਮਹਾਨ ਸਿੱਖਿਆ ਦੇਣ ਵਾਲਾ ਫਲੋਰਿਡਾ ਵਿੱਚ ਸਿੱਖਿਆ ਦਿੰਦੇ ਹੋਏ ਇਹ ਕਹਿ ਰਿਹਾ ਸੀ, " ਰਸੂਲਾਂ ਦੇ ਕਰਤੱਵ ਪੁਸਤਕ ਕਲੀਸਿਯਾ ਲਈ ਬਸ ਪੈੜ ਵਾਂਗ ਕੱਚੀ ਉਸਾਰੀ ਦਾ ਕੰਮ ਸੀ। ਪ੍ਰੰਤੂ ਕਲੀਸਿਯਾ ਤਾਂ ਉਹਨਾਂ ਚਾਰ ਇੰਜ਼ੀਲਾਂ ਵਿੱਚ ਪਾਈ ਜਾਂਦੀ ਹੈ। "

112 ਅਤੇ ਅਸੀਂ ਤਾਂ ਇਸਦੇ ਵਿਪਰੀਤ ਪਾਉਂਦੇ ਹਾਂ, ਇਹ ਚਾਰ ਇੰਜ਼ੀਲਾਂ ਹਨ ਜਿਹੜੀਆਂ ਰਸੂਲਾਂ ਦੇ ਕਰਤੱਵ ਦੀ ਰਾਖੀ ਕਰਦੀਆਂ ਹਨ। ਇਹ ਤਾਂ ਉਹ ਚਾਰ ਪੁਸਤਕਾਂ ਹਨ ਜਿਹਨਾਂ ਤੋਂ ਰਸੂਲਾਂ ਦੇ ਕਰਤੱਵ ਪੁਸਤਕ ਲਿਖੀ ਗਈ ਹੈ, ਇਹ ਰਸੂਲਾਂ ਦੇ ਅੰਦਰ ਪਵਿੱਤਰ ਆਤਮਾ ਦੇ ਕੰਮ ਹਨ। ਅਤੇ ਅਸੀਂ ਪ੍ਰਕਾਸ਼ ਦੀ ਪੋਥੀ ਵਿੱਚ ਵੇਖਿਆ ਸੀ ਕਿ ਉਹ ਪਹਿਰੇਦਾਰ ਪੂਰਬ, ਪੱਛਮ, ਉੱਤਰ, ਦੱਖਣ ਵਿੱਚ ਬੈਠੇ ਹੋਏ ਰਾਖੀ ਕਰ ਰਹੇ ਸਨ। ਕੀ ਤੁਹਾਨੂੰ ਯਾਦ ਹੈ ਕਿ ਅਸੀਂ ਇਹ ਕਿਵੇਂ ਇੱਥੇ ਵਾਹ ਕੇ ਵਿਖਾਇਆ ਸੀ ? ਅਤੇ ਕਿੰਨੀ ਸਿੱਧਤਾ ਅਤੇ ਸੁੰਦਰਤਾ ਵਿੱਚ ਹਰ ਇੱਕ ਚੀਜ਼ ਠੀਕ ਆਪਣੇ ਸਥਾਨ ਨੂੰ ਦਰਸਾਉਂਦੀ ਹੈ।

113 ਹੁਣ ਮੈਂ ਚਾਹੁੰਦਾ ਹਾਂ ਕਿ ਤੁਸੀਂ ਧਿਆਨ ਦਿਓ। ਕਿਹਾ ਗਿਆ ਹੈ, "ਆ ਜਾ ਅਤੇ ਵੇਖ।" ਯੂਹੰਨਾ .....ਹੁਣ ਇਸ ਤੋਂ ਪਹਿਲਾਂ ਮੈਂ ਚਾਹੁੰਦਾ ਹਾਂ ਕਿ ਤੁਸੀਂ ਫਿਰ ਦੁਬਾਰਾ ਧਿਆਨ ਦਿਓ। ਹੁਣ, ਇਹ ਤਾਂ ਇੱਥੇ ਮਸੀਹ ਵਿਰੋਧੀ ਦੇ ਕੰਮ ਨੂੰ ਪ੍ਰਗਟ ਕਰਨ ਲਈ ਆਖਰੀ ਘੋੜ ਸਵਾਰ ਹੈ।

ਕੱਲ੍ਹ ਰਾਤ ਅਸੀਂ ਵੇਦੀ ਦੇ ਥੱਲੇ ਰੂਹਾਂ ਨੂੰ ਵੇਖਾਂਗੇ।

ਉਸ ਤੋਂ ਅਗਲੀ ਰਾਤ ਨੂੰ ਅਸੀਂ ਨਿਆਂ ਦੇ ਬਾਰੇ ਵਿੱਚ ਵੇਖਾਂਗੇ।

114 ਅਗਲੀ ਰਾਤ ਅਸੀਂ ਯੁੱਗ ਦਾ ਅੰਤ, ਸਮੇਂ ਦਾ ਅੰਤ, ਅਤੇ ਸਭਨਾਂ ਚੀਜ਼ਾਂ ਦਾ ਅੰਤ ਵੇਖਾਂਗੇ ਅਤੇ ਅਜਿਹਾ ਤਦ ਹੁੰਦਾ ਹੈ ਜਦ ਲਾੜੀ ਉਠਾ ਲਈ ਜਾਂਦੀ ਹੈ। ਇਸ ਲਈ ਠੀਕ ਉਸ ਸੱਤਵੀਂ ਮੋਹਰ ਵਿੱਚ ਉਹਨਾਂ ਕਟੋਰਿਆਂ ਦਾ ਉਲੱਦਣਾ ਹੈ ਅਤੇ ਬਾਕੀ ਸੱਭ ਪੀੜਾਵਾਂ ਦਾ ਉਲੱਦਿਆਂ ਜਾਣਾ ਹੈ। ਉਹ ਕੀ ਹੈ, ਮੈਂ ਨਹੀਂ ਜਾਣਦਾ ਹਾਂ।

115 ਪ੍ਰੰਤੂ ਹੁਣ ਤੁਸੀਂ ਇਸ ਤੇ ਧਿਆਨ ਦਿਓ। ਅਸੀਂ ਵੇਖਦੇ ਹਾਂ ਕਿ ਇੱਥੇ ਇਹ ਜੰਤੂ ਇੱਕ ਉਕਾਬ, ਇਹ ਉਹ ਮਨੁੱਖ ਹੈ .....ਜਾਂ ਇਹ ਉਹ ਜੀਉਂਦਾ ਪ੍ਰਾਣੀ ਹੈ ਜੋ ਕਿ ਇੱਥੇ ਉਲੱਦਿਆ ਗਿਆ ਹੈ ਅਥਵਾ ਬੋਲਦਾ ਹੈ। ਜਾਂ ਦੂਸਰੇ ਸ਼ਬਦਾਂ ਵਿੱਚ ਇਹਦੇ ਚਾਰ ਵੱਖਰੇ ਯੁੱਗ ਹਨ। ਅਤੇ ਇੱਕ ਸ਼ੇਰ ਦਾ ਯੁੱਗ ਸੀ। ਅਤੇ ਅਸੀਂ ਵੇਖਿਆ ਹੈ ਕਿ ਇਹ ਚੌਥਾ ਯੁੱਗ ਹੋਣ ਦੇ ਕਾਰਨ .......

116 ਅਤੇ ਉਸਨੇ ਆਖਿਆ, " ਆ ਅਤੇ ਨਿਸਤਾਰੇ ਦੀ ਪੋਥੀ ਦੇ ਚੌਥੇ ਭੇਤ ਨੂੰ ਜੋ ਕਿ ਇਸ ਪੋਥੀ ਵਿੱਚ ਛੁਪਿਆ ਹੋਇਆ ਹੈ ਵੇਖ। ਆ ਅਤੇ ਵੇਖ। " ਅਤੇ ਯੂਹੰਨਾ ਵੇਖਣ ਨੂੰ ਗਿਆ ਤਾਂ ਉਸਨੇ ਕੁੱਲੇ (ਜਰਦ) ਘੋੜੇ ਨੂੰ ਵੇਖਿਆ। ਅਤੇ ਇਸ ਕੁੱਲੇ ਘੋੜੇ ਤੇ ਵੀ ਫਿਰ ਉਹ ਹੀ ਸਵਾਰ ਸੀ।

117 ਹੁਣ ਉਸਦਾ ਇੱਕ ਨਾਮ ਹੈ ਜੋ ਮੌਤ ਅਖਵਾਉਂਦਾ ਹੈ। ਹੁਣ ਧਿਆਨ ਦਿਓ। ਇਸ ਤੋਂ ਇਲਾਵਾ ਕਿਸੇ ਹੋਰ ਸਵਾਰ ਦਾ, ਕਿਸੇ ਹੋਰ ਘੋੜੇ ਦਾ ਜਾਂ ਕਦੇ ਕੋਈ ਅਜਿਹਾ ਸਮਾਂ ਨਹੀਂ ਹੋਇਆ



ਹਨ? ਯਕੀਨਨ ਹੀ ਉਹ ਮੂਲ ਪੈਤੀਕਾਸਟਲ ਸੀ। ਵੇਖੋ, ਉਹ ਕਿੱਥੋਂ ਡਿੱਗੀ ਸੀ?ਉਹ ਵਚਨ ਤੋਂ ਡਿੱਗ ਗਈ ਸੀ ਅਤੇ ਉਸਨੇ ਆਪਣੇ ਮੱਤਾ,ਸਿਧਾਤਾਂ ਅਤੇ ਅਕੀਦਿਆਂ ਨੂੰ ਸਵੀਕਾਰ ਕਰ ਲਿਆ। ਪਵਿੱਤਰ ਆਤਮਾ ਦੀ ਬਜਾਏ ਉਹ ਤਾਂ, ਪਵਿੱਤਰ ਆਦਮੀ, ਡਾਕਟਰ, ਐਲ.ਐਲ .ਪੀ .ਐਚ.ਕਿਓ .ਯੂ ਚਾਹੀਦਾ ਸੀ, ਅਤੇ ਉਹਨੇ ਉਹਨੂੰ ਇੱਕ ਪੋਪ ਬਣਾ ਦਿੱਤਾ ਸੀ। ਸਮਝੇ? ਪ੍ਰੰਤੂ, ਯਕੀਨਨ ਹੀ ਇਹੋ ਕੁਝ ਹੀ ਸੀ ਜੋ ਉਹ ਚਹੁੰਦੀ ਸੀ, ਉਹ ਚਾਹੁੰਦੀ ਸੀ ਕਿ ਕੋਈ ਉਹਦੇ ਲਈ ਦੁਆ ਕਰੇ। ਕੋਈ ....ਉਸਨੇ ਤਾਂ ਆਪਣਾ ਪੈਸਾ ਤਾਰਿਆ ਅਤੇ ਉਹਦੇ ਕੋਲ ਕਰਨ ਲਈ ਇਹੋ ਕੁਝ ਹੀ ਸੀ।

266 ਹੁਣ ਅੱਜ ਵੀ ਇਹੋ ਹੀ ਗੱਲ ਹੈ। ਜਦ ਤੱਕ ਉਹਨਾਂ ਨੂੰ ਬੈਠਣ ਲਈ ਗੱਦੀਆਂ ਮਿਲਦੀਆਂ ਹਨ ਉਹ ਚੰਦੇ ਵਿੱਚ ਮੋਟੀ ਰਕਮ ਪਾਉਂਦੇ ਹਨ, ਏਨਾ ਹੀ ਕਾਫੀ ਹੈ। ਉਹ ਤਾਂ ਉਸ ਗਿਰਜੇ ਦੇ ਮੈਂਬਰ ਹਨ। ਤੁਸੀਂ ਉਹਨਾਂ ਨੂੰ ਵਚਨ ਦੇ ਬਾਰੇ ਵਿੱਚ ਹੋਰ ਕੁਝ ਨਾ ਦੱਸੋ ਉਹ ਇਹ ਨਹੀਂ ਜਾਨਣਾ ਚਾਹੁੰਦੇ ਹਨ। ਇਹ ਉਹ ਦੀਆਂ ਧੀਆਂ ਹਨ।

267 ਹੁਣ ਉਹ ਕਿੱਥੋਂ ਡਿੱਗੀ ਸੀ? ਰਸੂਲਾਂ ਅਤੇ ਨਬੀਆਂ ਦੇ ਮੂਲ ਵਚਨ ਤੋਂ। ਇਹ ਹੀ ਉਹ ਥਾਂ ਹੈ ਜਿੱਥੋਂ ਪ੍ਰੋਟੈਸਟੈਂਟ ਡਿੱਗੇ ਹਨ।

268 ਤੋਬਾ ਕਰੋ !ਵਾਪਸ ਮੁੜੋ!ਵਾਪਸ ਮੁੜੋ ਇਸ ਤੋਂ ਪਹਿਲਾਂ ਕਿ ਬਹੁਤ ਦੇਰ ਹੋ ਜਾਵੇ। ਕੀ ਪਹਿਲਾਂ ਹੀ ਬਥੇਰੀ ਦੇਰ ਨਹੀਂ ਹੋ ਗਈ ਹੈ। ਇਹਨਾਂ ਦਿਨਾਂ ਵਿੱਚ ਕਿਸੇ ਦਿਨ ਲੇਲਾ ਆਪਣਾ ਸਥਾਨ ਛੱਡ ਦੇਵੇਗਾ ਅਤੇ ਤਦ ਇਹ ਸੱਭ ਖਤਮ ਹੋ ਜਾਵੇਗਾ। ਇਸ ਤੋਂ ਪਹਿਲਾਂ ਕਿ ਉਹ ਦੀਆਂ ਧੀਆਂ ਦਾ ਨਿਆਂ ਹੋਵੇ ਉਹਨੂੰ ਵੀ ਹੁਣ ਇਹ ਹੀ ਕਰਨ ਲਈ ਕਿਹਾ ਗਿਆ ਹੈ, ਉਹਨਾਂ ਨੂੰ ਵੀ ਪਿੱਛੇ ਮੁੜਨ ਨੂੰ ਕਿਹਾ ਗਿਆ ਹੈ।

269 ਹੁਣ ਉਹਨਾਂ ਨੂੰ ਆਖਰੀ ਸੰਦੇਸ਼ ਇਸ ਨਬੀ ਦੇ ਸਮੇਂ ਵਿੱਚ ਮਿਲਦਾ ਜਿਹਦੇ ਵਾਰੇ ਵਿੱਚ ਮੈਂ ਬੋਲ ਰਿਹਾਂ ਹਾਂ। ਜਿਹਦੇ ਬਾਰੇ ਵਿੱਚ ਮੈਂ ਕਈ ਪੁਸਤਕਾਂ ਵਿੱਚੋਂ ਪੜ੍ਹ ਰਿਹਾ ਹਾਂ। ਅਤੇ ਮੈਂ ਜਾਣਦਾ ਹਾਂ ਕਿ ਸੱਚੇ, ਚੰਗੇ, ਸੂਝਵਾਨ ਆਤਮਿਕ ਸੋਚ ਵਾਲੇ ਮਨੁੱਖ ਜਾਣਦੇ ਹਨ ਕਿ ਉਹ ਆ ਰਿਹਾ ਹੈ। ਉਹ ਇਹ ਜਾਣਦੇ ਹਨ। ਵੇਖੋ, ਉਹ ਜਾਣਦੇ ਹਨ ਕਿ ਉਹ ਆ ਰਿਹਾ ਹੈ। ਉਹ ....ਪਰ ਮੁਸ਼ਕਿਲ ਇਹ ਹੈ ਕਿ ਉਹਨਾਂ ਨੇ ਇਹ ਕਹਿਣਾ ਜਾਰੀ ਰੱਖਿਆ ਹੋਇਆ ਹੈ ਕਿ "ਸਾਨੂੰ ਉਹਦੀ ਲੋੜ ਹੈ। ਉਹ ਆਵੇਗਾ ਹੀ। " ਜਦ ਉਹ ਅਵੇਗਾ ਤਾਂ ਉਹ ਏਨਾ ਹਲੀਮ ਹੋਵੇਗਾ ਕਿ ਉਹ ਉਸ ਨੂੰ ਪਛਾਨਣ ਵਿੱਚ ਉਸੇ ਤਰ੍ਹਾਂ ਹੀ ਫੇਲ ਹੋ ਜਾਣਗੇ ਜਿਵੇਂ ਉਹ ਦੂਸਰਿਆਂ ਸਮਿਆਂ ਵਿੱਚ ਫੇਲ ਹੋ ਗਏ ਸਨ। ਇਹ ਠੀਕ ਹੈ। ਲੋਕ ਇਸਦੇ ਵਾਰੇ ਵਿੱਚ ਲਿਖਣਗੇ ਅਤੇ ਬਾਕੀ ਸੱਭ ਕੁਝ ਕਰਨਗੇ ਅਤੇ ਕਹਿਣਗੇ, " ਔਹ, ਹਾਂ ਸਾਨੂੰ ਉਹਦੀ ਲੋੜ ਹੈ। " ਪਰ ਜਦ ਉਹ ਉਹਨਾਂ ਦੇ ਸਾਹਮਣੇ ਪ੍ਰਗਟ ਹੋਵੇਗਾ ਤਾਂ ਫਿਰ ਵੀ ਉਹ ਇਸੇ ਤਰ੍ਹਾਂ ਹੀ ਕਹਿੰਦੇ ਰਹਿਣਗੇ। ਸਮਝੇ? ਉਹਨਾਂ ਨੇ ਹਮੇਸ਼ਾਂ ਹੀ ਇਸੇ ਤਰ੍ਹਾਂ ਹੀ ਕੀਤਾ ਹੈ।

270 ਹੁਣ ਤੁਸੀਂ ਮੂਲ ਵਚਨ ਨੂੰ ਵੇਖੋ। ਉਹ ਹਨ ....ਉਹ ....ਹਾਲੇ ਵੀ ਉਸਨੂੰ ਵਾਪਸ ਮੁੜ੍ਹਨ ਨੂੰ ਕਿਹਾ ਗਿਆ ਹੈ ਅਤੇ ਉਹ ਦੀਆਂ ਧੀਆਂ ਨੂੰ ਵੀ ਵਾਪਸ ਮੁੜਨ ਲਈ ਕਿਹਾ ਗਿਆ ਹੈ। ਜੋਰ ਪਾਉਣਾ .....ਉਹਨਾਂ ਦਾ ਨਿਆਂ ਕੀਤਾ ਜਾਵੇਗਾ ਅਤੇ ਉਹ ਦੀਆਂ ਧੀਆਂ ਨੂੰ ਵੀ ਉਸੇ ਵਿਛੋਣੇ ਉੱਤੇ ਉਹਦੇ ਨਾਲ ਸੁੱਟਿਆ ਜਾਵੇਗਾ ਅਤੇ ਮਾਰਿਆ ਜਾਵੇਗਾ। ਉਹਨੂੰ ਵਾਪਸ ਮੂਲ ਵਚਨ ਵੱਲ, ਰਸੂਲਾਂ ਦੀ ਸਿੱਖਿਆ ਦੇ ਵੱਲ ਵਾਪਸ ਮੁੜਨ ਲਈ ਕਿਹਾ ਗਿਆ ਹੈ। ਪਰ ਉਹ ਆਪਣੇ ਅਕੀਦਿਆਂ ਅਤੇ

ਵਚਨ ਦਾ ਇਨਕਾਰ ਕੀਤਾ ਹੈ ਇਸੇ ਲਈ ਸ਼ੈਤਾਨ ਉਸ ਵਿੱਚ ਦੇਹਧਾਰੀ ਹੋ ਗਿਆ ਹੈ। ਇਸੇ ਕਰਕੇ ਹੀ ਪ੍ਰੋਟੈਸਟੈਂਟ ਚਰਚ ਵੀ ਇੱਕ ਕੰਜਰੀ ਬਣ ਗਿਆ ਕਿਉਂਕਿ ਉਸਨੇ ਵੀ ਪ੍ਰਮੇਸ਼ੁਰ ਦੀ ਪ੍ਰਮਾਣਿਤ ਸੱਚਾਈ ਨੂੰ ਰੱਦ ਕੀਤਾ ਹੈ ਅਤੇ ਇਸ ਤਰ੍ਹਾਂ ਕਰਨ ਨਾਲ ਸ਼ੈਤਾਨ ਨੂੰ ਮੋਕਾ ਮਿਲਦਾ ਹੈ ਕਿ ਉਹ ਉਸਦੇ ਅੰਦਰ ਆ ਕੇ ਆਪਣੇ ਆਪ ਨੂੰ ਦੇਹਧਾਰੀ ਬਣਾਵੇ। ਜਦ ਉਹ ਇੱਕਠੇ ਜੁੜ ਜਾਣਗੇ ਤਾਂ ਉਹ ਦਰਿੰਦੇ ਦੇ ਲਈ ਇੱਕ ਮੂਰਤ ਬਣਾਵੇਗਾ ਅਤੇ ਇਸ ਸਮੇਂ ਬਿਲਕੁੱਲ ਇਸੇ ਤਰ੍ਹਬ ਹੀ ਹੋ ਰਿਹਾ ਹੈ ਜਿਵੇਂ ਖੁਦਾ ਨੇ ਆਖਿਆ ਸੀ। ਇਹ ਸਹੀ ਹੈ। ਆਮੀਨ।

259 ਜੇ ਮੈਂ ਪੜ੍ਹਿਆ ਲਿਖਿਆ ਹੁੰਦਾ ਤਾਂ ਮੈਂ ਇਸਨੂੰ ਸਮਝਾ ਸੱਕਦਾ ਸੀ। ਪ੍ਰੰਤੂ ਮੈਂ ਪੜ੍ਹਿਆ ਲਿਖਿਆ ਨਹੀਂ ਹਾਂ। ਮੈਂ ਤਾਂ ਬਸ ਉਮੀਦ ਕਰ ਰਿਹਾਂ ਹਾਂ ਕਿ ਪਵਿੱਤਰ ਆਤਮਾ ਤੁਹਾਡੇ ਤੇ ਇਹਨੂੰ ਪ੍ਰਗਟ ਕਰੇਗਾ। ਅਤੇ ਉਹ ਉਨ੍ਹਾਂ ਤੇ ਕਰੇਗਾ ਜਿਹੜੇ .....ਇਹ ਠੀਕ ਹੈ। ਜੀ ਹਾਂ ਉਹ ਇਸੇ ਤਰ੍ਹਾਂ ਹੀ ਕਰੇਗਾ। ਧਿਆਨ ਦਿਓ।

260 ਧਿਆਨ ਦਿਓ ਉਸਨੇ ਕੀ ਕੀਤਾ ਸੀ। ਉਸਨੇ ਖੁਦਾ ਦੇ ਉਸ ਸੰਦੇਸ਼ ਨੂੰ ਰੱਦ ਕਰ ਦਿੱਤਾ ਜਿਹਦੇ ਵਿੱਚ ਉਸਨੂੰ ਤੋਬਾ ਕਰਨ ਲਈ ਆਖਿਆ ਗਿਆ ਸੀ। ਉਸਨੇ ਇੱਕ ਮਸੀਹ ਵਿਰੋਧੀ ਸ਼ੁਰੂ ਕੀਤਾ ਅਤੇ ਇਹੋ ਹੀ ਉਹ ਸੀ। ਅਤੇ ਜਦ ਉਸਨੇ ਆਪਣੀਆਂ ਝੂਠੀਆਂ ਸਿੱਖਿਆਵਾਂ ਦੇ ਨਾਲ ਇਹ ਕੀਤਾ ਤਾਂ ਉਹ ਝੂਠਾ ਨਬੀ ਅਰ ਦੇਹਧਾਰੀ ਸ਼ੈਤਾਨ ਬਣ ਗਈ। ਪਰ ਇਸ ਸੱਭ ਦੇ ਬਾਵਜੂਦ ਪ੍ਰਮੇਸ਼ੁਰ ਨੇ ਉਸਨੂੰ ਤੋਬਾ ਦਾ ਵਿਹਲ ਦਿੱਤਾ।

261 ਵੇਖੋ, ਪ੍ਰਮੇਸ਼ੁਰ ਕਿੰਨਾ ਧੀਰਜਵਾਨ ਹੈ?ਕੇਡਾ ਅਦਭੁਤ ਪ੍ਰੇਮ ਹੈ। ਕੋਈ ਪ੍ਰੇਮ ਇਸ ਤਰ੍ਹਾਂ ਦਾ ਨਹੀਂ ਹੈ। ਉਹਨਾਂ ਤੇ ਨਿਗਾਹ ਮਾਰੋ, ਉਹ ਜਿਹਨਾਂ ਉਹ ਦੇ ਮੂੰਹ ਦੇ ਉੱਤੇ ਥੁੱਕਿਆ ਅਤੇ ਹੋਰ-ਹੋਰ ਕੀਤਾ ਪ੍ਰੰਤੂ ਫਿਰ ਵੀ ਉਹਨੇ ਉਹਨਾਂ ਨੂੰ ਮਾਫ ਕਰ ਦਿੱਤਾ। ਵੇਖਿਆ,ਇਹ ਹੈ ਪ੍ਰਮੇਸ਼ੁਰ। ਨਹੀਂ ਕੀਤਾ.....

262 ਪ੍ਰਮੇਸ਼ੁਰ ਦੇ ਸੰਦੇਸ਼ ਨੂੰ ਰੱਦਣਾ! ਵੇਖੋ ਉਹਨੂੰ ਤੋਬਾ ਕਰਨ ਨੂੰ ਕਿਹਾ ਗਿਆ ਸੀ, ਉਹਨੂੰ ਵਾਪਿਸ ਮੁੜਨ ਲਈ ਕਿਹਾ ਗਿਆ ਸੀ ਜਿੱਥੋਂ ਉਹ ਡਿੱਗੀ ਸੀ।

263 ਅਤੇ ਉਹ ਕਿੱਥੋਂ ਡਿੱਗੀ ਸੀ? ਵਚਨ ਤੋਂ। ਠੀਕ ਹੈ। ਅਤੇ ਹੱਵਾਹ ਕਿੱਥੋਂ ਡਿੱਗੀ ਸੀ? [ਸੰਗਤ ਆਖਦੀ ਹੈ,"ਵਚਨ ਤੋਂ"-ਸੰਪਾ]ਵਚਨ ਤੋਂ। ਮਿਸ਼ਨਾਂ ਅਤੇ ਜੱਥੇਬੰਦੀਆਂ ਕਿੱਥੋਂ ਡਿੱਗੀਆਂ ਹਨ?["ਵਚਨ ਤੋਂ "]ਵਚਨ ਤੋਂ!ਇਹ ਹੀ ਗੱਲ ਹੋਈ ਹੈ। ਸਮਝੇ ?ਵਾਪਸ ਮੁੜਨ ਦਾ ਕੋਈ ਹੋਰ ਤਰੀਕਾ ਨਹੀਂ ਹੈ। ਤੁਹਾਨੂੰ ਤਾਂ ਫਿਰ ਵਚਨ ਤੇ ਹੀ ਵਾਪਸ ਮੁੜਨਾ ਹੋਵੇਗਾ, ਤੁਹਾਨੂੰ ਤਾਂ ਫਿਰ ਵਚਨ ਤੇ ਹੀ ਵਾਪਸ ਆਉਣਾ ਪੈਣਾ ਹੈ। ਸਮਝੇ?ਅਤੇ ਉਹ ਕਿਸੇ ਪ੍ਰਣਾਲੀ ਵਿੱਚ ਚਲੇ ਜਾਂਦੇ ਹਨ ਜੋ ਕਿ ਉਹਨਾਂ ਨੂੰ ਵਚਨ ਤੋਂ ਦੂਰ ਲੈ ਜਾਂਦੀ ਹੈ ਬਜਾਏ ਇਸਦੇ ਕਿ ਉਹਨਾਂ ਨੂੰ ਵਚਨ ਦੇ ਵੱਲ ਲੈ ਕੇ ਆਵੇ। ਧਿਆਨ ਦਿਓ।

264 ਵੇਖੋ, ਉਹਨੂੰ ਤੋਬਾ ਕਰਨ ਦੇ ਲਈ ਵਿਹਲ ਦਿੱਤੀ ਗਈ। *ਤੋਬਾ* ਕਰਨ ਦਾ ਕੀ ਅਰਥ ਹੈ, ਵਾਪਸ ਜਾਣਾ, "ਪਿੱਛੇ ਮੁੜਨਾ। " ਇਸ ਲਈ ਤੋਬਾ ਕਰਨ ਦਾ ਮਤਲਬ ਹੁੰਦਾ ਹੈ ਪਿੱਛੇ ਮੁੜਨਾ। ਅਤੇ ਉਹਨੂੰ ਪਿੱਛੇ ਮੁੜਨ ਦੀ ਵਿਹਲ ਦਿੱਤਾ ਗਈ।

265 ਹੁਣ ਯਾਦ ਰੱਖੋ, ਉਹ ਆਸਲੀ ਪੈਂਟੀਕਾਸਟਲ ਕਲੀਸਿਯਾ ਸੀ ਜਿਹਦੇ ਉੱਤੇ ਪੈਂਤੀਕੁਸਤ ਦੇ ਦਿਨ ਪਵਿੱਤਰ ਆਤਮਾ ਵਹਾਇਆ ਗਿਆ ਸੀ। ਕਿੰਨੇ ਬਾਈਬਲ ਦੇ ਪਾਠਕ ਇਸ ਗੱਲ ਨੂੰ ਜਾਣਦੇ



ਕਿ ਜਿਹੜੇ ਸਵਾਰ ਆਏ ਉਹਨਾਂ ਦਾ ਕੋਈ ਨਾਮ ਹੋਵੇ; ਉਹਨਾਂ ਸਵਾਰਾਂ ਦਾ ਕੋਈ ਨਾਮ ਨਹੀਂ ਸੀ। ਪ੍ਰੰਤੂ ਇਹ ਸਵਾਰ ਮੋਤ ਕਹਾਉਂਦਾ ਹੈ। ਇਸਦਾ ਜ਼ਿਕਰ ਨਹੀਂ ਕੀਤਾ ਗਿਆ ਹੈ। ਸਮਝੇ? ਹੁਣ ਇਹ ਪ੍ਰਗਟ ਹੋ ਗਿਆ ਹੈ। ਉਹ ਕੀ ਹੈ, ਉਹ ਮੋਤ ਹੈ।

118 ਚੰਗਾ, ਅਸੀਂ ਕਿਵੇਂ ਇਸ ਤੇ ਸੰਦੇਸ਼ ਦੇਣ ਲਈ ਟਿਕੇ ਰਹਿ ਸੱਕਦੇ ਹਾਂ ਅਤੇ ਇਸਨੂੰ ਬਿਲਕੁੱਲ ਸਾਫ ਬਣਾ ਸੱਕਦੇ ਹਾਂ! ਪ੍ਰੰਤੂ ਜੋ ਕੁਝ ਵੀ ਸੱਚ ਦੇ ਵਿਰੁੱਧ ਹੈ ਉਸਨੇ ਤਾਂ ਮਰਨਾ ਹੀ ਹੈ। ਕਿਉਂਕਿ ਸਿਰਫ ਦੋ ਹੀ ਤਰ੍ਹਾਂ ਦੇ ਮਜਮੂਨ ਹਨ ਇੱਕ ਮੋਤ ਅਤੇ ਦੂਸਰਾ ਜੀਵਨ। ਅਤੇ ਇਹ ਸਿੱਧ ਕਰਦਾ ਹੈ ਕਿ ਇਹਨਾਂ ਦਿਨਾਂ ਵਿੱਚ ਇਸਦੇ ਬਾਰੇ ਵਿੱਚ ਪਵਿੱਤਰ ਆਤਮਾ ਦਾ ਪ੍ਰਕਾਸ਼ ਬਿਲਕੁੱਲ ਸੱਚ ਹੈ। ਜੋ ਵਿਰੋਧੀ ਹੈ ਉਹ ਮੋਤ ਹੈ। ਕਿਉਂਕਿ, ਜਿਵੇਂ ਅਸੀਂ ਥੋੜੀ ਦੇਰ ਬਾਦ ਵੇਖਾਂਗੇ ਕਿ ਵਚਨ ਜੀਵਨ ਹੈ। ਸਮਝੇ?

119 ਅਤੇ ਇਹ ਆਦਮੀ ਮੋਤ ਸਦਾਉਂਦਾ ਹੈ। ਹੁਣ, ਇਸ ਸਵਾਰ ਨੂੰ ਕਿਸੇ ਹੋਰ ਸਮੇਂ ਮੋਤ ਨਹੀਂ ਕਿਹਾ ਗਿਆ ਸੀ। ਪ੍ਰੰਤੂ ਹੁਣ ਇਸਦਾ ਜ਼ਿਕਰ ਕੀਤਾ ਗਿਆ ਹੈ ਕਿ ਉਹ ਮੋਤ ਸਦਾਉਂਦਾ ਹੈ।

120 ਪ੍ਰੰਤੂ ਸ਼ੇਰ ਦੇ ਪ੍ਰਕਾਸ਼ ਦੇ ਅਧੀਨ .....ਹੁਣ ਧਿਆਨ ਦਿਓ। ਹੁਣ, ਮੈਂ ਇਸਨੂੰ ਬੜੀ ਹੀ ਨਜ਼ਦੀਕੀ ਤੋਂ ਪੜ੍ਹਨਾ ਚਾਹੁੰਦਾ ਹਾਂ ਤਾਂ ਕਿ ਮੈਂ ਲਿਖੇ ਹੋਏ ਦੇ ਬਾਰੇ ਪੱਕਾ ਹੋ ਜਾਵਾਂ। ਸ਼ੇਰ ਦੇ ਸਮੇਂ ਜਾਂ ਪਹਿਲੀ ਕਲੀਸਿਯਾ ਦੇ ਯੁੱਗ ਦੇ ਪ੍ਰਕਾਸ਼ ਦੇ ਸਮੇਂ ਇਹ ਪ੍ਰਗਟ ਨਹੀਂ ਹੋਇਆ ਸੀ। ਇਸ ਤੋਂ ਅਗਲਾ ਯੁੱਗ ਵਹਿੜਕੇ ਦਾ ਯੁੱਗ ਸੀ ਜੋ ਕਿ ਹਨੇਰਾ ਯੁੱਗ ਸੀ, ਮੱਧ ਯੁੱਗ ਸੀ, ਇਸ ਵਿੱਚ ਵੀ ਇਹ ਪ੍ਰਗਟ ਨਹੀਂ ਹੋਇਆ ਸੀ ਕਿ ਇਹ ਕੀ ਹੈ। ਨਾ ਹੀ ਮਨੁੱਖ ਵਰਗੇ ਜੰਤੂ ਦੇ ਯੁੱਗ ਵਿੱਚ ਜੋ ਕਿ ਬੁੱਧੀ ਦਾ ਯੁੱਗ ਸੀ ਜੋ ਕਿ ਲੂਥਰ, ਵੈਜ਼ਲੀ ਅਤੇ ਦੂਸਰੇ ਸੁਧਾਰਕਾਂ ਨੂੰ ਦਰਸਾਉਂਦਾ ਸੀ, ਇਹ ਹਾਲੇ ਪ੍ਰਗਟ ਨਹੀਂ ਸੀ ਹੋਇਆ। ਪ੍ਰੰਤੂ ਉਕਾਬ ਦੇ ਯੁੱਗ ਵਿੱਚ, ਆਖਰੀ ਯੁੱਗ ਵਿੱਚ, ਨਬੀ ਦੇ ਯੁੱਗ ਵਿੱਚ ਜਿਹਦੇ ਵਿੱਚ ਕਿ ਨਬੀ ਦੀ ਅਵਾਜ਼ ਹੋਣੀ ਹੈ, ਜਿਹਦੇ ਵਿੱਚ ਕਿ ਨਬੀ ਨੇ ਉੱਠ ਖੜਾ ਹੋਣਾ ਹੈ ਇਹ ਪ੍ਰਗਟ ਕੀਤਾ ਗਿਆ ਹੈ, ਅਤੇ ਇਹ ਨਬੀ ਹੀ ਹੁੰਦਾ ਹੈ ਜਿਹਦੇ ਕੋਲ ਹਮੇਸ਼ਾਂ ਭੇਤ ਆਉਂਦੇ ਹਨ !ਹੁਣ ਇਹ ਹੀ ਹੈ ਉਹ ਜਿੱਥੇ ਅਸੀਂ ਹਾਂ ......

121 ਅੱਜ ਰਾਤ ਅਸੀਂ ਇਸੇ ਤੇ ਥੋੜੀ ਦੇਰ ਰੁਕਾਂਗੇ ਤਾਂ ਕਿ ਤੁਸੀਂ ਇਸਨੂੰ ਚੰਗੀ ਤਰ੍ਹਾਂ ਸਮਝ ਜਾਓ। ਹੁਣ, ਬਥੇਰੀ ਵਾਰ ਤੁਹਾਨੂੰ ਇਹਦਾ ਅਹਿਸਾਸ ਹੁੰਦਾ ਹੈ .... ਮੈਂ ਸਿਰਫ ਇਸ ਸਮੂਹ ਨੂੰ ਹੀ ਨਹੀਂ ਕਹਿ ਰਿਹਾ ਹਾਂ ਜੋ ਕਿ ਇੱਥੇ ਬੈਠਾ ਹੈ। ਵੇਖੋ, ਇਹ ਟੇਪ ਸੱਭ ਜਗ੍ਹਾ ਜਾਂਦੇ ਹਨ ਅਤੇ ਮੈਂ ਇਸ ਗੱਲ ਨੂੰ ਬਿਲਕੁੱਲ ਸਾਫ ਕਰ ਦੇਣਾ ਚਾਹੁੰਦਾ ਹਾਂ। ਕਿਉਂਕਿ ਜੇ ਕਿਸੇ ਨੂੰ ਸਿਰਫ ਇੱਕ ਹੀ ਟੇਪ ਮਿਲਦੀ ਹੈ ਅਤੇ ਉਸਨੂੰ ਬਾਕੀ ਟੇਪ ਨਹੀਂ ਮਿਲਦੀਆਂ ਤਾਂ ਉਹ ਗੜਬੜ ਵਿੱਚ ਹੀ ਪੈ ਜਾਵੇਗਾ। ਵੇਖੋ, ਖੁਦਾ ਨੇ ਇਸ ਦਿਨ ਦੇ ਲਈ, ਇਸ ਆਖਰੀ ਸਮੇਂ ਦੇ ਲਈ ਇਹ ਕਰਾਰ ਕੀਤਾ ਹੈ ਕਿ ਉਨ੍ਹਾਂ ਵੱਖ-ਵੱਖ ਘਟਨਾਵਾਂ ਨੂੰ ਜੋ ਕਿ ਘਟੀਆਂ ਹਨ ਅਤੇ ਜਿਹਨਾਂ ਗੱਲਾਂ ਵਿੱਚ ਗੜਬੜ ਕੀਤੀ ਗਈ ਹੈ, ਖੋਲ੍ਹਿਆ ਜਾਵੇਗਾ। ਅਸੀਂ ਹਾਂ .......

122 ਅਸੀਂ ਏਲੀਯਾਹ ਦੇ ਵਸਤਰਾਂ ਵਾਲੀ ਸਿੱਖਿਆ ਨੂੰ ਵੇਖਿਆ ਹੈ। ਸਾਡੇ ਕੋਲ ਏਲੀਯਾਹ ਦੇ ਵਸਤਰ ਸਨ। ਅਜਿਹੇ ਲੋਕ ਰਹੇ ਹਨ ਕਿ ......ਜਾੱਨ ਅਲੈਗਜੈਂਡਰ ਡੋਵੀ ਨੂੰ ਉੱਥੇ ਚੋਗੇ ਵਿੱਚ ਲਪੇਟ ਕੇ ਦਫਨ ਕੀਤਾ ਗਿਆ ਸੀ। ਉਹ ਕਹਿੰਦਾ ਸੀ ਕਿ ਉਹ ਅਲੀਸ਼ਾ ਸੀ। ਸਾਡੇ ਕੋਲ ਇਸ ਤਰ੍ਹਾਂ ਦੀਆਂ

ਕਈ ਗੱਲਾਂ ਹਨ। ਜੋ ਵੀ ਹੈ ਇਹ ਕੀ ਹੈ? ਇਸ ਤਰ੍ਹਾਂ ਬਸ ਉਸ ਸੱਚਾਈ ਤੋਂ ਦੂਰ ਲਿਜਾਣ ਲਈ ਹੁੰਦਾ ਹੈ ਜੋ ਪ੍ਰਗਟ ਹੋਣ ਜਾ ਰਹੀ ਹੁੰਦੀ ਹੈ। ਸਮਝੇ? ਯਿਸੂ ਦੇ ਆਉਣ ਦੇ ਸਮੇਂ ਤੋਂ ਪਹਿਲਾਂ ਹੀ ਉਨ੍ਹਾਂ ਦੇ ਕੋਲ ਝੂਠੇ ਮਸੀਹ ਸਨ। ਸਮਝ ਲੱਗੀ? ਉਹਨਾਂ ਨੇ ਹਮੇਸ਼ਾਂ ਹੀ ਇਸੇ ਤਰ੍ਹਾਂ ਕੀਤਾ ਹੈ। ਇਹ ਸ਼ੈਤਾਨ ਹੈ ਜਿਹੜਾ ਲੋਕਾਂ ਦੇ ਮਨਾਂ ਅਤੇ ਵਿਸਵਾਸ਼ ਨੂੰ ਵਿਗਾੜਨ ਲਈ ਕਿਸੇ ਘਟਨਾ ਦੇ ਹੋਣ ਤੋਂ ਪਹਿਲਾਂ ਨਕਲ ਕਰਦਾ ਹੈ।

123 ਕੀ ਇਹੋ ਹੀ ਗੱਲ ਗਮਲੀਏਲ ਨੇ ਉਸ ਸਮੇਂ ਦੇ ਯਹੂਦੀਆਂ ਨੂੰ ਨਹੀਂ ਕਹੀ ਸੀ ? ਉਸਨੇ ਕਿਹਾ ਸੀ, " ਕੀ ਇੱਕ ਆਦਮੀ ਉੱਠ ਖੜਾ ਨਹੀਂ ਹੋਇਆ ਸੀ ਅਤੇ ਇਸਦਾ ਦਾਅਵਾ ਕੀਤਾ ਸੀ? ਅਤੇ ਉਹ ਚਾਰ ਸੋ ਲੋਕਾਂ ਨੂੰ ਜੰਗਲ ਵਿੱਚ ਲੈ ਗਿਆ ਸੀ ਅਤੇ ਉਹ ਨਾਸ਼ ਹੋ ਗਏ ਸਨ। "

124 ਯਿਸੂ ਨੇ ਕਿਹਾ, " ਹਰੇਕ ਟਹਿਣੀ ਜਿਹੜੀ ਮੇਰੇ ਸੁਰਗੀ ਪਿਤਾ ਨੇ ਨਹੀਂ ਲਾਈ ਉਹ ਉਖਾੜ ਦਿੱਤੀ ਜਾਵੇਗੀ। "

125 ਗਮਲੀਏਲ ਨੇ ਕਿਹਾ ਸੀ, " ਉਨ੍ਹਾਂ ਨੂੰ ਛੱਡ ਦਿਓ। ਜੇ ਉਹ ਖੁਦਾ ਵਲੋਂ ਨਹੀਂ ਹੈ ਤਾਂ ਕਿ ਇਹ ਖਤਮ ਨਹੀਂ ਹੋ ਜਾਵੇਗਾ? ਪ੍ਰੰਤੂ ਜੇ ਖੁਦਾ ਦੀ ਵਲੋਂ ਹੈ ਤਾਂ ਕਿਤੇ ਅਜਿਹਾ ਨਾ ਹੋਵੇ ਕਿ ਤੁਸੀਂ ਪ੍ਰਮੇਸ਼ੁਰ ਦੇ ਨਾਲ ਲੜਨ ਵਾਲੇ ਹੋਵੋ। " ਉਸ ਆਦਮੀ ਨੇ ਬੁੱਧੀ ਵਰਤੀ ਸੀ। ਉਹ ਇੱਕ ਸਿਖਾਉਣ ਵਾਲਾ ਸੀ।

126 ਹੁਣ ਧਿਆਨ ਦਿਓ। ਇਹਨਾਂ ਸਾਰੇ ਭੇਤਾਂ ਨੂੰ ਪ੍ਰਗਟ ਕਰਨ ਲਈ ਪ੍ਰਮੇਸ਼ੁਰ ਨੇ ਵਾਇਦਾ ਕੀਤਾ ਹੈ, ਇੱਕ ਅਸਲੀ ਅਲੀਸ਼ਾ ਉੱਠੇਗਾ, ਕੋਈ ਆਦਮੀ ਉਸ ਅਲੀਸ਼ਾ ਦੇ ਆਤਮਾ ਨਾਲ ਮਸ੍ਹਾ ਹੋ ਕੇ ਆਵੇਗਾ ਅਤੇ ਉਹ ਆ ਕੇ ਇਹਨਾਂ ਸਾਰੇ ਭੇਤਾਂ ਨੂੰ ਪ੍ਰਗਟ ਕਰੇਗਾ। ਇਸਦਾ ਵਾਇਦਾ ਉਸਨੇ ਮਲਾਕੀ 4 ਬਾਬ ਵਿੱਚ ਕੀਤਾ ਹੈ। ਅਤੇ ਮੇਰੇ ਕੋਲ ਪਰਚੇ ਅਤੇ ਚਿੱਠੀਆਂ ਹਨ ਜੋ ਇਹ ਕਹਿੰਦੇ ਹਨ ਕਿ ਇਸ ਤਰ੍ਹਾਂ ਨਹੀਂ ਹੈ, ਪਰ ਮੈਂ ਉਸ ਵਿਅਕਤੀ ਦੇ ਨਾਲ ਗੱਲ ਕਰਨਾ ਚਾਹਾਂਗਾ। ਸਮਝੇ? ਤੁਸੀਂ ਇਸਦਾ ਇਨਕਾਰ ਨਹੀਂ ਕਰ ਸੱਕਦੇ ਹੋ। ਕੋਈ ਵੀ ਅਸਲੀ ਅਤੇ ਚੰਗਾ ਰੱਬੀ ਗਿਆਨ ਦਾ ਵਿਦਵਾਨ ਜਾਣਦਾ ਹੈ ਕਿ ਇਹ ਸੱਚ ਹੈ, ਉਹ ਜਾਣਦਾ ਹੈ ਕਿ ਲੋਕ ਉਸਦਾ ਰਾਹ ਵੇਖ ਰਹੇ ਹਨ।

127 ਪ੍ਰੰਤੂ ਉਹ ਬਿਲਕੁੱਲ ਉਸੇ ਤਰੀਕੇ ਦੇ ਨਾਲ ਆਵੇਗਾ ਜਿਸ ਤਰ੍ਹਾਂ ਮਸੀਹ ਦੀ ਪਹਿਲੀ ਆਮਦ ਦੇ ਅੱਗੇ ਯੂਹੰਨਾ ਆਇਆ ਸੀ। ਕਿਉਂ, ਉਨ੍ਹਾਂ ਨੇ ਉਸਨੂੰ ਨਹੀਂ ਪਛਾਣਿਆ ਸੀ, ਕਿਉਂਕਿ ਉਸਦੇ ਬਾਰੇ ਵਿੱਚ ਬਹੁਤ ਮਹਾਨ ਗੱਲਾਂ ਦੀ ਭਵਿੱਖਬਾਣੀ ਕੀਤੀ ਗਈ ਸੀ। ਕਿਉਂ ਭਲਾ, ਉਸਨੇ ਤਾਂ ਸੱਭ ਉੱਚੀਆਂ ਥਾਵਾਂ ਨੂੰ ਨੀਵੀਆਂ ਅਤੇ ਨੀਵੀਆਂ ਥਾਵਾਂ ਨੂੰ ਉੱਚੀਆਂ ਕਰਨਾ ਸੀ ਅਤੇ ਜੋ ਉੱਚਾ, ਨੀਵਾਂ ਸੀ ਉਸਨੇ ਪੱਧਰਾ ਹੋਣਾ ਸੀ। " ਅਤੇ ਔਹ, ਉਹ ......ਨਬੀਆਂ ਨੇ ਉਸਦੇ ਬਾਰੇ ਵਿੱਚ ਭਵਿੱਖਬਾਣੀਆਂ ਕੀਤੀਆਂ ਸਨ ; ਯਸਾਯਾਹ ਨੇ ਉਸਦੇ ਜਨਮ ਤੋਂ ਸੱਤ ਸੋ ਬਾਰਾਂ ਸਾਲ ਪਹਿਲਾਂ ਨਬੂਵਤ ਕੀਤੀ ਸੀ; ਅਤੇ ਮਲਾਕੀ ਨੇ ਉਸਦੇ ਦ੍ਰਿਸ਼ ਤੇ ਆਉਣ ਤੋਂ ਚਾਰ ਸੋ ਸਾਲ ਪਹਿਲਾਂ ਹੀ ਭਵਿੱਖਬਾਣੀ ਕੀਤੀ ਸੀ; ਉਹਨਾਂ ਸਭਨਾਂ ਨਬੀਆਂ ਨੇ ਉਸਦੇ ਬਾਰੇ ਵਿੱਚ ਭਵਿੱਖਬਾਣੀਆਂ ਕੀਤੀਆਂ ਸਨ। ਲੋਕ ਇਹ ਆਸ ਲਾਏ ਹੋਏ ਸਨ ਕਿ ਸ਼ਾਇਦ ਸੁਰਗ ਦਰਵਾਜ਼ਾ ਖੁੱਲ੍ਹ ਜਾਵੇਗਾ ਅਤੇ ਇਹ ਨਬੀ ਪਮੇਸ਼ੁਰ ਦੇ ਕੋਲੋਂ ਆਪਣੇ ਹੱਥ ਵਿੱਚ ਲਾਠੀ ਫੜ ਕੇ ਬਾਹਰ ਨਿੱਕਲ ਆਵੇਗਾ।

250 ਜੇ ਤੁਸੀਂ ਸੱਚ-ਮੁੱਚ ਬਚ ਗਏ ਹੋ ਤਾਂ ਤੁਸੀਂ ਉਹਨਾਂ ਸੰਗਤੀਆਂ ਦਾ ਅਨੰਦ ਲਓਗੇ ਜਿੱਥੇ ਪਵਿੱਤਰ ਆਤਮਾ ਆਪਣੇ ਆਪ ਨੂੰ ਪ੍ਰਗਟ ਕਰ ਰਿਹਾ ਹੈ ਅਤੇ ਵਿਖਾ ਰਿਹਾ ਹੈ ਕਿ ਪ੍ਰਮੇਸ਼ੁਰ ਦਾ ਵਚਨ ਇਸ ਤਰ੍ਹਾਂ ਹੈ।

251 ਕਿਸੇ ਨੇ ਕਿਹਾ ਸੀ, " ਲੋਕ ਬਹੁਤ ਜਿਆਦਾ ਰੋਲਾ ਪਾਉਂਦੇ ਹਨ। ਇਹ ਮੈਨੂੰ ਪ੍ਰੇਸ਼ਾਨ ਕਰ ਦਿੰਦਾ ਹੈ। " ਤਾਂ ਫਿਰ ਤੁਸੀਂ ਜਦ ਸੁਰਗ ਵਿੱਚ ਜਾਓਗੇ ਪ੍ਰੇਸ਼ਾਨ ਹੋ ਜਾਓਗੇ। ਅਤੇ ਜਰਾ ਸੋਚੋ ਕਿ ਜੇ ਇਹ ਸਾਰੇ ਉੱਥੇ ਪਹੁੰਚ ਜਾਂਦੇ ਹਨ ਤਾਂ ਫਿਰ ਕੀ ਹੋਵੇਗਾ? ਔਹ, ਪ੍ਰਭੂ ਕਿਵੇਂ ਚਹੁੰਦਾ ਹੈ ਕਿ ......

252 ਪ੍ਰਮੇਸ਼ੁਰ ਉਸੇ ਤਰ੍ਹਾਂ ਹੀ ਧੀਰਜ ਕਰ ਰਿਹਾ ਹੈ ਜਿਵੇਂ ਕਿ ਉਸਨੇ ਨੂਹ ਦੇ ਦਿਨੀਂ ਕੀਤਾ ਸੀ। ਪ੍ਰਮੇਸ਼ੁਰ ਥੱਕ ਗਿਆ ਸੀ। ਉਸਨੇ ਇੱਕ ਸੋਹ ਵੀਹ ਸਾਲ ਤੱਕ ਜਰਿਆ ਕਿ ਉਹ ਤੋਬਾ ਕਰ ਲੈਣ। ਪ੍ਰੰਤੂ ਉਹਨਾਂ ਨੇ ਤੋਬਾ ਨਹੀਂ ਕੀਤੀ।

253 ਮਿਸਰ ਦੇ ਦਿਨਾਂ ਵਿੱਚ ਪਰਮੇਸ਼ੁਰ ਨੇ ਬਵਾਂ ਅਤੇ ਹੋਰ ਕਈ ਕੁਝ ਉੱਥੇ ਭੇਜਿਆ। ਤੇ ਉਹਨਾਂ ਤੋਬਾ ਨਾ ਕੀਤੀ।

ਉਸਨੇ ਯੂਹੰਨਾ ਨੂੰ ਭੇਜਿਆ ਪ੍ਰੰਤੂ ਉਹਨਾਂ ਨੇ ਤੋਬਾ ਨਾ ਕੀਤੀ।

254 ਪ੍ਰਭੂ ਯਿਸੂ ਨੂੰ ਖੁਦਾ ਨੇ ਮਰਨ ਲਈ ਭੇਜਿਆ ਤਾਂ ਕਿ ਉਸ ਸਾਰੇ ਸਮੂਹ ਨੂੰ ਬਚਾਵੇ ਜਿਹੜਾ ਉਸਦਾ ਵਚਨ ਸੁਣੇਗਾ।

255 ਅਤੇ ਉਸਨੇ ਵਾਇਦਾ ਕੀਤਾ ਹੈ ਕਿ ਆਖਰੀ ਦਿਨਾਂ ਵਿੱਚ ਉਹ ਆਪਣੀ ਕਲੀਸਿਯਾ ਨੂੰ ਬਾਹਰ ਕੱਢਣ ਲਈ, ਅਸਲੀ ਵਿਸ਼ਵਾਸ਼ ਨੂੰ ਵਾਪਿਸ ਲਿਆਉਣ ਲਈ ਇੱਕ ਸੰਦੇਸ਼ ਭੇਜੇਗਾ। ਪਰ ਲੋਕ ਇਸਨੂੰ ਕਬੂਲ ਨਹੀਂ ਕਰਨਗੇ। ਉਹ ਆਪਣੇ ਮੱਤਾਂ ਸਿਧਾਤਾਂ ਅਤੇ ਅਕੀਦਿਆਂ ਵਿੱਚ ਏਨੇ ਕੁ ਬੱਝੇ ਹੋਏ ਹਨ ਕਿ ਉਹਨਾਂ ਨੂੰ ਵਚਨ ਨਹੀਂ ਚਾਹੀਦਾ ਹੈ। ਉਹ ਸੋਚਦੇ ਹਨ ਜੇ ਉਹਨਾਂ ਦੇ ਕੋਲ .....ਕੋਈ ਸਵਰਗ ਦੂਤ ਥੱਲੇ ਉੱਤਰ ਕੇ ਆ ਜਾਏ ; ਪਰ ਖੁਦਾ ਇਸ ਤਰ੍ਹਾਂ ਨਹੀਂ ਕਰਦਾ ਹੈ।

256 ਪ੍ਰਮੇਸ਼ੁਰ ਤਾਂ ਕਿਸੇ ਅਜਿਹੇ ਅਗਿਆਨੀ ਅਤੇ ਅਨਪੜ੍ਹ ਨੂੰ ਲੈਂਦਾ ਹੈ ਜਿਹੜਾ ਓ- ਅ ਤੱਕ ਵੀ ਨਾ ਜਾਣਦਾ ਹੋਵੇ। ਅਤੇ ਖੁਦਾ ਇਸ ਤਰ੍ਹਾਂ ਦੇ ਆਦਮੀ ਨੂੰ ਲੈਂਦਾ ਹੈ, ਕਿਉਂਕਿ ਉਹ ਅਜਿਹੇ ਆਦਮੀਂ ਨੂੰ ਲੈ ਸੱਕਦਾ ਹੈ ਜੋ ਕੁਝ ਵੀ ਨਹੀਂ ਹੈ ਅਤੇ ਫਿਰ ਉਹ ਉਸਦੇ ਰਾਹੀਂ ਕੰਮ ਕਰਦਾ ਹੈ। ਪ੍ਰਮੇਸ਼ੁਰ ਨੇ ਹਮੇਸ਼ਾਂ ਇਸੇ ਤਰ੍ਹਾਂ ਹੀ ਕੀਤਾ ਹੈ। ਖੁਦਾ ਦੇ ਨਾਲ ਕੁਝ ਬਣਨ ਲਈ ਤੁਹਾਨੂੰ ਕੁਝ ਵੀ ਨਹੀਂ ਬਣਨ ਦੀ ਲੋੜ ਹੈ।

257 ਧਿਆਨ ਦਿਓ, ਹਾਲੇ ਵੀ, "ਉਸਨੇ ਉਹਨੂੰ ਤੋਬਾ ਦਾ ਵਿਹਲ ਦਿੱਤਾ, ਪਰ ਉਹਨੇ ਤੋਬਾ ਨਾ ਕੀਤੀ। "

258 ਪ੍ਰਮੇਸ਼ੁਰ ਨੇ ਉਸਨੂੰ ਤੋਬਾ ਕਰਨ ਲਈ ਮੋਕਾ ਦਿੱਤਾ ਪਰ ਉਸਨੇ ਫਿਰ ਵੀ ਤੋਬਾ ਨਾ ਕੀਤੀ। ਉਸਨੂੰ ਰੱਦ ਕਰਨ ਦੇ ਰਾਹੀਂ ਉਹ ਆਪਣੇ ਲਈ ਇੱਕ ਰਾਹ ਬਣਾਉਂਦੀ ਹੈ .....ਜਾਂ ਅਜਿਹਾ ਕਰਨ ਲਈ ਇਨਕਾਰ ਕਰਨ ਦੇ ਰਾਹੀਂ ਉਹ ਸ਼ੈਤਾਨ ਦੇ ਲਈ ਇੱਕ ਸੱਪੂਰਨ ਰਾਹ ਬਣਾਉਂਦੀ ਹੈ ਕਿ ਉਹ ਅੰਦਰ ਆਣ ਕੇ ਉਸਦੇ ਵਿੱਚ ਦੇਹਧਾਰੀ ਹੋ ਜਾਵੇ। ਇਹ ਠੀਕ ਗੱਲ ਹੈ। ਕਿਉਂਕਿ ਉਸਨੇ

ਕੋਈ ਜਣਾ ਆਪਣੀ ਬਾਈਬਲ ਲੈ ਕੇ ਇੱਥੇ ਆਏ ਅਤੇ ਮੇਰੇ ਲਾਗੇ ਖੜਾ ਹੋਵੇ। " ਤੇ ਕਿਸੇ ਨੇ ਵੀ ਕੁਝ ਨਹੀਂ ਆਖਿਆ।

242 ਟੋਮੀ ਹਿਕਸ ਨੇ ਕਿਹਾ, " ਭਾਈ ਬ੍ਰਾਨਹਾਮ ਮੈਂ ਇਸਨੂੰ ਕਦੇ ਵੀ ਇਸ ਤਰ੍ਹਾਂ ਨਹੀਂ ਸੁਣਿਆ ਹੈ। ਮੈਨੂੰ ਇਹ ਦੀਆਂ ਤਿੰਨ ਸੌ ਟੇਪਾਂ ਚਾਹੀਦੀਆਂ ਹਨ। ਮੈਂ ਇਹਨਾਂ ਨੂੰ ਆਪਣੇ ਸੱਭ ਸੇਵਾਦਾਰਾਂ ਨੂੰ ਭੇਜਣਾ ਚਾਹੁੰਦਾ ਹਾਂ। "

243 ਉੱਥੇ ਲੱਗ-ਭੱਗ ਪੰਜਾਹ ਜਾਂ ਪਝੱਤਰ ਅਜਿਹੇ ਲੋਕ ਸਨ ਜਿਹਨਾਂ ਨੂੰ ਮੈਂ ਕਿਹਾ ਸੀ, " ਮੈਂ ਲੋਕਾਂ ਨੂੰ ਦੁਬਾਰਾ ਬਪਤਿਸਮਾ ਦੇਣ ਲਈ ਉੱਥੇ ਥੱਲੇ ਆ ਰਿਹਾਂ ਹਾਂ। " ਕੀ ਉਹ ਆਏ ਸਨ? ਉਹਨਾਂ ਵਿੱਚੋਂ ਇੱਕ ਵੀ ਨਹੀਂ ਆਇਆ। ਕਿਉਂ? ਉਸਨੇ ਉਹਨਾਂ ਨੂੰ ਤੋਬਾ ਕਰਨ ਦਾ ਵਿਹਲ ਦਿੱਤਾ ਹੈ ! ਅਤੇ ਉਹ ਤੇਰੇ ਬੱਚਿਆਂ ਨੂੰ ਮੌਤ ਨਾਲ ਅਤਮਿਕ ਮੌਤ ਮਾਰੇਗਾ।

244 ਜੇ ਪ੍ਰਭੂ ਨੇ ਚਾਹਿਆ ਤਾਂ ਅਸੀਂ ਇਸਨੂੰ ਕੱਲ ਰਾਤ ਲਵਾਂਗੇ, ਜਾਂ ਸ਼ਨੀਵਾਰ ਰਾਤ ਨੂੰ ਉਹਨਾਂ ਬਵਾਂ ਨੂੰ ਜੋ ਕਿ ਆਉਣੀਆਂ ਹਨ ਵੇਖਾਂਗੇ। ਤੁਸੀਂ ਧਿਆਨ ਦੇਣਾ ਉੱਥੇ ਕੀ ਹੁੰਦਾ ਹੈ।

245 ਜਿਵੇਂ ਉਹਨੇ ਮਿਸਰ ਨੂੰ ਤੋਬਾ ਕਰਨ ਦਾ ਵਿਹਲ ਦਿੱਤਾ ਸੀ। ਅਤੇ ਉੱਥੇ ਆਖਰੀ ਬਵਾ ਕੀ ਸੀ? ਉਹ ਮੌਤ ਸੀ।

246 ਇਹ ਹੀ ਉਹ ਆਖਰੀ ਬਵਾ ਹੈ ਜਿਹਨੇ ਪੈਂਟੀਕਾਸਟਲ ਕਲੀਸਿਯਾ ਤੇ ਵਾਰ ਕੀਤਾ ਹੈ ਅਤੇ ਉਹ ਆਤਮਿਕ ਮੌਤ ਹੈ। ਉਹ ਮਰ ਗਈ ਹੈ। ਅਤੇ ਇਹ ਗੱਲ ਮੈਂ ਪ੍ਰਭੂ ਦੇ ਨਾਮ ਤੇ ਹੈ। ਉਹ ਆਤਮਿਕ ਤੋਰ ਤੇ ਮਰ ਚੁੱਕੀ ਹੈ। ਉਸਨੇ ਉਹਨੂੰ ਤੋਬਾ ਦਾ ਵਿਹਲ ਦਿੱਤਾ ਹੈ ਅਤੇ ਉਹਨੇ ਇਸਨੂੰ ਠੁਕਰਾ ਦਿੱਤਾ ਹੈ। ਹੁਣ ਉਹ ਮਰ ਚੁੱਕੀ ਹੈ। ਉਹ ਫਿਰ ਕਦੇ ਵੀ ਨਹੀਂ ਉੱਠੇਗੀ।

247 ਅਤੇ ਉੱਥੇ ਉਹ ਲੋਕ ਬਾਹਰ ਐਪੀਸਕੋਪੈਲੀਅਨਜ਼ ਅਤੇ ਪਾਦਰੀ ਅਤੇ ਦੂਸਰੇ ਲੋਕਾਂ ਨੂੰ ਅੰਦਰ ਲਿਆਉਣ ਦਾ ਯਤਨ ਕਰ ਰਹੇ ਹਨ, ਅਤੇ ਉਹਨਾਂ ਨੂੰ "ਪਵਿੱਤਰ ਪਿਤਾ *ਆਦਿ -ਆਦਿ*" ਕਹਿੰਦੇ ਹਨ। ਕਿਉਂ, ਉਹਨਾਂ ਨੂੰ ਆਪਣੇ ਆਪ ਤੇ ਸ਼ਰਮ ਆਉਣੀ ਚਾਹੀਦੀ ਹੈ। ਆਦਮੀ ਕਿੰਨਾ ਅੰਨ੍ਹਾ ਹੋ ਸੱਕਦਾ ਹੈ! ਕੀ ਯਿਸੂ ਪ੍ਰਭੂ ਨੇ ਨਹੀਂ ਆਖਿਆ?ਜਦ ਉਹ ਮੂਰਖ ਕੁਆਰੀਆਂ ਤੇਲ ਲੈਣ ਲਈ ਆਈਆਂ ਤਾਂ ਉਨ੍ਹਾਂ ਨੂੰ ਤੇਲ ਨਹੀਂ ਮਿਲਿਆ ਸੀ।

248 ਤੁਸੀਂ ਸੱਭ ਲੋਕਾਂ ਨੂੰ ਇਹ ਕਹਿੰਦੇ ਹੋਏ ਸੁਣਦੇ ਹੋ, " ਮੈਂ ਪਵਿੱਤਰ ਆਤਮਾ ਪਾਇਆ ਹੈ। ਮੈਂ ਗੈਰ ਜ਼ੁਬਾਨਾਂ ਬੋਲੀਆਂ ਹਨ। " ਪਰ ਉਹ ਇਸ ਤਰ੍ਹਾਂ ਦੀ ਕਲੀਸਿਯਾ ਦੇ ਲਾਗੇ ਵੀ ਨਹੀਂ ਆਉਣਾ ਚਾਹੁੰਦੇ ਹਨ। ਉਹ ਕਹਿੰਦੇ ਹਨ, " ਓਹ, ਤੁਸੀਂ ਜਾਣਦੇ ਹੋ ਕਿ ਮੈਂ ਇਹ ਵਿਸ਼ਵਾਸ਼ ਨਹੀਂ ਕਰਦਾ ਹੈ ਕਿ ਮੈਨੂੰ ਇਸ ਤਰ੍ਹਾਂ ਦੀ ਜਗ੍ਹਾ ਤੇ ਜਾਣਾ ਚਾਹੀਦਾ ਹੈ। " ਅਤੇ ਕੀ ਤੁਸੀਂ ਫਿਰ ਵੀ ਇਹ ਕਹਿੰਦੇ ਹੋ ਕਿ ਮੈਂ ਪਵਿੱਤਰ ਆਤਮਾ ਪਾਇਆ ਹੈ?

249 ਪਰ ਤੁਸੀਂ ਤਾਂ ਆਪਣੇ ਆਲੀਸ਼ਾਨ ਰਾਹ ਚਹੁੰਦੇ ਹੋ। ਤੁਸੀਂ ਬਾਬਲ ਵਿੱਚ ਹੀ ਟਿਕੇ ਰਹਿਣਾ ਚਾਹੁੰਦੇ ਹੋ ਅਤੇ ਸੁਰਗ ਦੀਆਂ ਬਰਕਤਾਂ ਦਾ ਵੀ ਅਨੰਦ ਲੈਣਾ ਚਾਹੁੰਦਾ ਹੋ। ਤੁਸੀਂ ਆਪਣੀ ਚੋਣ ਕਰਨੀ ਹੈ। ਤੁਸੀਂ ਇੱਕ ਹੀ ਸਮੇਂ ਖੁਦਾ ਦੀ ਅਤੇ ਸੰਸਾਰ ਦੀ ਸੇਵਾ ਨਹੀਂ ਕਰ ਸੱਕਦੇ ਹੋ। ਪ੍ਰਭੂ ਯਿਸੂ ਨੇ ਆਖਿਆ," ਤੁਸੀਂ ਪ੍ਰਮੇਸ਼ੁਰ ਅਤੇ ਮਾਯਾ ਦੋਹਾਂ ਦੀ ਸੇਵਾ ਨਹੀਂ ਕਰ ਸੱਕਦੇ ਹੋ। "ਇਸ ਲਈ ਜੇ.....



128 ਅਤੇ ਕੀ ਹੋਇਆ ਸੀ? ਇੱਕ ਆਦਮੀ ਜਿਹੜਾ ......ਕਿ ਸੰਗਤ ਕਰਨ ਦਾ ਪੱਤਰ ਵੀ ਨਹੀਂ ਵਿਖਾ ਸੱਕਦਾ ਸੀ। ਉਹ ਆਪਣੇ ਪਦ ਦਾ ਪ੍ਰਮਾਣ ਪੱਤਰ ਵੀ ਨਹੀਂ ਵਿਖਾ ਸੱਕਦਾ ਸੀ। ਉਹ ਜੰਗਲਾਂ ਵਿੱਚ ਰਹਿੰਦਾ ਸੀ ਅਤੇ ਉਸਦੇ ਕੋਲ ਤਾਂ ਆਮ ਸਕੂਲ ਦੀ ਵਿੱਦਿਆ ਤੱਕ ਵੀ ਨਹੀਂ ਸੀ। ਸਾਨੂੰ ਇਤਿਹਾਸਕਾਰਾਂ ਦੇ ਰਾਹੀਂ ਦੱਸਿਆ ਗਿਆ ਹੈ ਕਿ ਜਦ ਉਹ ਨੌਂ ਸਾਲ ਦਾ ਸੀ ਆਪਣੇ ਮਾਂ ਬਾਪ ਦੀ ਮੌਤ ਤੋਂ ਬਾਦ ਉਹ ਜੰਗਲ ਵਿੱਚ ਚਲਾ ਗਿਆ ਸੀ। ਅਤੇ ਬਾਹਰ ਨਿੱਕਲ ਕੇ ਆਇਆ ......ਉਸਦਾ ਕੰਮ ਇੰਨਾ ਮਹੱਤਵਪੂਰਨ ਸੀ ਕਿ ਕਿਸੇ ਸੈਮਨਰੀ ਨਾਲ ਮਿਲਣਾ ਗਲਤ ਸੀ। ਉਸਨੇ ਤਾਂ ਮਸੀਹ ਦੀ ਆਮਦ ਦਾ ਐਲਾਨ ਕਰਨਾ ਸੀ।

129 ਖੁਦਾ ਇਸ ਤਰ੍ਹਾਂ ਦੇ ਮਨੁੱਖ ਦਾ ਇਸਤੇਮਾਲ ਨਹੀਂ ਕਰ ਸੱਕਦਾ ਜੋ ਧਰਮ ਸ਼ਾਸ਼ਤਰ ਦੇ ਗਿਆਨ ਨਾਲ ਭਰਿਆ ਹੋਵੇ। ਉਹ ਇਸ ਤਰ੍ਹਾਂ ਨਹੀਂ ਕਰ ਸੱਕਦਾ, ਕਿਉਂਕਿ ਉਹ ਆਦਮੀ ਤਾਂ ਉਹਨਾਂ ਪਿਛਲੀਆਂ ਗੱਲਾਂ ਦਾ ਹੀ ਹਵਾਲਾ ਦੇਵੇਗਾ ਜੋ ਉਸਨੇ ਸਿੱਖੀਆਂ ਹਨ। ਉਹ ਉਹਦੇ ਬਾਰੇ ਵਿੱਚ ਹੀ ਦੱਸੇਗਾ। ਉਹ ਕੁਝ ਵੇਖਣ ਲਈ ਜਾਂਦਾ ਹੈ, ਪ੍ਰੰਤੂ ਉਹ ਫਿਰ ਉਹਨਾਂ ਗੱਲਾਂ ਨੂੰ ਹੀ ਵੇਖਣ ਦਾ ਯਤਨ ਕਰੇਗਾ ਜਿਹੜੀਆਂ ਉਸਦੇ ਸਿਖਾਉਣ ਵਾਲਿਆਂ ਨੇ ਸਿਖਾਈਆਂ ਹਨ। ਚੰਗਾ ਇਹੋ ਹੀ ਹੋਵੇਗਾ ਕਿ ਤੁਸੀਂ ਆਪਣੇ ਆਪ ਨੂੰ ਉਹਨਾਂ ਲੋਕਾਂ ਤੋਂ ਦੂਰ ਰੱਖੋ ਅਤੇ ਬਸ ਪ੍ਰਮੇਸ਼ੁਰ ਤੇ ਨਿਹਚਾ ਕਰੋ।

130 ਅਤੇ ਅਸੀਂ ਵੇਖਦੇ ਹਾਂ ਕਿ ਉਹ ਉਸਨੂੰ ਪਛਾਣ ਨਹੀਂ ਸਕੇ ਸਨ। ਇੱਥੋਂ ਤੱਕ ਕਿ ਉੱਥੇ ਖੜੇ ਰਸੂਲ ਵੀ ਉਸਨੂੰ ਨਹੀਂ ਪਛਾਣ ਸਕੇ ਸਨ। ਕਿਉਂ, ਕਿਉਂਕਿ ਉਹਨਾਂ ਨੇ ਕਿਹਾ, "ਫਿਰ ਗ੍ਰੰਥੀ ਕਿਉਂ ਆਖਦੇ ਹਨ ਕਿ ਏਲੀਯਾਹ ....."

131 ਉਸਨੇ ਕਿਹਾ," ਠੀਕ ਹੈ ਭਾਈ ਉਹ ਤਾਂ ਪਹਿਲਾਂ ਹੀ ਆ ਚੁੱਕਾ ਹੈ ਤੇ ਤੁਸਾਂ ਉਸਨੂੰ ਨਹੀਂ ਪਛਾਣਿਆ। "

132 ਅਤੇ ਠੀਕ ਇਸੇ ਨੂੰ ਹੀ ਉਠਾਏ ਜਾਣ ਦਾ ਰੂਪ ਦਿੰਦਾ ਹਾਂ। ਇਹ ਹੋ ਵੀ ਜਾਵੇਗਾ ਅਤੇ ਉਹ .....ਮੈਂ ਜਾਣਦਾ ਹਾਂ ਕਿ ਇਹ ਗੱਲ ਅਨੋਖੀ ਲੱਗਦੀ ਹੈ। ਪ੍ਰੰਤੂ ਜੇ ਖੁਦਾ ਦੀ ਮਰਜ਼ੀ ਹੋਈ ਤਾਂ ਹੋ ਸੱਕਦਾ ਹੈ ਕਿ ਕੱਲ ਰਾਤ ਤੋਂ ਬਾਦ ਤੁਸੀਂ ਇਸਦੇ ਬਾਰੇ ਵਿੱਚ ਥੋੜਾ ਹੋਰ ਜਾਣ ਜਾਓਗੇ ਕਿ ਇਹ ਕਿਵੇਂ ਹੋਵੇਗਾ। ਇਹ ਇੰਨਾ ਗੁਪਤ ਵਿੱਚ ਹੋਵੇਗਾ ਕਿ ਮੁਸ਼ਕਿਲ ਦੇ ਨਾਲ ਹੀ ਕੋਈ ਇਸਦੇ ਬਾਰੇ ਵਿੱਚ ਜਾਣ ਸਕੇਗਾ। ਦੁਨੀਆਂ ਤਾਂ ਬਸ ਸੋਚਦੀ ਹੀ ਰਹਿ ਜਾਵੇਗੀ ਅਤੇ ਬਿਲਕੁੱਲ ਉਸੇ ਤਰ੍ਹਾਂ ਹੀ ਚੱਲਦਾ ਰਹੇਗਾ ਜਿਵੇਂ ਇਹ ਹਮੇਸ਼ਾਂ ਹੀ ਚੱਲਦਾ ਰਿਹਾ ਹੈ ਅਤੇ ਬਸ ......ਖੁਦਾ ਨੇ ਹਮੇਸ਼ਾਂ ਹੀ ਇਸਨੂੰ ਇਸੇ ਹੀ ਢੰਗ ਦੇ ਨਾਲ ਕੀਤਾ ਹੈ।

133 ਤੁਸੀਂ ਜਾਣਦੇ ਹੋ ਕਿ ਮੈਨੂੰ ਸ਼ੱਕ ਹੈ ਕਿ ਕੋਈ ......ਮੈਂ ਆਖਦਾ ਹਾਂ ਕਿ ਜਦ ਯਿਸੂ ਮਸੀਹ ਧਰਤੀ ਤੇ ਸੀ ਤਾਂ ਸੌ ਵਿੱਚੋਂ ਇੱਕ ਪ੍ਰਤੀਸ਼ਤ ਲੋਕ ਨੇ ਮੁਸ਼ਕਿਲ ਨਾਲ ਜਾਣਿਆ ਹੋਵੇਗਾ ਕਿ ਉਹ ਧਰਤੀ ਤੇ ਹੈ। ਤੁਸੀਂ ਜਾਣਦੇ ਹੋ ਕਿ ਮੈਨੂੰ ਸ਼ੱਕ ਹੈ ਕਿ ਜਦ ਏਲੀਯਾਹ ਨੇ ਭਵਿੱਖਬਾਣੀ ਕੀਤੀ ਸੀ ਤਾਂ ਮੁਸ਼ਕਿਲ ਦੇ ਨਾਲ ਹੀ ਕੋਈ ਇਹ ਜਾਣਦਾ ਸੀ ਕਿ ਉਹ ਸੀ .......ਉਹ ਜਾਣਦੇ ਸਨ ਕਿ ਉੱਥੇ ਕੋਈ ਸ਼ੁਦਾਈ ਜਾਂ ਕੋਈ ਪੁਰਾਣਾ ਕੱਟੜਵਾਦੀ ਹੈ ਅਤੇ ਉਹ ਉਸ ਤੋਂ ਈਰਖਾ ਕਰਦੇ ਸਨ। ਯਕੀਨਨ ਹੀ ਉਹ ਉਹਨਾਂ ਦੀਆਂ ਨਜ਼ਰਾਂ ਵਿੱਚ ਵਚਿੱਤਰ ਆਦਮੀ ਸੀ।

134 ਅਤੇ ਮੈਂ ਸੋਚਦਾ ਹਾਂ ਕਿ ਹਰ ਇੱਕ ਨਵਾਂ ਜਨਮ ਪਾਇਆ ਹੋਇਆ ਮਸੀਹੀ ਇਸ ਸੰਸਾਰ ਲਈ ਵਚਿੱਤਰ ਹੈ ਕਿਉਂਕਿ ਤੁਸੀਂ ਬਦਲ ਜਾਂਦੇ ਹੋ। ਤੁਸੀਂ ਕਿਸੇ ਹੋਰ ਦੁਨੀਆਂ ਦੇ ਹੋ। ਤੁਹਾਡਾ ਆਤਮਾ ਉਸ ਜੀਵਨ ਦੀ ਰੇਖਾ ਦੇ ਦੂਸਰੇ ਪਾਸੇ ਹੈ। ਅਤੇ ਇਹ ਚੀਜ਼ ਇੱਥੇ ਤਾਂ ਗੜਬੜ ਵਿੱਚ ਪਾਉਣ ਵਾਲੀ ਹੈ ......ਜੇ ਤੁਸੀਂ ਵੱਖਰੀ ਕਿਸਮ ਦੇ ਨਹੀਂ ਹੋ ਤਾਂ ਜਰੂਰ ਹੀ ਤੁਹਾਡੇ ਵਿੱਚ ਕੋਈ ਗੜਬੜ ਹੈ, ਤੁਸੀਂ ਹਾਲੇ ਵੀ ਜਿਆਦਾ ਸੰਸਾਰ ਦੇ ਨਾਲ ਚਿੰਬੜੇ ਹੋਏ ਹੋ। ਤੁਹਾਨੂੰ ਤਾਂ ਸੁਰਗੀ ਸੁਭਾਅ ਦੇ ਹੋਣਾ ਚਾਹੀਦਾ ਹੈ। ਅਤੇ ਸੁਰਗ ਵਚਨ ਦੇ ਦੁਆਰਾ ਜੀਉਂਦਾ ਰਹਿੰਦਾ ਹੈ।

135 ਹੁਣ, ਅਸੀਂ ਧਿਆਨ ਦਿੱਤਾ ਹੈ ਕਿ ਇਹ ਮਹਾਨ ਘਟਨਾ ਘਟੀ ਹੈ। ਹੁਣ ਅਸੀਂ ਨਿਹਚਾ ਕਰਦੇ ਹਾਂ ਕਿ ਅਲੀਸ਼ਾ ਦੇ ਸੱਚੇ ਆਤਮਾ ਨੇ ਆਉਣਾ ਹੈ। ਇਸਦੀ ਭਵਿੱਖਬਾਣੀ ਕੀਤੀ ਗਈ ਹੈ ਕਿ ਇਸ ਤਰ੍ਹਾਂ ਹੋਵੇਗਾ। ਅਤੇ ਸਾਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਇਹ ਆਪਣੇ ਸਮੇਂ ਅਤੇ ਰੁੱਤ ਦੇ ਅਨੁਸਾਰ ਇੱਥੇ ਹੋਵੇਗਾ। ਹੋ ਸੱਕਦਾ ਹੈ ਕਿ ਅਸੀਂ ਇਸਦੇ ਲਈ ਨੀਂਹ ਧਰ ਰਹੇ ਹੋਈਏ। ਅਤੇ ਇਹ ਕੋਈ ਜੱਥੇਬੰਦੀ ਨਹੀਂ ਹੋਵੇਗੀ।

136 ਮੈਂ ਇਸ ਤੇ ਆਪਣੇ ਭਲੇ ਮਿੱਤਰ ਨਾਲ ਅਸਹਿਮਤ ਹਾਂ। ਉਹ ਕਹਿੰਦਾ ਹੈ ਕਿ ਇਹ ਲੋਕਾਂ ਦਾ ਇੱਕ ਝੁੰਡ ਹੋਵੇਗਾ। ਮੈਂ ਚਾਹੁੰਦਾ ਹਾਂ ਕਿ ਤੁਸੀਂ ਮੈਨੂੰ ਇਹ ਵਚਨ ਦੇ ਵਿੱਚੋਂ ਵਿਖਾਓ। ਖੁਦਾ ਨਾ ਬਦਲਣ ਵਾਲਾ ਖੁਦਾ ਆਪਣੀ ਯੋਜਨਾ ਨੂੰ ਕਦੇ ਵੀ ਨਹੀਂ ਬਦਲਦਾ ਨਹੀਂ ਹੈ। ਜੇ ਉਹ ਅਜਿਹਾ ਕਰਦਾ ਹੈ ਤਾਂ ਉਹ ਪ੍ਰਮੇਸ਼ੁਰ ਨਹੀਂ ਹੈ। ਇਹ ਸਹੀ ਗੱਲ ਹੈ। ਕਿਉਂਕਿ ਫਿਰ ਤਾਂ ਇਸਦਾ ਇਹ ਹੀ ਮਤਲਬ ਹੋ ਜਾਂਦਾ ਹੈ ਕਿ ਉਹ ਮਰਨਹਾਰ ਹੈ ਅਤੇ ਉਹ ਉਸੇ ਤਰ੍ਹਾਂ ਹੀ ਜਾਣਦਾ ਹੈ ਜਿਵੇਂ ਮੈਂ ਜਾਣਦਾ ਹਾਂ, ਅਤੇ ਗਲਤੀਆਂ ਕਰਦਾ ਹਾਂ।

137 ਪ੍ਰਮੇਸ਼ੁਰ ਨੇ ਕਦੇ ਵੀ ਅਦਨ ਤੋਂ ਲੈ ਕੇ ਹੁਣ ਤੱਕ ਕਦੇ ਵੀ ਨਹੀਂ ਬਦਲਿਆ ਹੈ, ਉਸਨੇ ਛੁਟਕਾਰੇ ਦੀ ਇੱਕ ਯੋਜਨਾ ਬਣਾਈ ਸੀ ; ਜੋ ਕਿ ਲਹੂ ਸੀ। ਅਤੇ ਅਸੀਂ ਵਿੱਦਿਆ ਦੁਆਰਾ ਕੋਸ਼ਿਸ਼ ਕੀਤੀ ਹੈ। ਅਸਾਂ ਤਾਨਾਸ਼ਾਹੀ ਕਰਨ ਦੀ ਕੋਸ਼ਿਸ਼ ਕੀਤੀ ਹੈ। ਅਸਾਂ ਮਨੋਵਿਗਿਆਨ ਨੂੰ ਇਸਤੇਮਾਲ ਕਰਨ ਦੀ ਕੋਸ਼ਿਸ਼ ਕੀਤੀ ਹੈ। ਅਸੀਂ ਜੱਥੇਬੰਦੀਆਂ ਨੂੰ ਇਸਤੇਮਾਲ ਕਰਨ ਦੀ ਕੋਸ਼ਿਸ਼ ਕੀਤੀ ਹੈ। ਅਸਾਂ ਸੱਭ ਕੁਝ ਕਰਕੇ ਵੇਖ ਲਿਆ ਹੈ, ਅਸੀਂ ਸੱਭ ਨੂੰ ਇਕੱਠੇ ਕਰਕੇ, ਸਾਰਿਆਂ ਨਾਲ ਪ੍ਰੇਮ ਕਰਕੇ ਅਤੇ ਬਾਕੀ ਸੱਭ ਕੁਝ ਕਰਕੇ ਵੇਖ ਲਿਆ ਹੈ। ਅਰ ਸੰਗਤ ਕਰਨ ਦੀ ਹੋਰ ਕੋਈ ਥਾਂ ਨਹੀਂ ਹੈ ਸਿਵਾਏ ਯਿਸੂ ਮਸੀਹ ਦੇ ਲਹੂ ਦੇ ਹੇਠ, ਅੱਜ ਵੀ ਇਹੋ ਹੀ ਅਧਾਰ ਹੈ ਜਿੱਥੇ ਪ੍ਰਮੇਸ਼ੁਰ ਮਿਲਦਾ ਹੈ।

138 ਪ੍ਰਮੇਸ਼ੁਰ ਹਮੇਸ਼ਾਂ ਹੀ ਇੱਕ ਆਦਮੀ ਦੇ ਨਾਲ ਨਿੱਜੀ ਗੱਲ ਬਾਤ ਕਰਦਾ ਹੈ। ਦੋ ਮਨੁੱਖਾਂ ਦੇ ਅਲੱਗ-ਅਲੱਗ ਵਿਚਾਰ ਹੁੰਦੇ ਹਨ। ਕਦੇ ਵੀ ਇਸ ਤਰ੍ਹਾਂ ਨਹੀਂ ਹੋਇਆ ਹੈ ਕਿ ਦੋ ਵੱਡੇ ਨਬੀ ਇੱਕ ਹੀ ਸਮੇਂ ਤੇ ਧਰਤੀ ਤੇ ਭਵਿੱਖਬਾਣੀ ਕਰਦੇ ਹੋਣ। ਜਰਾ ਪਿਛਾਂਹ ਝਾਤੀ ਮਾਰ ਕੇ ਵੇਖੋ ਕੀ ਇਸ ਤਰ੍ਹਾਂ ਕਦੇ ਹੋਇਆ ਹੈ। ਨਹੀਂ ਜੀ, ਸ਼੍ਰੀਮਾਨ। ਲੋਕ ਬਹੁਤ ਜਿਆਦਾ ਮਾਨਸਿਕ ਗੜਬੜ ਵਿੱਚ ਪੈ ਗਏ ਹਨ! ਪ੍ਰੰਤੂ ਪ੍ਰਮੇਸ਼ੁਰ ਕਿਸੇ ਅਜਿਹੇ ਆਦਮੀ ਨੂੰ ਆਪਣੇ ਕੰਮ ਲਈ ਲੈਂਦਾ ਹੈ ਜੋ ਪੂਰੀ ਤਰ੍ਹਾਂ ਨਾਲ ਉਸਦੇ ਹੱਥਾਂ ਵਿੱਚ ਸਮਰਪਿਤ ਹੋਵੇ, ਅਤੇ ਖੁਦਾ ਇਸੇ ਤਰ੍ਹਾਂ ਦੇ ਆਦਮੀ ਦਾ ਹੀ ਇਸਤੇਮਾਲ ਕਰਦਾ ਹੈ। ਪ੍ਰਮੇਸ਼ੁਰ ਇਸੇ ਤਰ੍ਹਾਂ ਦੇ ਮਨੁੱਖ ਦੀ ਹੀ ਖੋਜ ਕਰਦਾ ਹੈ।



235 ਕੀ ਤੁਸੀਂ ਇਸਦਾ ਵਿਸ਼ਵਾਸ਼ ਕਰਦੇ ਹੋ? [ਸੰਗਤ ਆਖਦੀ ਹੈ, " ਆਮੀਨ। "-ਸੰਪਾ]ਵਚਨ ਇਸੇ ਤਰ੍ਹਾਂ ਹੀ ਆਖਦਾ ਹੈ ਕਿ, " ਮੈਂ ਉਹਨਾਂ ਨੂੰ ਮੌਤ ਨਾਲ ਮਰਾਂਗਾ। " ਅਤੇ ਜੇ ਉਹ ਮਾਰ ਦਿੱਤੇ ਜਾਂਦੇ ਹਨ ਤਾਂ ਉਹ ਅਨੰਤ ਕਾਲ ਲਈ ਜੁਦਾ ਹੋ ਜਾਂਦੇ ਹਨ। ਠੀਕ ਹੈ। ਯਾਦ ਰੱਖੋ ਉਸਨੇ ਤਾਂ ਉਹਨੂੰ ਤੋਬਾ ਕਰਨ ਲਈ ਵਿਹਲ ਦਿੱਤਾ ਸੀ।

236 ਥੁਆਤੀਰੇ ਦਾ ਯੁੱਗ ਹਨੇਰ ਯੁੱਗ ਸੀ। ਉਸ ਸਮੇਂ ਕਾਲੇ ਘੋੜੇ ਦਾ ਸਵਾਰ ਆਪਣੇ ਕਾਲੇ ਘੋੜੇ ਉੱਤੇ ਸੀ, ਜਦ ਸੱਭ ਦੁਆਵਾਂ ਅਤੇ ਬੰਦਗੀਆਂ ਅਤੇ ਨੋਵੀਨਾ ਆਦਿ-ਆਦਿ ਲਈ ਪੈਸੇ ਦੇਣੇ ਪੈਂਦੇ ਸਨ। ਹੁਣ, ਜਦ ਉਹ ਆਪਣੇ ਕਾਲੇ ਘੋੜੇ ਉੱਤੇ ਸੀ, ਜਦ ਉਹ ਥੁਆਤੀਰੇ ਦੇ ਯੁੱਗ ਵਿੱਚ ਆਪਣੇ ਕਾਲੇ ਘੋੜੇ ਤੇ ਸੀ ਤਾਂ ਉਸਨੇ ਤੋਬਾ ਕਰਨ ਤੋਂ ਇਨਕਾਰ ਦਿੱਤਾ ਸੀ, ਅਤੇ (ਕੀ?)ਆਪਣੀ ਸੇਵਕਾਈ ਕਾਲੇ ਘੋੜੇ ਤੋਂ ਕੁੱਲੇ ਘੋੜੇ ਤੇ ਕਰ ਲਈ, ਉਹ ਕੁੱਲਾ ਘੋੜਾ ਮੌਤ ਹੈ।

237 ਹੁਣ ਹੋ ਸੱਕਦਾ ਹੈ ਕਿ ਮੈਂ ਇੱਥੇ ਨਿੱਜੀ ਤੌਰ ਤੇ ਤੁਹਾਨੂੰ ਥੋੜਾ ਜਿਹਾ ਝੰਝੋੜਾਂ। ਕਿਸੇ ਵੇਲੇ ਤੁਸੀਂ ਆਖਰੀ ਵਾਰੀ ਖੁਦਾ ਨੂੰ ਠੁਕਰਾ ਕੇ, ਖੁਦਾ ਦੀ ਬੁਲਾਹਟ ਨੂੰ ਠੁਕਰਾ ਕੇ ਇਸ ਤਰ੍ਹਾਂ ਕਰ ਲਵੋਗੇ। ਅਤੇ ਜਦ ਬਿਲਕੁੱਲ ਇਸੇ ਤਰ੍ਹਾਂ ਹੀ ਕਲੀਸਿਯਾ ਨੇ ਕੀਤਾ ਸੀ ਤਾਂ ਉਹ ਖਤਮ ਹੋ ਗਈ ਸੀ। ਪ੍ਰਮੇਸ਼ੁਰ ਦਾ ਧੀਰਜ ਮਨੁੱਖ ਲਈ ਸਦਾ ਹੀ ਯਤਨ ਨਹੀਂ ਕਰੇਗਾ। ਸਮਝੇ?

238 ਅਤੇ ਜਦ ਉਸਨੇ ਇਸਦਾ ਇਨਕਾਰ ਕੀਤਾ ਅਤੇ ਇਹਨੂੰ ਕਬੂਲ ਕਰਨ ਤੋਂ ਮਨ੍ਹਾ ਕਰ ਦਿੱਤਾ ਅਤੇ ਫਿਰ ਉਹ ਬਦਲ ਗਈ ਅਤੇ ਚਲੀ ਗਈ.....ਅਤੇ ਉਹਦੇ ਕੋਲ ਇੱਕ ਨਾਮ ਹੈ ਜੋ "ਮੌਤ" ਸਦਾਉਂਦਾ ਹੈ ਜਿਹਦਾ ਅਰਥ ਹੈ ਜੁਦਾਈ। ਪ੍ਰਮੇਸ਼ੁਰ ਨੇ ਆਖਿਆ, " ਇੱਥੋਂ ਤੱਕ ਕਿ ਮੈਂ ਉਸਦੇ ਬੱਚਿਆਂ ਨੂੰ, ਪ੍ਰੋਟੈਸਟੈਂਟ ਅਤੇ ਉਨ੍ਹਾਂ ਵਿੱਚੋਂ ਹਰੇਕ ਨੂੰ ਸਦੀਪਕ ਜੁਦਾਈ ਦੇ ਨਾਲ ਮਾਰਾਂਗਾ। " ਇਹ ਹੀ ਥੁਆਤੀਰੇ ਦਾ ਯੁੱਗ ਹੈ, ਇਹ ਹੀ ਹਨੇਰੇ ਦਾ ਯੁੱਗ ਹੈ ਉਸਦਾ ਕਾਲਾ ਘੋੜਾ ਹੁਣ ਆਪਣੀ ਆਖਰੀ ਸੇਵਾ ਦੇ ਲਈ ਮੌਤ ਵਿੱਚ ਬਦਲ ਜਾਂਦਾ ਹੈ।

239 ਕੀ ਤੁਸਾਂ ਵੇਖਿਆ, ਕਿਵੇਂ ਕਲੀਸਿਯਾਈ ਯੁੱਗ ਮੋਹਰਾਂ ਦੇ ਨਾਲ ਮੇਲ ਖਾਂਦੇ ਹਨ? ਬਿਲਕੁੱਲ ਸੰਪੂਰਨ। ਅਤੇ ਅਸੀਂ ਜਾਣਦੇ ਹਾਂ ਕਿ ਇਹ ਠੀਕ ਗੱਲ ਹੈ। ਪਵਿੱਤਰ ਆਤਮਾ ਕੋਈ ਵੀ ਗਲਤੀ ਨਹੀਂ ਕਰਦਾ ਹੈ। ਤੁਸੀਂ ਜਾਣਦੇ ਹੋ ਕਿ ਜਦ ਅਸੀਂ ਪਿਛਲੇ ਸਮੇਂ ਵਿੱਚ ਕਲੀਸਿਯਾਈ ਯੁੱਗਾਂ ਦਾ ਅਧਿਐਨ ਕਰ ਰਹੇ ਸੀ ਤਾਂ ਉਸਨੇ ਸਾਨੂੰ ਇੱਕ ਮਹਾਨ ਸਬੂਤ ਦਿੱਤਾ ਸੀ।

240 ਪ੍ਰਮੇਸ਼ੁਰ ਦੇ ਧੀਰਜ ਅਤੇ ਪਿਆਰ ਨੂੰ ਵੇਖੋ !ਇਸਤੋਂ ਪਹਿਲਾਂ ਕਿ ਖੁਦਾ ਉਸਨੂੰ ਸਜਾ ਦੇਵੇ ਉਸਨੇ ਉਸਨੂੰ ਤੋਬਾ ਦਾ ਵਿਹਲ ਦਿੱਤਾ। ਅਤੇ ਪ੍ਰਭੂ ਦੇ ਨਾਮ ਵਿੱਚ ਮੈਂ ਇਹ ਆਖਦਾ ਹਾਂ :ਪ੍ਰੋਟੈਸਟੈਂਟਾਂ ਨੂੰ ਵੀ ਤੋਬਾ ਕਰਨ ਦਾ ਵਿਹਲ ਦਿੱਤਾ ਹੋਇਆ ਹੈ ਪਰ ਪ੍ਰੋਟੈਸਟੈਂਟ ਤੋਬਾ ਨਹੀਂ ਕਰਨਗੇ। ਇਸ ਸੰਦੇਸ਼ ਨੇ ਹਰ ਇੱਕ ਜਗ੍ਹਾ ਨੂੰ ਹਲੂਣ ਕੇ ਰੱਖ ਦਿੱਤਾ ਹੈ ਪਰ ਉਹ ਤੋਬਾ ਨਹੀਂ ਕਰਨਗੇ। ਇਸਦੀ ਕੋਈ ਪ੍ਰਵਾਹ ਨਹੀਂ ਤੁਸੀਂ ਭਾਵੇਂ ਉਹਨਾਂ ਨੂੰ ਕਿੰਨਾ ਵੀ ਸਮਝਾਓ ਪਰ ਉਹ ਤੋਬਾ ਨਹੀਂ ਕਰਨਗੇ।

241 ਜਿਵੇਂ ਕਿ ਮੈਂ ਉਸ ਦਿਨ ਉੱਥੇ ਸ਼ਿਕਾਗੋ ਵਿੱਚ ਆਖਿਆ ਸੀ ਜਿੰਨੇ ਲੋਕ ਇਸ ਥਾਂ ਬੈਠੇ ਹਨ ਇਹਨਾਂ ਨਾਲੋਂ ਵੱਧ ਸੇਵਾਦਾਰ ਉੱਥੇ ਬੈਠੇ ਹੋਏ ਸਨ !ਅਤੇ ਉਹਨਾਂ ਉੱਥੇ ਮੇਰੀ ਸਿੱਖਿਆ ਦੇ ਬਾਰੇ ਵਿੱਚ,ਸੱਪ ਦਾ ਵੰਸ਼ ਅਤੇ ਇਹਨਾਂ ਹੋਰ ਸੱਭ ਚੀਜ਼ਾਂ ਤੇ ਮੈਨੂੰ ਫਸਾਉਣਾ ਸੀ। ਮੈਂ ਕਿਹਾ, "ਤੁਹਾਡੇ ਵਿੱਚੋਂ

ਜਲਦੀ ਨਾਲ ਗੌਹ ਕਰੋ। ਮੇਰੇ ਪ੍ਰਭੂ, ਅਸੀਂ ਤਾਂ ਸਮਾਪਤੀ ਦੇ ਸਮੇਂ ਤੇ ਪਹੁੰਚ ਗਏ ਹਾਂ ਅਤੇ ਅਸੀਂ ਅਜੇ ਸ਼ੁਰੂ ਵੀ ਨਹੀਂ ਕੀਤਾ ਹੈ। ਪਰ ਹੁਣ ਥੁਆਤੀਰਾ ਯੁੱਗ ਤੇ ਧਿਆਨ ਦਿਓ। ਹੁਣ ਇਹ 2:18ਆਇਤ ਤੋਂ ਸ਼ੁਰੂ ਹੁੰਦਾ ਹੈ।

*......ਥੁਆਤੀਰੇ ਦੀ ਕਲੀਸਿਯਾ ਦੇ ਦੂਤ* (ਇਹ ਸੰਦੇਸ਼ਵਾਹਕ ਹੈ) *ਨੂੰ ਇਹ ਲਿਖ ਭਈ ਪ੍ਰਮੇਸ਼ੁਰ ਦਾ ਪੁੱਤਰ ਜਿਹਦੀਆਂ ਅੱਖੀਆਂ ਅਗਨੀ ਦੀ ਲਾਟ ਵਰਗੀਆਂ ਹਨ ਅਤੇ ਉਹਦੇ ਪੈਰ ਖਾਲਸ ਪਿੱਤਲ ਦੀ ਨਿਆਂਈ ਹਨ, ਇਹ ਆਖਦਾ ਹੈ।*

*ਮੈਂ ਤੇਰੇ ਕੰਮਾਂ ਨੂੰ ਅਤੇ ਤੇਰੇ ਪ੍ਰੇਮ, ਨਿਹਚਾ, ਸੇਵਾ ਅਤੇ ਸਬਰ ਨੂੰ ਜਾਣਦਾ ਹਾਂ, ਨਾਲੇ ਇਹ ਭਈ ਤੇਰੇ ਪਿਛਲੇ ਕੰਮ ਪਹਿਲਿਆਂ ਨਾਲੋਂ ਵੱਧ ਹਨ।*

*ਪਰ ਤਾਂ ਵੀ ਤੇਰੇ ਉੱਤੇ ਮੈਨੂੰ ਇਹ ਗਿਲਾ ਹੈ ਭਈ ਤੂੰ ਓਸ ਤੀਵੀਂ ਈਜ਼ਬਲ ਨੂੰ, .....*

232 ਹੁਣ ਤੁਸੀਂ ਸਮਝੇ?ਤੁਸੀਂ ਇਸਦੇ ਬਾਰੇ ਬਾਈਬਲ ਵਿੱਚੋਂ ਜਾਣਦੇ ਹੋ। ਉਹ ਅਹਾਬ ਦੀ ਤੀਵੀਂ ਸੀ। ਹੁਣ ਇੱਥੇ ਇਹ ਤੀਵੀਂ ਈਜ਼ਬਲ ਨਾਮਧਾਰੀ ਕਲੀਸਿਯਾ ਹੈ, ਜਿਹੜੀ ਕਿ ਝੂਠੇ ਨਬੀ ਦੀ ਤੀਵੀਂ ਹੈ। ਇਹ ਝੂਠਾ ਨਬੀ ਜੋ ਕਿ ਪੋਪ ਹੈ ਉਸ ਕੋਲੋਂ ਪ੍ਰਮੇਸ਼ੁਰ ਦਾ ਇੱਕ ਸੱਚਾ ਨਬੀ ਹੋਣ ਦੀ ਆਸ ਕੀਤੀ ਜਾਣੀ ਚਾਹੀਦੀ ਹੈ ਅਤੇ ਇਹ ਈਜ਼ਬਲ ਉਸਦੀ ਤੀਵੀਂ ਹੈ। ਹੁਣ ਅਹਾਬ ਨੂੰ ਸੱਚਾ ਯਹੂਦੀ ਹੋਣਾ ਚਾਹੀਦਾ ਸੀ ਪਰ ਉਹ ਹਰਾਮੀ ਸੀ ਅਰ ਤੁਸੀਂ ਜਾਣਦੇ ਹੋ ਕਿ ਅਜਿਹਾ ਇਸ ਲਈ ਸੀ ਕਿਉਂਕਿ ਉਸਦੀ ਤੀਵੀਂ ਉਹਨੂੰ ਜਿੱਧਰ ਨੂੰ ਚਾਹੁੰਦੀ ਸੀ ਉੱਧਰ ਨੂੰ ਲੈ ਜਾਂਦੀ ਸੀ। ਅਸੀਂ ਵੇਖਿਆ ਹੈ ਕਿ ਈਜ਼ਬਲ ਆਪਣਾ ਪੈਸਾ ਲੈਂਦੀ ਹੈ ਅਤੇ ਉਹਨਾਂ ਦੀ ਅਗੁਵਾਈ ਉਸ ਰਾਹ ਤੇ ਕਰਦੀ ਹੈ ਜਿੱਧਰ ਉਹ ਜਾਣਾ ਚਹੁੰਦੇ ਹਨ।

*......ਜਿਹੜੀ ਆਪਣੇ ਆਪ ਨੂੰ ਨਬੀਆ ਕਰਕੇ ਦੱਸਦੀ ਹੈ,* (ਇਹਨੂੰ ਸਮਝੋ?) *ਝੱਲੀ ਜਾਂਦਾ ਹੈਂ ਅਤੇ ਉਹ ਮੇਰੇ ਦਾਸਾਂ ਨੂੰ ਸਿਖਾਉਂਦੀ ਅਤੇ ਭਰਮਾਉਂਦੀ ਹੈ* (ਵੇਖੋ ਉਸ ਈਜ਼ਬਲ ਦੀ ਸਿੱਖਿਆ ਸਾਰੇ ਦੇਸ਼ ਵਿੱਚ ਫੈਲ ਗਈ ਹੈ) *ਭਈ ਉਹ ਹਰਾਮਕਾਰੀ ਕਰਨ ਅਤੇ ਮੂਰਤੀਆਂ ਦੇ ਚੜ੍ਹਾਵੇ ਖਾਣ। ....ਵੇਖ ਮੈਂ ਉਹਨੂੰ ਵਿਹਲ ਦਿੱਤਾ ਭਈ ਤੋਬਾ ਕਰੇ ਪਰ ਉਹ ਆਪਣੀ ਹਰਾਮਕਾਰੀ ਤੋਂ ਤੋਬਾ ਕਰਨੀ ਨਹੀਂ ਚਹੁੰਦੀ ਹੈ।*

233 ਇਸ ਅਗਲੀ ਆਇਤ ਵੱਲ ਧਿਆਨ ਕਰੋ।

*....ਵੇਖ, ਮੈਂ ਉਹਨੂੰ ਇੱਕ ਵਿਛੌਣੇ ਉੱਤੇ ਸੁੱਟਦਾ ਹਾਂ ਅਤੇ ਉਹਨਾਂ ਨੂੰ ਜਿਹੜੇ ਉਹਦੇ ਨਾਲ ਜ਼ਨਾਹ ਕਰਦੇ ਹਨ ਵੱਡੀ ਬਿਪਤਾ ਵਿੱਚ ਪਾ ਦਿਆਂਗਾ* (ਇਹ ਮਹਾਂ ਕਲੇਸ਼ ਵਿੱਚ ਜਾਣਾ ਹੈ) *ਜੇ ਉਹਨਾਂ ਉਹਦੇ ਕੰਮਾਂ ਤੋਂ ਤੋਬਾ ਨਾ ਕੀਤੀ।*

234 ਹੁਣ ਇੱਥੇ ਗੌਹ ਕਰੋ।

*.....ਅਤੇ ਮੈਂ ਉਹਦੇ ਬਾਲਕਾਂ ਨੂੰ* (ਉਹ ਦੀਆਂ ਕੰਜ਼ਰੀਆਂ ਧੀਆਂ) *ਮੌਤ ਨਾਲ ਮਾਰ ਸੁੱਟਾਂਗਾ* (ਆਤਮਿਕ ਮੌਤ).....



139 ਪਰ ਕਿਸੇ ਸਮੇਂ ਇੱਕ ਮਨੁੱਖ ਹੋਵੇਗਾ ਜੋ ਪ੍ਰਮੇਸ਼ੁਰ ਦਾ ਹਰੇਕ ਸ਼ਬਦ ਸੁਣੇਗਾ। ਮੈਂ ਇਹਦੀ ਪ੍ਰਵਾਹ ਨਹੀਂ ਕਰਦਾ ਕਿ ਕੋਈ ਦੂਸਰਾ ਕੀ ਕਹਿੰਦਾ ਹੈ, ਉਹ ਵਚਨ ਤੋਂ ਕਦੇ ਵੀ ਨਹੀਂ ਹਟਣਗੇ। ਇਹ ਸੱਚ ਹੈ। ਉਹ *ਯਹੋਵਾਹ ਇਉਂ ਫਰਮਾਉਂਦਾ ਹੈ* ਵਾਲੇ ਵਚਨ ਦੀ ਉਡੀਕ ਕਰਨਗੇ। ਤਦ ਉਹ ਵਚਨ ਤੋਂ ਜਰਾ ਵੀ ਪਰੇ ਨਹੀਂ ਹੋਣਗੇ। ਅਤੇ ਉਹ ਤਾਂ ਪੂਰੀ ਤਰ੍ਹਾਂ ਨਾਲ ਪ੍ਰਮਾਣਿਤ ਕੀਤਾ ਹੋਇਆ ਹੋਵੇਗਾ। ਤੁਸੀਂ ....

140 ਹੁਣ ਬਾਹਰੀ ਸੰਸਾਰ ਤਾਂ ਇਸਨੂੰ ਨਫਰਤ ਕਰੇਗਾ, ਪਰ ਚੁਣਿਆ ਹੋਇਆ ਬੀਜ਼, ਪਹਿਲਾਂ ਤੋਂ ਠਹਿਰਾਏ ਹੋਏ ਬੀਜ਼ ਤੇ ਜਦ ਪ੍ਰਕਾਸ਼ ਪਵੇਗਾ ਤਾਂ ਉਹਨਾਂ ਵਿੱਚ ਉਵੇਂ ਹੀ ਜੀਵਨ ਆ ਜਾਵੇਗਾ ਜਿਵੇਂ ਯਿਸੂ ਮਸੀਹ ਦੇ ਦਿਨਾਂ ਵਿੱਚ ਪਹਿਲਾਂ ਤੋਂ ਠਹਿਰਾਏ ਗਏ ਬੀਜ਼ ਵਿੱਚ ਜੀਵਨ ਆ ਗਿਆ ਸੀ। [ਭਾਈ ਬ੍ਰਾਨਹਾਮ ਇੱਕ ਵਾਰ ਆਪਣੀ ਉਂਗਲ ਨਾਲ ਚੁਟਕੀ ਵਜਾਉਂਦੇ ਹਨ-ਸੰਪਾ]ਉਹ ਉਸਨੂੰ ਜਾਣ ਜਾਣਗੇ। ਉਹ ਉਸਨੂੰ ਸਮਝ ਜਾਣਗੇ। ਤੁਹਾਨੂੰ ਉਸਦੇ ਬਾਰੇ ਵਿੱਚ ਇੱਕ ਸ਼ਬਦ ਵੀ ਕਹਿਣ ਦੀ ਲੋੜ ਨਹੀਂ ਹੈ।

141 ਉਸਨੇ ਕਿਹਾ ਸੀ," ਸ਼੍ਰੀਮਾਨ ਮੈਨੂੰ ਲੱਗਦਾ ਹੈ ਤੂੰ ਇੱਕ ਨਬੀ ਹੈਂ। ਮੈਂ ਜਾਣਦੀ ਹਾਂ ਕਿ ਜਦ ਮਸੀਹ ਆਵੇਗਾ ਉਹ ਇਹੋ ਹੀ ਕੰਮ ਕਰੇਗਾ ...."

ਉਸਨੇ ਆਖਿਆ , " ਮੈਂ ਉਹ ਹੀ ਹਾਂ। "

142 ਮੁੰਡਿਓ ਉਸ ਔਰਤ ਲਈ ਏਨਾ ਹੀ ਕਾਫੀ ਸੀ। ਉਸਨੂੰ ਤਾਂ ਸਾਰੀ ਰਾਤ ਉਡੀਕਣ ਦੀ ਲੋੜ ਨਹੀਂ ਪਈ ਸੀ। ਉਸਨੂੰ ਤਾਂ ਉਸੇ ਵੇਲੇ ਉਹ ਮਿਲ ਗਿਆ ਸੀ। ਉਹ ਆਪਣੇ ਰਾਹ ਦੇ ਉੱਤੇ ਜਾ ਰਹੀ ਸੀ। ਅਤੇ ਉਹ ਉਹਨਾਂ ਨੂੰ ਇਸਦੇ ਬਾਰੇ ਵਿੱਚ ਦੱਸ ਰਹੀ ਸੀ।

143 ਹੁਣ ਯਾਦ ਰੱਖੋ, ਕਿ ਪਹਿਲਾ ਕਲੀਸਿਯਾਈ ਯੁੱਗ, ਇਹ ਸ਼ੇਰ ਦਾ ਯੁੱਗ ਸੀ। ਉਹ ਮਸੀਹ ਯਹੂਦਾ ਦੇ ਗੋਤ ਦਾ ਬਬਰ ਸ਼ੇਰ ਹੈ। ਉਸਦੇ ਆਪਣੇ ਨਿੱਜੀ ਜੀਵਨ ਦੇ ਪ੍ਰਭਾਵ ਨੇ ਉਸ ਯੁੱਗ ਨੂੰ ਚਲਾਇਆ ਸੀ। ਅਤੇ ਇਹ ਪਹਿਲਾ *ਜੰਤੂ* ਹੈ ਜਿਹਦਾ ਅਰਥ ਹੈ, "ਸ਼ਕਤੀ, " ਮਨੁੱਖੀ ਅਵਾਜ਼ ਵਿੱਚ ਸ਼ੇਰ ਬੋਲ ਰਿਹਾ ਸੀ।

144 ਇਸ ਤੋਂ ਅਗਲਾ ਯੁੱਗ ਵਹਿੜਕੇ ਦਾ ਯੁੱਗ ਸੀ, ਜਾਂ ਹਨੇਰ -ਕਾਲੇ ਘੋੜੇ ਦੇ ਸਵਾਰ ਦਾ ਯੁੱਗ ਸੀ। ਸਮਝੇ?

145 ਹੁਣ, ਪਹਿਲੇ ਯੁੱਗ ਦਾ ਚਿੱਟਾ ਜਾਂ ਸਫੈਦ ਹੋਣ ਦਾ ਕਾਰਨ ਸੀ ਕਿ .....ਜਿਵੇਂ ਕਿ ਮੈਂ ਹਮੇਸ਼ਾਂ ਹੀ ਲੋਕਾਂ ਨੂੰ ਇਹ ਕਹਿੰਦੇ ਹੋਏ ਸੁਣਦਾ ਹਾਂ ਕਿ ਉਹ ਪਹਿਲੇ ਘੋੜੇ ਦਾ ਸਵਾਰ, ਚਿੱਟੇ ਘੋੜੇ ਦਾ ਸਵਾਰ ਜੋ ਕਿ ਜਿੱਤ ਪਾਉਣ ਲਈ ਅੱਗੇ ਵਧਿਆ ਸੀ ਕਲੀਸਿਯਾ ਦੀ ਸ਼ਕਤੀ ਸੀ। ਪ੍ਰੰਤੂ ਅਸੀਂ ਵੇਖਿਆ ਸੀ ਕਿ ਉਸਨੂੰ ਇੱਕ ਤਾਜ ਦਿੱਤਾ ਗਿਆ ਸੀ, ਇਹ ਉਹ ਸੀ। ਉਹ ਕਲੀਸਿਯਾ ਸੀ। ਉਹ ਕਲੀਸਿਯਾ ਸੀ, ਪ੍ਰੰਤੂ ਉਹ ਕਿੱਥੇ ਗਿਆ ਸੀ ? ਉਹ ਰੋਮ ਗਿਆ ਸੀ। ਇੱਥੇ ਹੀ ਉਹ ਗਿਆ ਸੀ। ਉਸਨੇ ਆਪਣਾ ਮੁਕਟ ਪ੍ਰਾਪਤ ਕੀਤਾ।

146 ਹੁਣ ਦੂਸਰਾ ਯੁੱਗ ਲਾਲ ਘੋੜੇ ਦੇ ਸਵਾਰ ਦਾ ਯੁੱਗ ਸੀ, ਜਿਹੜਾ ਕਿ ਹਨੇਰੇ ਦਾ ਯੁੱਗ ਸੀ।

147 ਹੁਣ -ਹੁਣ ਅਗਲਾ ਯੁੱਗ, ਮਨੁੱਖ ਦਾ ਸੀ, ਇਹ ਕਾਲੇ ਘੋੜੇ ਦੇ ਸਵਾਰ ਦਾ ਯੁੱਗ ਸੀ। ਅਤੇ ਇਹ ਯੁੱਗ ਸੁਧਾਰਕਾਂ ਦਾ ਯੁੱਗ ਸੀ, ਜਦ ਉਸ ਅਵਾਜ਼ ਨੇ ਬੋਲਿਆ, ਸਮਝੇ। ਹੁਣ ਕਾਲੇ ਘੋੜੇ ਦਾ ਸਵਾਰ ਜੋ ਸੀ ਉਹ ਮਸੀਹ ਵਿਰੋਧੀ ਸੀ। ਪ੍ਰੰਤੂ ਇੱਕ ਜੋ ਉਸ ਯੁੱਗ ਵਿੱਚ ਬੋਲ ਰਿਹਾ ਸੀ ਉਹ ਮਨੁੱਖ ਵਾਂਗ ਸੀ ਅਤੇ ਇਹ ਬੁੱਧੀਮਾਨ, ਚਲਾਕ ਅਤੇ ਹੁਸ਼ਿਆਰ ਸੀ। ਸਮਝੇ?ਵੇਖੋ, ਅਤੇ ਉਹ ਇਸਨੂੰ ਸਮਝੇ ਨਹੀਂ ਸਨ। ਉਹਨਾਂ ਨੇ ਉਸਨੂੰ ਕਿਸੇ ਨਾਮ ਤੋਂ ਨਹੀਂ ਪੁਕਾਰਿਆ ਨਹੀਂ ਸੀ .....ਉਹਨਾਂ ਉਸਦਾ ਨਾਮ ਨਹੀਂ ਸੱਦਿਆ। ਸਮਝੇ? ਉਹਨਾਂ ਨੇ ਤਾਂ ਬਸ ਇਹ ਆਖਿਆ ਕਿ ਉਹ ਨਿੱਕਲਿਆ ਸੀ।

148 ਪ੍ਰੰਤੂ ਹੁਣ ਜਦ ਉਕਾਬ ਦਾ ਯੁੱਗ ਆਉਂਦਾ ਹੈ ਇਹ ਹੀ ਉਹ ਯੁੱਗ ਹੈ ......ਖੁਦਾ ਹਮੇਸ਼ਾਂ ਹੀ ਆਪਣੇ ਨਬੀਆਂ ਨੂੰ ਉਕਾਬਾਂ ਦੀ ਮਾਨਦ ਚਾਹੁੰਦਾ ਹੈ। ਉਹ ਖੁਦ ਆਪਣੇ ਆਪਨੂੰ ਉਕਾਬ ਕਹਿੰਦਾ ਹੈ। ਉਕਾਬ ਅਕਾਸ਼ ਤੇ ਏਨੀ ਉਚਾਈ ਵਿੱਚ ਉਡਦਾ ਹੈ ਕਿ ਕੋਈ ਹੋਰ ਚੀਜ਼ ਉਸਨੂੰ ਛੂਹ ਨਹੀਂ ਸੱਕਦੀ ਹੈ। ਉਹ ਸਿਰਫ ਏਨੀ ਉਚਾਈ ਤੇ ਹੀ ਨਹੀਂ ਜਾਂਦਾ ਬਲਕਿ ਉਹ ਤਾਂ ਉਸ ਸਥਾਨ ਦੇ ਲਈ ਹੀ ਬਣਾਇਆ ਗਿਆ ਹੈ। ਜਦ ਕਿ ਉਹ ਉੱਥੇ ਏਡੀ ਉਤਾਂਹ ਜਾਂਦਾ ਹੈ ਤਾਂ ਵੀ ਉਹ ਵੇਖ ਸੱਕਦਾ ਹੈ ਕਿ ਉਹ ਕਿੱਥੇ ਹੈ। ਕੁਝ ਲੋਕ ਏਨੇ ਉੱਚੇ ਤਾਂ ਉੱਠ ਜਾਂਦੇ ਹਨ ਪਰ ਉਹ ਇਹ ਨਹੀਂ ਵੇਖ ਸੱਕਦੇ ਕਿ ਉਹ ਕਿੱਥੇ ਹਨ,ਇਸ ਲਈ ਉੱਥੇ ਚੜ੍ਹਨ ਦਾ ਕੋਈ ਲਾਭ ਨਹੀਂ ਹੈ। ਪਰ ਜੇ ਤੁਸੀਂ .....

149 ਤੁਸੀਂ ਇੱਕ ਕਾਂ ਜਾਂ ਬਾਜ਼ ਨੂੰ ਉਕਾਬ ਦੇ ਨਾਲ ਉਡਣ ਦਾ ਯਤਨ ਕਰਨ ਦਿਓ ਉਹ ਤਾਂ ਟੋਟੇ-ਟੋਟੇ ਹੋ ਜਾਵੇਗਾ। ਝਉੱਥੇ ਪਹੁੰਚਣ ਲਈ ਉਸ ਤੇ ਦਬਾਅ ਤਾਂ ਹੋਣਾ ਚਾਹੀਦਾ ਹੈ।

150 ਬਿਲਕੁੱਲ ਇਹੋ ਕੁਝ ਹੀ ਅੱਜ ਹੈ, ਸਾਡੇ ਵਿੱਚੋਂ ਕੁਝ ਦਬਾਅ ਸਹਿਣ ਵਾਲੇ ਨਹੀਂ ਹੁੰਦੇ ਹਨ। ਜਦ ਅਸੀਂ ਉੱਛਲ ਰਹੇ ਹੁੰਦੇ ਹਾਂ ਤਾਂ ਅਸੀਂ ਜਲਦੀ ਹੀ ਚੂਰ-ਚੂਰ ਹੋ ਜਾਂਦੇ ਹਾਂ। ਪ੍ਰੰਤੂ ਸਾਨੂੰ ਦਬਾਅ ਸਹਿਣ ਵਾਲੇ ਹੋਣਾ ਚਾਹੀਦਾ ਹੈ।

151 ਜਦ ਤੁਸੀਂ ਉੱਪਰ ਪਹੁੰਚ ਜਾਂਦੇ ਹੋ ਤਾਂ ਤੁਹਾਡੇ ਕੋਲ ਉਕਾਬ ਦੀ ਤੇਜ਼ ਨਜ਼ਰ ਹੋਣੀ ਚਾਹੀਦੀ ਹੈ ਤਾਂ ਕਿ ਤੁਸੀਂ ਵੇਖ ਸਕੋ ਕਿ ਕੀ ਆ ਰਿਹਾ ਹੈ, ਅਤੇ ਜਾਣ ਸਕੋ ਕਿ ਕੀ ਕਰਨਾ ਹੈ। ਹੁਣ ਉਕਾਬ ਦਾ ਯੁੱਗ ਇਹਨੂੰ ਪ੍ਰਗਟ ਕਰਦਾ ਹੈ। ਹੁਣ ਸਾਨੂੰ ਪਤਾ ਲੱਗਾ ਹੈ ਕਿ ਉਕਾਬ ਦੇ ਯੁੱਗ ਦਾ ਕਰਾਰ ਪ੍ਰਕਾਸ਼ ਦੀ ਪੋਥੀ 10:7 ਅਤੇ .....:1, 4 ਵਿੱਚ ਕੀਤਾ ਗਿਆ ਹੈ। ਇਹ ਯੁੱਗ ਅੰਤ ਦੇ ਦਿਨਾਂ ਵਿੱਚ ਹੋਵੇਗਾ, ਇਹ ਸੱਚ ਹੈ ਕਿ ਉਹ ਯੁੱਗ ਇੱਥੇ ਹੋਵੇਗਾ। ਇਹ ਸਹੀ ਹੈ। ਧਿਅਨ ਦਿਓ।

152 ਹੁਣ ਇਸ ਸਵਾਰ ਤੇ ਅਸੀਂ ਧਿਆਨ ਦਿੱਤਾ ਹੈ ਕਿ ਇਹ ਜਰਦ /ਕੁੱਲੇ ਘੋੜੇ ਤੇ ਸਵਾਰ ਹੈ। ਕੁੱਲਾ! ਹੇ ਮੇਰੇ ਖੁਦਾ !ਪਿੱਛਾਂਹ, ਧਿਆਨ ਦਿਓ, ਪਿੱਛੋਂ ......

153 ਕੱਲ ਰਾਤ ਅਸੀਂ ਰੋਮ ਦਾ ਸ਼ਹੀਦੀ ਇਤਿਹਾਸ ਸਮੁਕਰ ਦੀ *ਗਲੋਰੀਅਸ ਰਿਫੋਰਮੇਸ਼ਨ* ਨਾਮਕ ਪੁਸਤਕ ਦੁਆਰਾ ਉਨ੍ਹਾਂ ਛੇ ਕਰੋੜ ਅੱਸੀ ਲੱਖ ਨੂੰ ਪ੍ਰੋਟੈਸਟੈਂਟਾਂ ਨੂੰ ਵੇਖ ਚੁੱਕੇ ਹਾਂ। ਅਸੀਂ ਇਹ 1500 ਦੇ ਨਿਸ਼ਾਨੇ ਤੱਕ ਪਾਇਆ, ਮੇਰਾ ਯਕੀਨ ਹੈ ਜਾਂ ਇਹ ਫਿਰ ਅਠਾਰਾਂ ਸੀ.....ਮੈਨੂੰ ਇਹ ਹੁਣ ਠੀਕ ਤਰ੍ਹਾਂ ਯਾਦ ਨਹੀਂ ਹੈ। ਰੋਮ ਦੇ ਅੰਦਰ ਪਹਿਲੀ ਰੋਮਨ ਕਲੀਸਿਯਾ ਦਾ ਵਿਰੋਧ ਕਰਨ ਦੇ ਕਾਰਨ ਛੇ ਕਰੋੜ ਅੱਸੀ ਲੱਖ ਮੌਤ ਦੇ ਘਾਟ ਉਤਾਰ ਦਿੱਤੇ ਗਏ। ਇਸ ਵਿੱਚ ਕੋਈ ਹੈਰਾਨੀ ਨਹੀਂ ਕਿ ਉਹ ਅਪਣੇ ਆਪ ਨੂੰ ਕਿਸੇ ਨਾਮ ਵਿੱਚ ਬਦਲ ਸੱਕਦਾ ਸੀ ......ਅਤੇ ਉਹ ਮੌਤ ਸਦਾਇਆ। ਯਕੀਨਨ ਉਹ ਮੌਤ ਹੀ ਸੀ।



ਕਿ ਬਾਈਬਲ ਇਸਦੇ ਬਾਰੇ ਵਿੱਚ ਦੱਸਦੀ ਹੈ। ਅਤੇ ਫਿਰ ਅਸੀਂ ਮਹਿਸੂਸ ਕਰਦੇ ਹਾਂ ਕਿ ਉਹ ਔਰਤ ਹੈ ਜਿਹੜੀ ਆਪਣੇ ਵਿਆਹ ਦੀਆਂ ਸੌਹਾਂ ਤੇ ਵਫਾਦਾਰ ਨਹੀਂ ਰਹਿੰਦੀ ਉਹ ਕੰਜ਼ਰੀ ਸਦਾਉਂਦੀ ਹੈ। ਅਤੇ ਤੁਸੀਂ ਜਾਣਦੇ ਹੋ ਉਹ ਆਪਣੇ ਆਪ ਨੂੰ "ਸੁਰਗ ਦੀ ਰਾਣੀ" ਸਦਾਉਂਦੀ ਹੈ। (ਇਹ ਤਾਂ ਪ੍ਰਮੇਸ਼ੁਰ ਦੀ ਲਾੜੀ ਹੋਵੇਗੀ। ਅਤੇ ਪ੍ਰਮੇਸ਼ੁਰ ਮਸੀਹ ਹੈ)ਅਤੇ ਅਸਾਂ ਪਤਾ ਲਾਇਆ ਹੈ ਕਿ ਉਹ ਹਰਾਮਕਾਰੀਆਂ ਕਰ ਰਹੀ ਹੈ ਅਤੇ ਉਹ ਧਰਤੀ ਦੇ ਰਾਜਿਆਂ ਅਤੇ ਧਨਵਾਨ ਲੋਕਾਂ ਅਤੇ ਮਹਾਨ ਆਦਮੀਆਂ ਕੋਲੋਂ ਹਰਾਮਕਾਰੀਆਂ ਕਰਵਾਉਂਦੀ ਹੈ। ਅਤੇ ਸਾਰੀ ਧਰਤੀ ਉਸਦੇ ਪਿੱਛੇ ਲੱਗੀ ਜਾ ਰਹੀ ਹੈ। ਸਮਝੇ?

225 ਅਤੇ ਫਿਰ ਅਸੀਂ ਵੇਖਿਆ ਕਿ ਉਸਨੇ ਕੁਝ ਧੀਆਂ ਪੈਦਾ ਕੀਤੀਆਂ ਸਨ, ਅਤੇ ਉਹ ਕੰਜ਼ਰੀਆਂ ਸਨ। ਇਹ ਕੰਜ਼ਰੀਆਂ ਹੋਰ ਕੁੱਝ ਨਹੀਂ ਬਲਕਿ ਉਸੇ ਦੇ ਵਾਂਗ ਹੀ ਕੰਜ਼ਰੀਆਂ ਹਨ;ਹਰਾਮਕਾਰ, ਉਹ ਹਰਾਮਕਾਰ ਹੈ, ਬੁਰਾਈ ਅਤੇ ਕੁਕਰਮ ਕਰਦੀਆਂ ਹਨ। ਉਹਨਾਂ ਨੇ ਕੀ ਕੀਤਾ ਸੀ?ਉਹ ਜੱਥੇਬੰਦ ਹੋ ਗਈਆਂ ਸਨ, ਮਨੁੱਖਾਂ ਦੇ ਬਣਾਏ ਹੋਏ ਅਕੀਦਿਆਂ ਦੀ ਪ੍ਰਣਾਲੀ ਬਣਾ ਲਈ, ਪੈਂਟੀਕਾਸਟਲ ਅਤੇ ਬਾਕੀ ਸਾਰੇ ਗਰੁੱਪ ਇਹੋ ਕੁਝ ਹੀ ਹਨ!

226 ਹੁਣ, ਤੁਸੀਂ ਪੈਂਤੀਕਾਸਟਲੋ ਆਪਣੇ ਜ਼ਮੀਰ ਨੂੰ ਆਪਣੀ ਜੇਬ ਵਿੱਚ ਨਾ ਸੁੱਟ ਲਿਓ। ਮੈਂ ਤੁਹਾਨੂੰ ਕੁਝ ਦੱਸਦਾ ਹਾਂ। ਆਓ ਅਸੀਂ ਇਸ ਗੱਲ ਨੂੰ ਆਹਮੋ-ਸਾਹਮਣੇ ਵੇਖੀਏ। ਅਸੀਂ ਉਨ੍ਹਾਂ ਖਿੱਚੋ ਤਾਣੀ ਦੇ ਝਟਕਿਆਂ ਦੇ ਲਈ ਆਪਣੇ ਰਸਤੇ ਤੇ ਬਹੁਤ ਹੌਲੀ-ਹੌਲੀ ਚੱਲ ਰਹੇ ਹਾਂ। ਇੱਥੇ ਵੇਖੋ।

227 ਅਸੀਂ ਲਾਉਦੀਕੀਆ ਦੀ ਕਲੀਸਿਯਾ ਦੇ ਯੁੱਗ ਵਿੱਚ ਰਹਿ ਰਹੇ ਹਾਂ। ਅਤੇ ਬਾਕੀ ਸਾਰੇ ਯੁੱਗਾਂ ਤੋਂ ਇਹ ਯੁੱਗ ਹੀ ਸੱਭ ਤੋਂ ਵੱਧ ਖਰਾਬ ਯੁੱਗ ਹੈ, ਇਹ ਸੀਲ ਗਰਮ ਯੁੱਗ ਹੈ, ਸਿਰਫ ਇਹ ਹੀ ਯੁੱਗ ਹੈ ਜਿਹਦੇ ਵਿੱਚ ਮਸੀਹ ਨੂੰ ਕਲੀਸਿਯਾ ਵਿੱਚੋਂ ਬਾਹਰ ਕੱਢਿਆ ਹੋਇਆ ਹੈ, ਅਤੇ ਉਹ ਅੰਦਰ ਆਉਣ ਦਾ ਯਤਨ ਕਰ ਰਿਹਾ ਹੈ। ਅਤੇ ਇਹ ਪੈਂਟੀਕਾਸਟਲ ਸੰਦੇਸ਼ ਚੱਲ ਰਿਹਾ ਹੈ, "ਮੈਂ ਧਨਵਾਨ ਹਾਂ !" ਮੁੰਡਿਆ ਪਹਿਲਾਂ ਤਾਂ ਤੂੰ ਕੰਗਾਲ ਸੀ। ਵੇਖੋ, ਹੁਣ ਤੂੰ ਅਸਲ ਵਿੱਚ ਹੀ ਧਨਵਾਨ ਹੋ ਗਿਆ ਹੈਂ। " ਮੈਨੂੰ ਕਾਸੇ ਦੀ ਥੁੜ ਨਹੀਂ !"ਅਤੇ-ਅਤੇ ਔਹ, ਤੂੰ ਕੀ ਸੀ!

228 ਉਸਨੇ ਕਿਹਾ, " ਤੂੰ ਦੁਖੀ, ਮੰਦਭਾਗੀ, ਕੰਗਾਲ, ਅੰਨ੍ਹਾ ਅਤੇ ਨੰਗਾ ਹੈ, ਅਤੇ ਇਸਨੂੰ ਜਾਣਦਾ ਵੀ ਨਹੀਂ ਹੈਂ। "

229 ਹੁਣ, ਜੇ ਕੋਈ ਮਨੁੱਖ ਬਾਹਰ ਗਲੀ ਵਿੱਚ ਨੰਗਾ ਫਿਰਦਾ ਹੋਵੇ, ਅਤੇ ਉਹ ਇਹ ਜਾਣਦਾ ਹੋਵੇ ਤਾਂ ਕੀ ਉਹ ਆਪਣੇ ਆਪ ਨੂੰ ਢੱਕਣ ਦਾ ਯਤਨ ਨਹੀਂ ਕਰੇਗਾ। ਪ੍ਰੰਤੂ ਜੇ ਉਹ ਇਹ ਜਾਣਦਾ ਹੀ ਨਹੀਂ ਤਾਂ ਤੁਸੀਂ ਉਸਨੂੰ ਕੋਈ ਵੀ ਫਰਕ ਨਹੀਂ ਦੱਸ ਸੱਕਦੇ ਹੋ ਫਿਰ ਤਾਂ ਬੜੀ ਹੀ ਤਰਸ ਵਾਲੀ ਹਾਲਤ ਵਿੱਚ ਹੈ। ਖੁਦਾ ਹੀ ਉਸ ਆਦਮੀ ਉੱਤੇ ਦਯਾ ਕਰੇ। ਠੀਕ ਹੈ। ਧਿਆਨ ਦਿਓ। ਹੇ ਮੇਰੇ, ਖੁਦਾ!

230 ਹੁਣ, ਯਾਦ ਰੱਖੋ ਕਿਉਂਕਿ ਇਹ ਮਸੀਹ ਵਿਰੋਧੀ ਖੁਦ ਇੱਕ ਮਨੁੱਖ ਹੈ; ਇਸ ਲਈ ਉਹਦੀ ਇੱਕ ਦੁਲਹਨ ਹੈ, ਜੋ ਉਸਦੀ ਕਲੀਸਿਯਾ ਹੈ, " ਅਤੇ ਇਹ ਉਹ ਹੈ ਜਿਹਨੂੰ ਥੁਆਤੀਰਾ ਯੁੱਗ ਵਿੱਚ, ਤੋਬਾ ਕਰਨ ਦੀ ਵਿਹਲ ਦਿੱਤੀ ਗਈ ਸੀ ਪਰ ਉਸਨੇ ਤੋਬਾ ਨਹੀਂ ਕੀਤੀ। " ਕੀ ਤੁਹਾਨੂੰ ਇ੍ਹ ਯਾਦ ਹੈ? ਕੀ ਤੁਸੀਂ .....

231 ਠੀਕ ਹੈ, ਆਓ ਥੋੜੀ ਦੇਰ ਲਈ ਪਿਛਾਂਹ ਚੱਲੀਏ। ਇੱਕ ਮਿੰਟ ਲਈ ਪਿਛਾਂਹ ਜਾਣਾ ਸਾਨੂੰ ਦੁਖੇਗਾ ਨਹੀਂ। ਹੁਣ ਅਸੀਂ ......2 ਬਾਬ, ਥੁਆਤੀਰੇ ਦੇ ਯੁੱਗ ਬਾਰੇ ਪੜ੍ਹਾਂਗੇ। ਹੁਣ ਇਹਦੇ ਉੱਤੇ

ਆਪ ਵਿੱਚ ਆ ਸਕਾਂ, ਮੈਂ ਫਿਰ ਆਪਣੇ ਆਪ ਨੂੰ ਆਪਣੇ ਵਿੱਚ ਲਿਆਉਣ ਲਈ ਝੰਜੋੜਦਾ ਹਾਂ। ਸਮਝੇ?

218 ਕੀ ਤੁਸੀਂ ਕਦੇ ਧਿਆਨ ਦਿੱਤਾ ਹੈ ਜਦ ਮੈਂ ਲੋਕਾਂ ਦੇ ਦਿਲਾਂ ਦੀ ਪਰਖ ਕਰਨ ਲਈ ਲਾਇਨ ਲਵਾਉਂਦਾ ਹਾਂ? ਤਦ ਮੈਂ ਕੁਝ ਇਸ ਤਰ੍ਹਾਂ ਦਾ ਕਹਿ ਰਿਹਾਂ ਹੋਵਾਂਗਾ ਕਿ ਲੋਕ ਹੱਸ ਰਹੇ ਹੋਣਗੇ ;ਤਦ ਮੈਂ ਕੁਝ ਅਜਿਹਾ ਕਹਿ ਰਹਾਂਗਾ ਕਿ ਉਸ ਤੋਂ ਲੋਕ ਰੋ ਪੈਂਦੇ ਹਨ ;ਅਤੇ ਫਿਰ ਮੈਂ ਕੋਈ ਅਜਿਹੀ ਗੱਲ ਕਹਿੰਦਾ ਹਾਂ ਜਿਸ ਦੇ ਨਾਲ ਉਨ੍ਹਾਂ ਨੂੰ ਗੁੱਸਾ ਆ ਜਾਂਦਾ ਹੈ। ਫਿਰ ਮੈਂ ਕੁਝ ਅਜਿਹਾ ਵੇਖ ਰਿਹਾ ਹੁੰਦਾ ਹਾਂ ਜੋ ਮੇਰਾ ਨਹੀਂ ਹੈ। ਅਤੇ ਤਦ ਮੈਂ ਕੋਈ ਗੱਲ ਕਹਿੰਦਾ ਹੋਵਾਂਗਾ ਅਤੇ ਵੇਖਦਾ ਹਾਂ ਕਿ ਇਹ ਕਿਵੇਂ ਹੁੰਦਾ ਹੈ, ਅਤੇ ਫਿਰ ਮੈਂ ਵੇਖਦਾ ਹਾਂ ਕਿ ਲੋਕਾਂ ਦੇ ਉੱਪਰ ਕਿਸ ਤਰ੍ਹਾਂ ਦਾ ਪ੍ਰਕਾਸ਼ ਹੈ, ਅਤੇ ਕੀ ਹੋਣਾ ਹੈ। ਮੈਂ ਜਾਣਦਾ ਹਾਂ ਕਿ ਇਹ ਕਿੱਥੇ ਹੁੰਦਾ ਹੈ, ਮੈਂ ਜਾਣਦਾ ਹਾਂ ਕਿ ਉਹ ਬੁਲਾ ਰਿਹਾ ਹੈ ਜਾਂ ਨਹੀਂ। ਜੇ ਇਹ ਨਹੀਂ ......ਉੱਥੇ ਇੱਕ ਸੱਚਾ ਵਿਸ਼ਵਾਸ਼ੀ ਬੈਠਾ ਹੁੰਦਾ ਹੈ, ਇਹ ਠੀਕ ਹੈ। ਤਦ ਤੁਸੀਂ ਉਸਨੂੰ ਸੱਦਦੇ ਹੋ ਅਤੇ ਦੱਸਦੇ ਹੋ ਕਿ, " ਤੂੰ *ਫਲਾਂ-ਫਲਾਂ* ਆਦਮੀਂ ਹੈਂ।

219 ਅਤੇ ਜਦ ਤੁਸੀਂ ਥੱਲੇ ਆਉਂਦੇ ਹੋ, ਤਾਂ ਆਤਮਾ ਤੁਹਾਨੂੰ ਮਸਹਾ ਕਰਦਾ ਹੈ ਫਿਰ ਤੁਸੀਂ ਉਸ ਪ੍ਰਕਾਸ਼ ਨੂੰ ਸੱਭ ਜਗ੍ਹਾ ਆਉਂਦੇ ਵੇਖਦੇ ਹੋ। ਤੁਸੀਂ ਉਸ ਨੂੰ ਕਮਰੇ ਵਿੱਚ ਆਉਂਦੇ ਇੱਥੇ ਚਾਰੇ ਪਾਸੇ ਵੇਖਦੇ ਹੋ। ਇਸ ਲਈ ਇਹ ਹੀ ਕਾਰਨ ਹੈ ਕਿ ਕੋਈ ਅਜਿਹੀ ਗੱਲ ਆਖਦਾ ਹੈ ਇੱਕ ਕਿਸਮ ਦੇ ਨਾਲ ਦੁਬਾਰਾ ਸ਼ੁਰੂ ਕਰਨ ਲਈ, ਤਾਂ ਕਿ ਫਿਰ ਦੁਬਾਰਾ ਇੱਕ ਨਵੇਂ ਢੰਗ ਨਾਲ ਕੀਤਾ ਜਾਵੇ, ਸਮਝੇ।

220 ਪਿਛਲੇ ਐਤਵਾਰ ਤੋਂ ਲੈ ਕੇ ਮੈਂ ਤਾਂ ਬਸ ਇੱਕ ਕਮਰੇ ਦੇ ਵਿੱਚ ਬੈਠਾ ਹੋਇਆ ਹਾਂ, ਅਤੇ ਮਸ੍ਹਾ ਦੇ ਥੱਲੇ ਬਸ ਦੁਆ ਹੀ ਕਰ ਰਿਹਾ ਹਾਂ। ਅਤੇ ਮੈਂ ਜਾਣਦਾ ਹਾਂ ਕਿ ਇਹ ਸੱਚ ਹੈ। ਤੁਸੀਂ ਪ੍ਰਮੇਸ਼ੁਰ ਤੇ ਵਿਸ਼ਵਾਸ਼ ਕਰਦੇ ਹੋ। ਮੈਂ ਜਾਣਦਾ ਹਾਂ ਤੁਸੀਂ ਵਿਸ਼ਵਾਸ਼ ਕਰਦੇ ਹੋ। ਤੁਸੀਂ ਇਸ ਹਫਤੇ ਦੇ ਅੰਤ ਤੇ ਧਿਆਨ ਦੇਣਾ। ਜੀ ਹਾਂ। ਸਮਝੇ? ਠੀਕ ਹੈ। ਵੇਖਿਆ?

221 ਹੁਣ, ਮੋਤ ਦਾ ਅਰਥ ਹੈ ਖੁਦਾ ਨਾਲੋਂ ਸਦੀਪਕ ਜੁਦਾਈ। ਅਤੇ ਹੁਣ ਯਾਦ ਰੱਖਣਾ, ਸੰਤ ਮਰਦੇ ਨਹੀਂ ਹਨ।

222 ਯਾਦ ਰੱਖੋ ਕਿ ਉਸਦੀ ਲਾੜੀ ਨੂੰ ਇੱਕ ਕੁੱਲਾ ਘੋੜਾ ਦਿੱਤਾ ......ਮੇਰੇ ਕਹਿਣ ਦਾ ਮਤਲਬ ਹੈ ਇਸ ਸਵਾਰ ਨੂੰ ਕੁੱਲਾ ਘੋੜਾ ਦਿੱਤਾ ਗਿਆ ਤਾਂ ਕਿ ਉਹ ਅਗਾਂਹ ਵਧੇ। ਉਸਨੂੰ ਇਹ ਕੁੱਲਾ ਘੋੜਾ ਦਿੱਤਾ ਗਿਆ ਤਾਂ ਕਿ ਉਹ ਅੱਗੇ ਜਾਵੇ। ਅਤੇ ਉਹ ਮੋਤ ਦੇ ਇਸ ਕੁੱਲੇ ਘੋੜੇ ਤੇ ਸਵਾਰ ਹੋ ਕੇ ਅਗਾਂਹ ਵੱਧਦਾ ਹੈ। ਹੁਣ ਅਸੀਂ ਜਾਣਦੇ ਹਾਂ ਕਿ ਉਹ ਕੋਣ ਹੈ। ਅਸੀਂ ਜਾਣਦੇ ਹਾਂ ਕਿ ਉਹ ਕਿਹੜੀ ਕਲੀਸਿਯਾ ਹੈ।

223 ਅਤੇ ਯਾਦ ਕਰੋ, ਕੱਲ ਰਾਤ ਉਹ ਸਿਰਫ, "ਵੱਡੀ ਕੰਜ਼ਰੀ "ਹੀ ਨਹੀਂ ਬਲਕਿ ਉਹ "ਕੰਜ਼ਰੀਆਂ ਦੀ ਮਾਂ "ਹੈ।

224 ਅਤੇ ਅਸੀਂ ਪਤਾ ਲਾਇਆ ਹੈ ਕਿ ਕਿਹੜੀ ਚੀਜ਼ ਨੇ ਉਸਨੂੰ ਵੱਡੀ ਕੰਜ਼ਰੀ ਬਣਾਇਆ ਹੈ, ਇੱਕ ਔਰਤ ਜਿਹੜੀ ਕਿ ਉਸ ਕਿਸਮ ਦੀ ਔਰਤ ਹੈ। ਮੈਂ ਤਾਂ ਸਿਰਫ ....ਇਸ ਤਰ੍ਹਾਂ ਦੇ ਮਿਲੇ ਜੁਲੇ ਸੁਣਨ ਵਾਲਿਆਂ ਦੀ ਸੰਗਤ ਵਿੱਚ ਇਸ ਕਿਸਮ ਦੇ ਸ਼ਬਦ ਕਹਿਣਾ ਠੀਕ ਨਹੀਂ ਹੈ। ਪ੍ਰੰਤੂ ਤੁਸੀਂ ਵੇਖੋ



154 ਹੁਣ, ਸਿਰਫ ਪ੍ਰਮੇਸ਼ੁਰ ਹੀ ਜਾਣਦਾ ਹੈ ਕਿੰਨਿਆਂ ਨੂੰ ਉਸਨੇ ਬਾਈਬਲ ਦੇ ਵਿਰੋਧ ਅਤੇ ਵਚਨ ਦੇ ਵਿਰੁੱਧ ਦਿੱਤੀ ਗਈ ਸਿੱਖਿਆ ਦੇ ਨਾਲ ਆਤਮਿਕ ਢੰਗ ਦੇ ਨਾਲ ਮਾਰਿਆ ਹੈ! ਇਹ ਉਹ ਸੀ ਜਿਹਨੇ ਛੇ ਕਰੋੜ ਅੱਸੀ ਲੱਖ ਲੋਕਾਂ ਨੂੰ ਤਲਵਾਰ ਦੇ ਨਾਲ ਮਾਰਿਆ ਸੀ। ਅਤੇ ਅੰਦਾਜ਼ੇ ਦੇ ਤੋਰ ਤੇ ਕਰੋੜਾਂ ਲੋਕ ਉਸ ਦੀਆਂ ਝੂਠੀਆਂ ਸਿੱਖਿਆਵਾਂ ਦੇ ਨਾਲ ਆਤਮਿਕ ਰੂਪ ਵਿੱਚ ਮਰ ਗਏ ਸਨ। ਇਸ ਵਿੱਚ ਕੋਈ ਹੈਰਾਨੀ ਨਹੀਂ ਕਿ ਉਹ ਆਪਣਾ ਨਾਮ ਮੋਤ ਰੱਖ ਸੱਕਦਾ ਸੀ !

155 ਕੀ ਤੁਸੀਂ ਇਸ ਸਵਾਰ ਤੇ ਧਿਆਨ ਦਿੱਤਾ ਹੈ? ਅਰੰਭ ਤੋਂ ਹੀ ਜਦ ਕਿ ਉਹ ਮਸੀਹ ਵਿਰੋਧੀ ਸੀ, ਉਹ ਮੋਤ ਸੀ; ਪ੍ਰੰਤੂ ਤਦ ਉਹ ਮਸੂਮ ਸੀ। ਇਸ ਤੋਂ ਬਾਦ ਉਸ ਨੇ ਤਿਕੋਣਾ ਮੁਕਟ ਪਾਇਆ; ਅਤੇ ਜਦ ਉਸਨੇ ਇਹ ਮੁਕਟ ਪਾਇਆ ਤਾਂ ਉਸਨੇ ਏਕੀਕਰਨ ਕੀਤਾ, ਸ਼ੈਤਾਨ ਨੇ ਰਾਜ ਅਤੇ ਆਪਣੀ ਕਲੀਸਿਯਾ ਨੂੰ ਮਿਲਾ ਦਿੱਤਾ, ਕਿਉਂਕਿ ਤਦ ਦੋਹਾਂ ਦੇ ਉੱਪਰ ਹੀ ਉਸਦਾ ਅਧਿਕਾਰ ਸੀ। ਇੱਕ ਆਦਮੀ ਦੇ ਰੂਪ ਵਿੱਚ ਮਸੀਹ ਵਿਰੋਧੀ ਸ਼ੈਤਾਨ ਹੀ ਸੀ।

156 ਅਤੇ ਫਿਰ ਅਸੀਂ ਇਹ ਵੀ ਵੇਖਿਆ ਕਿ ਸੰਤ ਮੱਤੀ 4 ਬਾਬ ਵਿੱਚ ਸ਼ੈਤਾਨ ਯਿਸੂ ਸਾਡੇ ਪ੍ਰਭੂ ਨੂੰ ਉਤਾਂਹ ਲੈ ਗਿਆ ਅਤੇ ਉਸਨੂੰ ਇਸ ਸੰਸਾਰ ਦੇ ਸਾਰੇ ਰਾਜ ਅਤੇ ਉਨ੍ਹਾਂ ਦੀ ਸ਼ਾਨ ਵਿਖਾਈ ਅਤੇ ਉਹ ਸੱਭ ਰਾਜ ਉਸਨੇ ਯਿਸੂ ਨੂੰ ਪੇਸ਼ ਕੀਤੇ। ਅਤੇ ਉਸਨੇ ਕਿਹਾ ......ਉਹ ਸਾਰੇ ਰਾਜ ਸ਼ੈਤਾਨ ਦੇ ਸਨ।

157 ਸੋ ਤੁਸੀਂ ਵੇਖੋ ਕਿ ਜੇ ਉਹ ਆਪਣੇ ਰਾਜ ਅਤੇ ਆਪਣੀ ਕਲੀਸਿਯਾ ਨੂੰ ਇੱਕ ਜਗ੍ਹਾ ਇਕੱਠੇ ਕਰ ਲੈਂਦਾ ਹੈ ਤਾਂ ਲਾਲ ਘੋੜੇ ਦਾ ਸਵਾਰ ਪੱਕੇ ਤੋਰ ਤੇ ਸਵਾਰੀ ਕਰ ਸੱਕਦਾ ਹੈ। ਸਮਝੇ? ਸੱਚਮੁੱਚ ਉਹ ਇਸ ਤਰ੍ਹਾਂ ਕਰ ਸੱਕਦਾ ਹੈ!ਹੁਣ,ਫਿਰ ਅਸੀਂ ਉਸਦੀ ਕਲੀਸਿਯਾ ਅਤੇ ਰਾਜ ਵਿੱਚ ਉਸਦਾ ਭੇਤ ਪਾਇਆ ਸੀ।

158 ਆਪਣੀ ਸੇਵਾ ਦੇ ਚੋਥੇ ਪੜਾਅ ਵਿੱਚ ਉਹ ਦਰਿੰਦਾ ਸਦਾਉਂਦਾ ਹੈ। ਸੱਭ ਤੋਂ ਪਹਿਲਾਂ ਉਹ ਮਸੀਹ ਵਿਰੋਧੀ ਸਦਾਇਆ; ਫਿਰ ਉਹ ਝੂਠਾ ਨਬੀ ਸਦਾਇਆ; ਅਤੇ ਤਦ ਫਿਰ ਉਹ ਦਰਿੰਦਾ ਸਦਾਉਂਦਾ ਹੈ। ਹੁਣ ਅਸੀਂ ਇੱਥੇ ਵੇਖਦੇ ਹਾਂ ਕਿ ਉਹ ਦਰਿੰਦਾ ਜਾਂ ਪਸ਼ੂ ਸਦਾਉਂਦਾ ਹੈ।

159 ਹੁਣ ਮੈਂ ਤੁਹਾਡਾ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿ ਚੋਥੇ ਘੋੜੇ ਤੋਂ ਬਾਦ, ਅਤੇ ਜੇ ਤੁਸੀਂ ਇਸ ਚੋਥੇ ਘੋੜੇ ਤੇ ਧਿਆਨ ਦਿਓ ਤਾਂ ਤੁਸੀਂ ਸੱਭ ......ਪਹਿਲਾ ਘੋੜਾ ਚਿੱਟਾ ਸੀ; ਅਤੇ ਫਿਰ ਅਗਲਾ ਲਾਲ ਸੀ; ਅਤੇ ਉਸ ਤੋਂ ਅਗਲਾ ਕਾਲਾ ਸੀ; ਅਤੇ ਚੋਥਾ, ਬਾਕੀ ਦੇ ਤਿੰਨ ਘੋੜੇ ਇਸੇ ਦੇ ਵਿੱਚ ਹੀ ਦਰਸਾਏ ਗਏ ਹਨ; ਕਿਉਂਕਿ ਜਰਦ ਅਥਵਾ ਕੁੱਲਾ -ਲਾਲ ਅਤੇ ਚਿੱਟੇ ਦਾ ਮਿਸ਼ਰਣ ਹੈ .ਇਹ ਰੰਗ ਇਹਨਾਂ ਦੋਹਾਂ ਰੰਗਾਂ ਨੂੰ ਮਿਲਾਉਣ ਨਾਲ ਬਣਦਾ ਹੈ। ਸਮਝੇ?ਉਹ .....ਸਾਰੇ ਸਿਰਫ ਇਸ ਇੱਕ ਘੋੜੇ ਵਿੱਚ ਸ਼ਾਮਿਲ ਹਨ। ਵੇਖਿਆ? ਅਤੇ ਇੱਥੇ ਚਾਰ ਬਣ ਜਾਂਦਾ ਹੈ ਜਾਂ ਅਸਲ ਵਿੱਚ ਉਸ ਇੱਕ ਵਿੱਚ ਤਿੰਨ ਹਨ। ਅਤੇ ਇਹ ਸਾਰਾ ਕੁਝ ਉਸ ਇੱਕ ਚੀਜ਼ ਵਿੱਚ ਹੀ ਮਿਲਿਆ ਹੋਇਆ ਹੈ।

160 ਹੁਣ ਮੈਂ ਤੁਹਾਨੂੰ ਉਹਨਾਂ ਚਾਰਾਂ ਨੂੰ ਵਿਖਾਉਣਾ ਚਾਹੁੰਦਾ ਹਾਂ। ਤੁਸੀਂ ਆਤਮਿਕ ਗਣਿਤ ਦੇ ਅਨੁਸਾਰ ਇਨ੍ਹਾਂ ਚੋਹਾਂ ਦੇ ਵਾਧੂ ਨਿਸ਼ਾਨ ਤੇ ਧਿਆਨ ਦਿਓ। ਪ੍ਰਮੇਸ਼ੁਰ ਦਾ ਤਿੰਨ ਹੈ। ਪ੍ਰੰਤੂ ਇਹ ਚਾਰ ਹੈ। ਇੱਥੇ ਉਹ ਚਾਰ ਵਿੱਚ ਹੈ। ਪਹਿਲਾ ਚਿੱਟਾ ਘੋੜਾ, ਮਸੀਹ ਵਿਰੋਧੀ ਹੈ; ਦੂਸਰਾ ਲਾਲ ਘੋੜਾ, ਝੂਠਾ

ਨਬੀ ਹੈ; ਤੀਸਰਾ ਕਾਲਾ ਘੋੜਾ, ਧਰਤੀ ਅਤੇ ਅਕਾਸ਼ ਅਤੇ ਨਰਕ ਦਾ ਵਿਕਾਰ ਹੈ; ਚੋਥਾ ਕੁੱਲਾ ਘੋੜਾ, ਦਰਿੰਦਾ ਹੈ। ਕੁੱਲਾ ਘੋੜਾ, ਸ਼ੈਤਾਨ ਨੂੰ ਸੁਰਗ ਵਿੱਚੋਂ ਬਾਹਰ ਕੱਢ ਦਿੱਤਾ ਗਿਆ ਸੀ। ਕੀ ਤੁਸੀਂ ਇਸਨੂੰ ਪੜ੍ਹਨਾ ਚਾਹੁੰਦੇ ਹੋ? ਤੁਸੀਂ ਪ੍ਰਕਾਸ ਦੀ ਪੋਥੀ 12:13ਨੂੰ ਪੜ੍ਹ ਸੱਕਦੇ ਹੋ ਕਿ ਸ਼ੈਤਾਨ ਨੂੰ ਸੁਰਗ ਤੋਂ ਥੱਲੇ ਸੁੱਟ ਦਿੱਤਾ ਗਿਆ ਸੀ। ਫਿਰ ਪ੍ਰਕਾਸ਼ ਪੋਥੀ 13:18 ਵਿੱਚ ਦਰਿੰਦੇ ਜਾਂ ਪਸ਼ੂ ਦੇ ਰੂਪ ਵਿੱਚ ਪ੍ਰਗਟ (ਦੇਹਧਾਰੀ)ਹੋ ਜਾਂਦਾ ਹੈ।

161 ਸੱਭ ਤੋਂ ਪਹਿਲਾਂ ਉਹ ਮਸੀਹ ਵਿਰੋਧੀ ਹੈ, ਅਤੇ ਸਿਰਫ ਨਿਕੁਲਾਈਆਂ ਦੀ ਸਿੱਖਿਆ ਸਦਾਇਆ; ਇਸ ਤੋਂ ਬਾਦ ਉਹ ਇਸ ਤੋਂ ਝੂਠਾ ਨਬੀ ਬਣਿਆ। ਜੇ ਉਹ ਮਸੀਹ ਵਿਰੋਧੀ ਹੈ ਤਾਂ ਉਹ ਮਸੀਹ ਦੇ *ਵਿਰੁੱਧ* ਹੈ। ਜੋ ਕੁਝ ਵੀ ਪ੍ਰਮੇਸ਼ੁਰ ਦੇ ਵਚਨ ਦੇ ਵਿਰੁੱਧ ਹੈ ਉਹ ਪ੍ਰਮੇਸ਼ੁਰ ਦੇ ਵਿਰੁੱਧ ਹੈ ਕਿਉਂਕਿ ਪ੍ਰਮੇਸ਼ੁਰ ਵਚਨ ਹੈ। " ਆਦਿ ਵਿੱਚ ਵਚਨ ਸੀ, ਵਚਨ ਪ੍ਰਮੇਸ਼ੁਰ ਦੇ ਸੰਗ ਸੀ ਅਤੇ ਵਚਨ ਦੇਹਧਾਰੀ ਹੋਇਆ, ਮਸੀਹ ਦੇ ਰੂਪ ਵਿੱਚ, ਅਤੇ ਸਾਡੇ ਵਿੱਚ ਡੇਰਾ ਕੀਤਾ। "ਅਤੇ ਕਿਉਂਕਿ ਉਹ ਵਚਨ ਦੇ ਵਿਰੁੱਧ ਹੈ ਇਸ ਲਈ ਉਹ ਮਸੀਹ ਵਿਰੋਧੀ ਹੈ। ਪ੍ਰੰਤੂ ਆਤਮਾ ਮੁਕਟ ਨਹੀਂ ਪਾ ਸੱਕਦਾ ਹੈ ; ਇਹ ਹੀ ਕਾਰਨ ਸੀ ਕਿ ਤਦ ਉਸਨੇ ਮੁਕਟ ਨਹੀਂ ਪਾਇਆ ਸੀ। ਉਸਦੇ ਕੋਲ ਤਾਂ ਬਸ ਇੱਕ ਕਮਾਣ ਸੀ ਪ੍ਰੰਤੂ ਉਸਦੇ ਕੋਲ ਤੀਰ ਨਹੀਂ ਸਨ।

162 ਅਤੇ ਇਸ ਤੋਂ ਬਾਦ ਜਦ ਉਸਦਾ ਮੁਕਟ ਪਾਉਣ ਦਾ ਸਮਾਂ ਆਇਆ ਤਾਂ ਉਹ ਆਪਣੀ ਮਸੀਹ ਵਿਰੋਧੀ ਸਿੱਖਿਆ ਦਾ ਝੂਠਾ ਨਬੀ ਬਣ ਗਿਆ। ਇਸਨੂੰ ਸਮਝੋ?ਇਸ ਤੋਂ ਬਾਦ ਉਸਨੂੰ ਇੱਕ ਤਲਵਾਰ ਮਿਲੀ, ਕਿਉਂਕਿ ਉਸਨੇ ਆਪਣੀਆਂ ਸਕਤੀਆਂ ਦਾ ਇੱਕਠ ਕਰ ਲਿਆ ਸੀ ਤਦ ਉਸਨੂੰ ਕਿਸੇ ਕੋਲੋਂ ਕੁਝ ਵੀ ਪੁੱਛਣ ਦੀ ਲੋੜ ਨਹੀਂ ਸੀ। ਉਹ ਰਾਜ ਦਾ ਹਾਕਮ ਹੈ ; ਉਹ ਸੁਰਗ ਦਾ ਹਾਕਮ ਹੈ। ਉਹ ਇੱਕ ਤਿੰਨ ਨੁਕਰਾ ਮੁਕਟ ਪਾਉਂਦਾ ਹੈ। ਅਤੇ ਉਸਨੂੰ ਆਪਣੇ ਆਪ ਹੀ ਇੱਕ ਵਿਚਾਰ, "ਸ਼ੁੱਧ ਕਰਨ ਵਾਲੀ ਅੱਗ "(ਪੁਰਗੇਟਰੀ) ਬਣਾ ਲਿਆ। ਇਹ ਵਿਚਾਰ ਸੀ ਕਿ ਅਗਰ ਕੋਈ ਪਿਛਲੇ ਸਮੇਂ ਮਰ ਗਿਆ ਹੈ ਅਤੇ ਜੇ ਉਸਦੇ ਕੋਲ ਪੈਸਾ ਹੈ ਅਤੇ ਉਹ ਚਾਹੁੰਦੇ ਹਨ ਕਿ ਉਸ ਮਰੇ ਹੋਏ ਆਦਮੀ ਨੂੰ ਸ਼ੁੱਧ ਕਰਨ ਵਾਲੀ ਅੱਗ ਵਿੱਚੋਂ ਕੱਢਣ ਲਈ ਪੈਸਾ ਦੇ ਸੱਕਦੇ ਹਨ ਤਾਂ ਉਹ ਉਸ ਆਦਮੀ ਨੂੰ ਪੁਰਗੇਟਰੀ ਵਿੱਚੋਂ ਬਾਹਰ ਕੱਢਣ ਲਈ ਦੁਆ ਕਰ ਸੱਕਦਾ ਹੈ। ਕਿਉਂਕਿ ਉਸਦੇ ਕੋਲ ਇਸ ਤਰ੍ਹਾਂ ਕਰਨ ਦਾ ਅਧਿਕਾਰ ਹੈ, ਕਿਉਂਕਿ ਉਹ *ਪ੍ਰਮੇਸ਼ੁਰ ਦੇ ਪੁੱਤਰ ਦੀ ਜਗ੍ਹਾ* ਤੇ ਹੈ। ਯਕੀਨਨ ਉਹ ਹੈ। "ਉਹ ਧਰਤੀ ਉੱਤੇ ਪ੍ਰਮੇਸ਼ੁਰ ਦੀ ਜਗ੍ਹਾ ਲੈਂਦਾ ਹੈ। " ਕੀ ਇਹ ਕਿਸੇ ਵੀ ਗੱਲ ਵਾਂਗ ਸਪੱਸ਼ਟ ਨਹੀਂ ਹੈ !

163 ਅਸੀਂ ਇਸਨੂੰ ਬਾਈਬਲ ਦੇ ਵਿੱਚ ਵੇਖਦੇ ਹਾਂ, ਅਤੇ ਉਸਦੇ ਅੰਕਾਂ ਨੂੰ ਗਿਣਿਆ ਹੈ ਅਤੇ ਬਾਕੀ ਸੱਭ ਕਾਸੇ ਦੇ ਦੁਆਰਾ ਉਸਨੂੰ ਵੇਖਿਆ ਹੈ। ਇੱਥੇ ਇਹ ਹੈ ....?....ਉਹ ਚਾਰ ਨੰਬਰ ਵਿੱਚ ਹੈ ਪਰ ਤੀਜੇ ਨੰਬਰ ਵਿੱਚ ਨਹੀਂ ਹੈ। ਵੇਖੋ, ਚਾਰ ਨੰਬਰ ਵਿੱਚ ਹੈ।

164 ਆਓ ਪ੍ਰਕਾਸ਼ ਪੋਥੀ 12 ਬਾਬ ਵੱਲ ਮੁੜੀਏ। ਆਓ ਅਸੀਂ ਥੋੜਾ ਜਿਹਾ ਪੜ੍ਹੀਏ ਕਿਉਂਕਿ ਇਸਨੂੰ ਪੜ੍ਹਨ ਲਈ ਸਾਡੇ ਕੋਲ ਸਮਾਂ ਹੈ। ਆਓ ਅਸੀਂ ਪ੍ਰਕਾਸ਼ ਪੋਥੀ 12 ਬਾਬ ਦੀ 13 ਆਇਤ ਪੜ੍ਹੀਏ। "ਅਤੇ ਉਸੇ ਹੀ ਘੜੀ ਇੱਕ ਵੱਡਾ ਭੂਚਾਲ ਆਇਆ ...." ਨਹੀਂ ਜੀ, ਮੈਂ ਗਲਤ ਜਗ੍ਹਾ ਕੱਢ ਲਈ ਹੈ। ਤੇਰਾਂ :



212 ਹੁਣ, ਕੀ ਅਸੀਂ ਇਸ ਸਵਾਰ ਨੂੰ ਵਿਸ਼ੇ ਤੋਂ ਹਟ ਕੇ ਵੇਖਿਆ ਹੈ, ਕੀ ਅਸੀਂ ਇਸਨੂੰ ਬਾਈਬਲ ਵਿੱਚੋਂ ਨਹੀਂ ਵੇਖਿਆ ਹੈ, ਕੀ ਇਹ ਸਵਾਰ ਕੌਣ ਹੈ; ਅਤੇ ਅਸੀਂ ਉਹਨਾਂ ਟਿੱਲਿਆਂ ਨੂੰ ਅਤੇ ਦੂਸਰੀਆਂ ਗੱਲਾਂ ਨੂੰ ਅਗਾਂਹ ਤੱਕ ਵਿਸਥਾਰ ਵਿੱਚ ਵੇਖਿਆ ਹੈ। ਅਤੇ ਹੁਣ ਉਹ ਉਕਾਬ ਰਾਹੀਂ "ਮੌਤ" ਸਦਾਉਂਦਾ ਹੈ। ਇਹੋ ਕੁਝ ਹੀ ਉਸਨੇ ਉਹਨੂੰ ਆਖਿਆ ਹੈ। ਵੇਖੋ, ਯਾਦ ਰੱਖੋ, ਮੌਤ ਦਾ ਅਰਥ ਹੈ ਅਨੰਤ ਜੁਦਾਈ।

213 ਯਾਦ ਰੱਖੋ, ਸੰਤ ਮਰਦੇ ਨਹੀਂ ਹਨ। ਉਹ ਤਾਂ ਸੌਂਦੇ ਹਨ ਬਲਕਿ ਮਰਦੇ ਨਹੀਂ ਹਨ। " ਉਹ ਜਿਹੜਾ ਮੇਰੇ ਵਚਨ ਸੁਣਦਾ ਹੈ ਅਤੇ ਉਹ ਤੇ ਵਿਸ਼ਵਾਸ਼ ਕਰਦਾ ਹੈ ਜਿਹਨੇ ਮੈਨੂੰ ਘੱਲਿਆ ਹੈ ਸਦੀਪਕ ਜੀਵਨ ਉਸਦਾ ਹੈ। " ਇਹ ਠੀਕ ਹੈ। ਯਿਸੂ ਨੇ ਆਖਿਆ ਸੀ, "ਉਹ ਨਿਆਂ ਵਿੱਚ ਨਹੀਂ ਜਾਵੇਗਾ ਪ੍ਰੰਤੂ ਮੌਤ ਤੋਂ ਪਾਰ ਹੋ ਕੇ ਜੀਉਣ ਵਿੱਚ ਵੜ ਚੁੱਕਾ ਹੈ। ਕਿਆਮਤ ਅਤੇ ਜੀਉਣ ਮੈਂ ਹੀ ਹਾਂ। " "ਉਹ ਜਿਹੜਾ ਮੇਰੇ ਵਿੱਚ ਵਿਸ਼ਵਾਸ਼ ਕਰਦਾ ਹੈ ਭਾਵੇਂ ਉਹ ਮਰ ਵੀ ਜਾਏ ਤਾਂ ਵੀ ਜੀਵੇਗ। ਅਤੇ ਜੋ ਜੀਉਂਦਾ ਹੈ ਅਤੇ ਮੇਰੇ ਤੇ ਨਿਹਚਾ ਕਰਦਾ ਹੈ ਉਹ ਕਦੇ ਵੀ ਨਹੀਂ ਮਰੇਗਾ। " ਕੀ ਲਾਜ਼ਰ ਮਰ ਗਿਆ ਸੀ? " ਨਹੀਂ, "ਉਹ ਸੁੱਤਾ ਹੋਇਆ ਸੀ। "

214 "ਨਾ ਡਰੋ ਕੁੜੀ ਮਰੀ ਨਹੀਂ ਬਲਕਿ ਸੁੱਤੀ ਪਈ ਹੈ। " ਉਹਨਾਂ ਨੇ ਉਸਦਾ ਮਖੌਲ ਉਡਾਇਆ ਅਤੇ ਉਸਦੇ ਉੱਤੇ ਹੱਸੇ। ਕੀ ਇਹ ਠੀਕ ਹੈ? ਹੇ ਮੇਰੇ ਖ਼ੁਦਾ !ਵੇਖੋ, ਸੰਤ ਮਰਦੇ ਨਹੀਂ ਹਨ।

215 ਪ੍ਰਮੇਸ਼ੁਰ ਕੋਲੋਂ ਜੁਦਾ ਹੋਣਾ ਹੀ ਮੌਤ ਹੈ, ਸਦੀਪਕ ਮੌਤ। ਅਤੇ ਇਹ ਸਵਾਰ "ਮੌਤ" ਸਦਾਉਂਦਾ ਹੈ। ਸੋ ਇਹਦੇ ਕੋਲੋਂ ਦੂਰ ਰਹੋ। ਉਹ ਸਵਾਰ ਕੌਣ ਹੈ? ਇੱਕ ਜੱਥੇਬੰਦੀ, ਜੱਥੇਬੰਦਕ ਪ੍ਰਣਾਲੀ ; ਸੱਭ ਤੋਂ ਪਹਿਲਾਂ ਕਲੀਸਿਯਾ ਤਦ ਜੱਥੇਬੰਦ ਹੋਈ ਜਦ ਉਸਨੇ ਨੀਸੀਆ ਸਭਾ ਵਿੱਚ ਕੰਸਟਨਟਾਈਨ ਦੀ ਸਮਝ ਨੂੰ ਲੈ ਆਂਦਾ ਸੀ।

216 ਕੱਲ ਰਾਤ ਅਸਾਂ ਉਹਨਾਂ ਔਰਤਾਂ ਦਾ ਅਧਿਐਨ ਕੀਤਾ ਸੀ ਕਿ ਕਿਵੇਂ ਹੱਵਾਹ ਜੋ ਕਿ ਪਹਿਲੀ ਲਾੜੀ ਸੀ, ਇਸ ਤੋਂ ਪਹਿਲਾਂ ਕਿ ਉਸਦਾ ਪਤੀ ਆਦਮ ਉਸਦੇ ਕੋਲ ਆਉਂਦਾ ਉਹ ਅਦਨ ਦੇ ਬਾਗ ਵਿੱਚ ਖ਼ੁਦਾ ਦੇ ਵਚਨ ਤੇ ਬੇਪ੍ਰਤੀਤੀ ਕਰਨ ਦੇ ਦੁਆਰਾ ਡਿੱਗ ਚੁੱਕੀ ਸੀ। ਆਤਮਿਕ ਲਾੜੀ ਜੋ ਕਿ ਮਸੀਹ ਦੇ ਦੁਆਰਾ ਪੈਂਤੀਕੁਸਤ ਦੇ ਦਿਨ ਜੰਮੀ ਸੀ, ਇਸ ਤੋਂ ਪਹਿਲਾਂ ਕਿ ਮਸੀਹ ਉਸਦੇ ਕੋਲ ਆਉਂਦਾ ਉਹਨੂੰ ਕੀ ਹੋਇਆ ਸੀ? ਉਹ ਰੋਮ ਵਿੱਚ ਡਿੱਗ ਗਈ ਸੀ। ਉਹ ਕਿਵੇਂ ਡਿੱਗ ਗਈ ਸੀ? ਉਸਨੇ ਆਪਣੀ ਵਚਨ ਦੀ ਸਮਰੱਥਾ ਨੂੰ ਅਕੀਦਿਆਂ ਲਈ ਗੁਆ ਲਿਆ। ਆਮੀਨ। ਹੇ ਮੇਰੇ ਪ੍ਰਭੂ!

217 ਮੈਂ-ਮੈਂ-ਮੈਂ ਮਹਿਸੂਸ ਕਰ ਰਿਹਾਂ ਹਾਂ ਕਿ ਉਤੇਜਨਾ ਫਿਰ ਦੁਬਾਰਾ ਮੇਰੇ ਉੱਤੇ ਆ ਰਹੀ ਹੈ, ਹਾਂ ਸ਼੍ਰੀਮਾਨ ਜੀ, ਉਸਦੇ ਬਾਰੇ ਸੋਚਦੇ ਹੋਏ ......ਮੇਰਾ ਮਤਲਬ ਦਿਵਾਨਿਆਂ ਵਾਂਗੂੰ ਵਰਤਾਓ ਕਰਨ ਦਾ ਨਹੀਂ ਹੈ। ਪ੍ਰੰਤੂ ਮੈਂ ਬਸ ...ਤੁਸੀਂ ਅੰਦਾਜ਼ਾਂ ਨਹੀਂ ਲਗਾ ਸੱਕਦੇ ਮੇਰਾ ਲਈ ਇਸਦਾ ਕੀ ਮਤਲਬ ਹੈ। ਹੁਣ ਇਸਦੇ ਲਈ ਬੈਠੇ ਹੋਏ ਚਾਰ ਦਿਨ ਹੋ ਗਏ ਹਨ। ਬਸ ....ਮੈਂ ਕਹਿਣਾ ਹੀ ਹੈ ਤਾਂ ਕਿ ਮੈਨੂੰ ਫਿਰ ਮਨੁੱਖੀ ਅਹਿਸਾਸ ਹੋਵੇ। ਤੁਸੀਂ ਜਾਣਦੇ ਹੀ ਹੋ ਕਿ ਮੇਰਾ ਕੀ ਮਤਲਬ ਹੈ। ਤੁਸੀਂ ਵੇਖੋ ਕਿ ਮੈਂ ਉਸ ਤਰ੍ਹਾਂ ਬੋਲਣਾ ਸ਼ੁਰੂ ਕਰਦਾ ਹਾਂ ਅਤੇ ਮੈਨੂੰ ਸਾਰੇ ਪਾਸੇ ਦਰਸ਼ਣ ਵਿਖਾਈ ਦੇਣ ਲੱਗਦੇ ਹਨ। ਇਹ ਠੀਕ ਹੈ। ਇਹੋ ਹੀ ਕਾਰਨ ਹੈ ਕਿ ਮੈਨੂੰ ਕੁਝ ਆਖਣਾ ਹੀ ਪੈਂਦਾ ਹੈ ਤਾਂ ਕਿ ਫੇਰ ਦੁਬਾਰਾ ਆਪਣੇ

204 ਤੁਸੀਂ ਹੋਰ ਦੂਜਿਆਂ ਨੂੰ ਵੇਖੋ। ਉਹਨਾਂ ਵਿੱਚੋਂ ਕੁਝ ਤਾਂ ਏਨਾ ਵੀ ਨਹੀਂ ਜਾਣਦੇ ਸਨ ਕਿ ਉਹਨਾਂ ਦਾ ਸੱਜਾ ਜਾਂ ਖੱਬਾ ਹੱਥ ਕਿਹੜਾ ਹੈ। ਅਤੇ-ਅਤੇ, ਔਹ, ਤੁਸੀਂ ਨਬੀਆਂ ਦੇ ਪੁਰਾਣੇ ਯੁੱਗ ਨੂੰ ਵੇਖੋ ਅਤੇ ਵੇਖੋ ਕਿ ਉਹ ਕਿੱਥੋਂ ਆਏ ਸਨ। ਕੀ ਤੁਸੀਂ ਸਮਝ ਗਏ ਮੇਰੇ ਕਹਿਣ ਦਾ ਮਤਲਬ ਕੀ ਹੈ?

205 ਵੇਖੋ, ਉਹ ਹੁਸ਼ਿਆਰ,ਬੁੱਧੀਜੀਵੀ ਅਤੇ ਗਿਆਨਵਾਨ ਹਨ। ਅਤੇ ਇਹ ਗਿਆਨ ਹੀ ਹੈ ਜੋ ਤੁਹਾਨੂੰ ਪਰਮੇਸ਼ੁਰ ਤੋਂ ਦੂਰ ਲੈ ਜਾਂਦਾ ਹੈ।

206 ਉਸਦੇ ਕੋਲ ਤਿੰਨ ਸ਼ਕਤੀਆਂ ਹਨ ਜਾਂ ਉਸਦੇ ਕੋਲ ਤਿੰਨ ਅਧਿਕਾਰ ਖੇਤਰ ਹਨ: ਧਰਤੀ, ਸੁਰਗ ਅਤੇ ਨਰਕ।

207 ਉਹ ਖੁਦ ਤਸਲੀਸ ਹੈ। ਇਸ ਤੋਂ ਹੀ ਉਹ ਬਣਿਆ ਹੋਇਆ ਹੈ। ਅਤੇ ਉਹ ਤਸਲੀਸ ਵਿੱਚ ਘੋੜਸਵਾਰੀ ਕਰਦਾ ਹੈ। ਉਸਦੀ ਸ਼ਕਤੀ ਤਸਲੀਸ ਵਿੱਚ ਹੈ। ਉਸਦਾ ਘੋੜਾ ਵੀ ਤਸਲੀਸ ਅਥਵਾ ਤਿੰਨ ਵਿੱਚ ਹੈ। ਇਹ ਹੀ ਹੈ ਉਹ, ਤਸਲੀਸ ; ਤਸਲੀਸ ਦੀ ਸ਼ਕਤੀ, ਤਸਲੀਸ ਦਾ ਮੁਕਟ, ਤਸਲੀਸ ਦਾ ਘੋੜਾ, ਇਹ ਉਸਦੇ ਕੰਮ ਕਰਨ ਦੇ ਖਿਤਾਬ ਹਨ ; ਫੇਰ ਚਾਰ, ਸਮਝੇਫਿਰ ਚਾਰ। ਠੀਕ ਹੈ।

208 ਉਸਦੀ ਸੇਵਕਾਈ ਦੇ ਤਿੰਨ ਪੜਾਅ ਉਸਨੂੰ ਇੱਕ ਆਦਮੀ ਬਣਾਉਂਦੇ ਹਨ ਜੋ ਕਿ ਸ਼ੈਤਾਨ ਦੇਹਧਾਰੀ ਹੈ। ਉਸਦੀ ਸੇਵਾ ਦੀਆਂ ਤਿੰਨ ਹਾਲਤਾਂ ......ਮਸੀਹ ਵਿਰੋਧੀ, ਝੂਠਾ ਨਬੀ ਅਤੇ ਦਰਿੰਦਾ। ਇਹ ਤਿੰਨ ਨਮੂਨੇ ਦੇ ਤੋਰ ਤੇ ਹੈ, ਹੁਣ ਇਹ ਤਿੰਨ ਨਮੂਨੇ ਹੀ ਉਸਨੂੰ ਬਣਾਉਂਦੇ ਹਨ।

209 ਪ੍ਰਮੇਸ਼ੁਰ, ਪ੍ਰਮੇਸ਼ੁਰ ਖੁਦ ਅਪਣੇ ਆਪਨੂੰ ਪਾਣੀ, ਲਹੂ ਅਤੇ ਆਤਮਾ ਵਿੱਚ ਪ੍ਰਗਟ ਕਰਦਾ ਹੈ ; ਉਹ ਇੱਕ ਮਸੀਹੀ ਨੂੰ ਪਰਮੇਸ਼ੁਰ ਦੇ ਵਚਨ ਦੇ ਦੁਆਰਾ ਪ੍ਰਮੇਸ਼ੁਰ ਦਾ ਪੁੱਤਰ ਬਣਾਉਂਦਾ ਹੈ। ਸਮਝੇ? ਅਤੇ ਉਹ ਤਿੰਨ ਸਕਤੀਆਂ ਉਸਨੂੰ ਸ਼ੈਤਾਨ ਬਣਾਉਂਦੀਆ ਹਨ। ਸਮਝ ਲੱਗੀ? ਔਹ, ਇੱਥੇ ਜਿਹੜਾ ਪਾਣੀ, ਲਹੂ ਅਤੇ ਆਤਮਾ ਹੈ, ਪ੍ਰਮੇਸ਼ੁਰ ਦਾ ਹੈ। ਅਤੇ ਰਾਜਨਿਤੀ, ਧਰਮ ਅਤੇ ਸ਼ੈਤਾਨੀ ਸਕਤੀਆਂ ਮਿਲ ਕੇ ਉਸਨੂੰ ਸ਼ੈਤਾਨ ਬਣਾਉਂਦੀਆਂ ਹਨ।

210 ਮਸੀਹ ਦੀ ਪਹਿਲੀ ਆਮਦ, ਮਰਨਹਾਰ ਸੀ। ਉਹ ਤਿੰਨ ਵਾਰ ਆਉਂਦਾ ਹੈ। ਮਸੀਹ ਤਿੰਨ ਵਿੱਚ ਹੈ। ਸਮਝੇ? (ਧਿਆਨ ਦਿਓ ਕਿ ਉਹ ਕਿਸ ਤਰ੍ਹਾਂ ਆਉਂਦਾ ਹੈ; ਉਹ ਚਾਰ ਵਿੱਚ ਆਉਂਦਾ ਹੈ)ਮਸੀਹ ਵੱਲ ਧਿਆਨ ਦਿਓ, ਉਸਦੀ ਪਹਿਲੀ ਆਮਦ ਨੂੰ ਵੇਖੋ, ਉਹ ਮਰਨਹਾਰ ਵਾਂਗੂੰ ਆਉਂਦਾ ਹੈ ਤਾਂ ਕਿ ਅਪਣਾ ਲਹੂ ਵਹਾ ਕੇ ਮਰੇ। ਕੀ ਇਹ ਠੀਕ ਹੈ? ਇਹ ਉਸਦੀ ਪਹਿਲੀ ਆਮਦ ਸੀ। ਉਸਦੀ ਦੂਸਰੀ ਆਮਦ ਸੁਰਗ ਤੇ ਉਠਾਏ ਜਾਣਾ ਹੈ ;ਜਿਸ ਵਿੱਚ ਅਸੀਂ ਉਸਦੇ ਨਾਲ ਅਕਾਸ਼ ਵਿੱਚ ਮਿਲਾਂਗੇ, ਅਵਿਨਾਸ਼ੀ। ਉਸਦੀ ਤੀਸਰੀ ਆਮਦ ਵਿੱਚ ਉਹ ਦੇਹਧਾਰੀ ਪ੍ਰਮੇਸ਼ੁਰ ਹੈ। ਆਮੀਨ!ਉਸਦੀ [ਭਾਈ ਬਰਾਨਹਾਮ ਆਪਣੇ ਹੱਥਾਂ ਨਾਲ ਇੱਕ ਵਾਰ ਤਾੜੀ ਮਾਰਦੇ ਹਨ-ਸੰਪਾ] ਪ੍ਰਮੇਸ਼ੁਰ ਇਮਾਨੂਏਲ ਧਰਤੀ ਤੇ ਰਾਜ ਕਰਨ ਆਉਂਦਾ ਹੈ। ਇਹ ਸਹੀ ਗੱਲ ਹੈ। ਉਸ ਦੀਆਂ ਸਿਰਫ ਤਿੰਨ ਆਮਦਾਂ ਹਨ।

211 ਹੁਣ ਤੁਸੀਂ ਘੋੜ ਸਵਾਰ ਦੀ ਚੋਥੀ ਹਾਲਤ ਤੇ ਗੋਹ ਕਰੋ। ਇਸ ਘੋੜ ਸਵਾਰ ਦੀ ਚੋਥੀ ਹਾਲਤ ਮੌਤ ਸਦਾਉਂਦੀ ਹੈ। *ਮੌਤ* ਦਾ ਅਰਥ ਹੁੰਦਾ ਹੈ, "ਪ੍ਰਮੇਸ਼ੁਰ ਨਾਲੋਂ ਸਦੀਪਕ ਜੁਦਾਈ। " ਮੌਤ ਦਾ ਅਰਥ ਇਹੋ ਹੀ ਹੁੰਦਾ ਹੈ। ਮੌਤ ਦਾ ਅਰਥ, ਪ੍ਰਮੇਸ਼ੁਰ ਤੋਂ ਹਮੇਸ਼ਾਂ ਲਈ ਜੁਦਾ ਹੋ ਜਾਣਾ ਹੁੰਦਾ ਹੈ।



*ਜਾਂ ਉਸ ਅਜ਼ਗਰ ਨੇ ਡਿੱਠਾ ਭਈ ਮੈਂ ਧਰਤੀ ਉੱਤੇ ਸੁੱਟਿਆ ਗਿਆ ਹਾਂ ਤਾਂ ਉਸ ਇਸਤਰੀ ਦੇ ਮਗਰ ਪਿਆ ਜਿਹੜੀ ਉਹ ਮੁੰਡਾ ਜਣੀ ਸੀ।*

165 ਹੁਣ ਤੁਸੀਂ ਵੇਖਦੇ ਹੋ ਕਿ ਉਸਨੂੰ ਧਰਤੀ ਦੇ ਉੱਤੇ ਸੁੱਟਿਆ ਗਿਆ ਤਾਂ ਉਸਨੇ ਦੇਹਧਾਰ ਲਈ ਸੀ ਜਿਵੇਂ ਮਸੀਹ ਵਿਰੋਧੀ ਆਤਮਾ ਇੱਕ ਮਨੁੱਖ ਵਿੱਚ ਦੇਹਧਾਰੀ ਹੋ ਗਿਆ ਸੀ। ਇਹ ਮਨੁੱਖ ਇੱਕ ਰੂਪ ਤੋਂ ਦੂਸਰੇ ਰੂਪ ਵਿੱਚ ਬਦਲਦਾ ਗਿਆ, ਉਹ ਮਸੀਹ ਵਿਰੋਧੀ ਆਤਮਾ ਤੋਂ ਇੱਕ ਝੂਠੇ ਨਬੀ ਦੇ ਰੂਪ ਵਿੱਚ ਬਦਲ ਗਿਆ ਅਤੇ ਫਿਰ ਦਰਿੰਦਾ ਉਸਦੇ ਅੰਦਰ ਆ ਜਾਂਦਾ ਹੈ।

166 ਬਿਲਕੁੱਲ ਜਿਵੇਂ-ਜਿਵੇਂ ਸੱਚੀ ਕਲੀਸਿਯਾ ਅੱਗੇ ਵੱਧਦੀ ਗਈ ਤੇ ਉਸਦੀ ਕਲੀਸਿਯਾ ਮਸੀਹ ਵਿਰੋਧੀ ਤੋਂ ਵੱਧ ਕੇ ਝੂਠੇ ਨਬੀ ਦੇ ਵੱਲ ਚਲੀ ਗਈ ਅਤੇ ਹੁਣ ਇਸ ਮਹਾਨ ਯੁੱਗ ਵਿੱਚ ਜਿਹੜਾ ਕਿ ਆਉਣਾ ਹੈ, ਦਰਿੰਦੇ ਨੇ ਉੱਠ ਖੜਾ ਹੋਣਾ ਹੈ। ਸੱਚੀ ਕਲੀਸਯਾ ਇਸ ਢੰਗ ਨਾਲ ਧਰਮੀ ਠਹਿਰਾਏ ਜਾਣਾ, ਪਵਿੱਤਰ ਠਹਿਰਾਏ ਜਾਣਾ, ਪਵਿੱਤਰ ਆਤਮਾ ਦੇ ਬਪਤਿਸਮੇ ਦੇ ਰਾਹੀਂ ਆਉਂਦੀ ਹੈ ਅਤੇ ਮਸੀਹ ਲੋਕਾਂ ਦੇ ਵਿੱਚ ਹੁੰਦਾ ਹੋਇਆ ਬਿਲਕੁੱਲ ਠੀਕ ਇਸੇ ਤਰ੍ਹਾਂ ਹੀ ਆਉਂਦਾ ਹੈ। ਅਤੇ ਸ਼ੈਤਾਨ ਨੇ ਇਸਦੇ ਵਿਰੋਧ ਵਿੱਚ ਨਕਲ ਕੀਤੀ ਹੈ ....ਬਲਕਿ ਤੁਸੀਂ ਇਸਦੇ ਨਮੂਨੇ ਨੂੰ ਵੇਖੋ। ਇੱਥੇ ਉਹ ਹੀ ਹੈ। ਇਹ ਉਹ ਹੀ ਹੈ। ਉਸਨੂੰ ਸੁਰਗ ਤੋਂ ਥੱਲੇ ਸੁੱਟ ਦਿੱਤਾ ਗਿਆ ਹੈ।

167 ਹੁਣ ਸਾਨੂੰ ਪ੍ਰਕਾਸ਼ ਦੀ ਪੋਥੀ 13:1ਤੋਂ 8 ਵਿੱਚ ਪਤਾ ਲੱਗਦਾ ਹੈ।

*ਮੈਂ ਸਮੁੰਦਰ ਦੀਆਂ ਰੇਤਾਂ ਉੱਤੇ ਖਲੋਤਾ ਸੀ ਅਤੇ ਮੈਂ ਇੱਕ ਦਰਿੰਦੇ ਨੂੰ ਨਿੱਕਲਦਿਆਂ ਡਿੱਠਾ......*

168 ਹੁਣ ਪ੍ਰਕਾਸ਼ ਪੋਥੀ 12 ਵਿੱਚ ਉਹ ਥੱਲੇ ਸੁੱਟਿਆ ਗਿਆ ਸੀ। ਹੁਣ ਧਿਅਨ ਦਿਓ।

*ਮੈਂ ਇੱਕ ਦਰਿੰਦੇ ਨੂੰ ਸਮੁੰਦਰ ਵਿੱਚੋਂ ਨਿੱਕਲਦਿਆਂ ਡਿੱਠਾ ਜਿਹਦੇ ਦਸ ਸਿੰਙ ਅਤੇ ਸੱਤ ਸਿਰ ਸਨ। ਉਹਦਿਆਂ ਸਿੰਙਾਂ ਉੱਤੇ ਦਸ ਮੁਕਟ ਅਤੇ ਉਹਦਿਆਂ ਸਿਰਾਂ ਉੱਤੇ ਕੁਫਰ ਦੇ ਨਾਉਂ ਸਨ।*

*ਅਤੇ ਜਿਹੜਾ ਦਰਿੰਦਾ ਮੈਂ ਡਿੱਠਾ ਉਹ ਚੀਤੇ ਵਰਗਾ ਸੀ ਅਤੇ ਉਹਦੇ ਪੈਰ ......*

169 ਔਹ, ਕਾਸ਼ ਕਿ ਸਾਡੇ ਕੋਲ ਸਮਾਂ ਹੁੰਦਾ, ਮੈਂ ਬਾਕੀ ਸਾਰੀ ਰਾਤ ਵੀ ਇਹਨਾਂ ਸੰਕੇਤਾਂ ਨੂੰ ਅਧਿਐਨ ਲਈ ਲੈਂਦਾ , ਅਤੇ ਵਿਖਾਉਂਦਾ ਕਿ ਇਹ ਫਿਰ ਸਿੱਧਾ ਉਹਦੀ ਹੀ ਵੱਲ ਆਉਂਦਾ ਹੈ। ਤੁਹਾਡੇ ਵਿੱਚੋਂ ਬਹੁਤ ਸਾਰੇ ਇਸ ਗੱਲ ਨੂੰ ਜਾਣਦੇ ਹਨ ਅਰ ਤੁਸਾਂ ਦੂਸਰਿਆਂ ਸਬਕਾਂ ਵਿੱਚੋਂ ਇਸਦੇ ਬਾਰੇ ਸਿੱਖਿਆ ਹੈ।

*....ਉਹਦੇ ਪੈਰ ਰਿੱਛ ਦੇ ਪੈਰਾਂ ਜਿਹੇ ਸਨ, ਅਤੇ ਉਹਦਾ ਮੂੰਹ ਬਬਰ ਸ਼ੇਰ ਦੇ ਮੂੰਹ ਜਿਹਾ ਸੀ ਅਤੇ ਅਜਗਰ ਨੇ ਆਪਣੀ ਸਮਰੱਥਾ ....ਅਤੇ ਆਪਣੀ ਗੱਦੀ, ਅਤੇ ਵੱਡਾ ਇਖਤਿਆਰ ਉਹਨੂੰ ਦੇ ਦਿੱਤਾ।*

170 ਔਹ !ਦੇਹਧਾਰੀ ਸ਼ੈਤਾਨ !ਸਮਝੇ?

*ਮੈਂ ਉਹਦਿਆਂ ਸਿਰਾਂ ਵਿੱਚੋਂ ਇੱਕ ਨੂੰ ਜਿਵੇਂ ਮੌਤ ਦਾ ਘਾਓ ਲੱਗਾ ਹੋਇਆ ਵੇਖਿਆ ...*

171 ਅਤੇ ਜਿਦਾਂ ਹੀ ਅਸੀਂ ਇਸਨੂੰ ਪੜ੍ਹਦੇ ਹੇਠਾਂ ਨੂੰ ਜਾਂਦੇ ਹਾਂ, ਜੇ ਤੁਸੀਂ ਚਾਹੁੰਦੇ ਹੋ ਤਾਂ ਜਦ ਤੁਹਾਨੂੰ ਮੌਕਾ ਮਿਲੇ ਤਾਂ ਤੁਸੀਂ ਇਸਨੂੰ ਹੋਰ ਥੱਲੇ ਤੱਕ ਪੜ੍ਹ ਸੱਕਦੇ ਹੋ। ਪ੍ਰੰਤੂ ਆਓ ਹੁਣ ਅਸੀਂ ਇਸਦਾ ਇੱਕ ਛੋਟਾ ਜਿਹਾ ਭਾਗ ਹੀ ਪੜ੍ਹਾਂਗੇ।

*ਮੈਂ ਉਹਦਿਆਂ ਸਿਰਾਂ ਵਿੱਚੋਂ ਇੱਕ ਨੂੰ ਜਿਵੇਂ ਮੌਤ ਦਾ ਘਾਓ ਲੱਗਾ ਹੋਇਆ ਵੇਖਿਆ ਅਤੇ ਉਹਦੀ ਕਾਰੀ ਸੱਟ ਚੰਗੀ ਹੋ ਗਈ ਅਤੇ ਸਾਰਾ ਸੰਸਾਰ ਉਸ ਦਰਿੰਦੇ ਦੇ ਪਿੱਛੇ ਹੱਕਾ ਬੱਕਾ ਹੋ ਕੇ ਤੁਰ ਪਿਆ।*

172 ਤੁਸੀਂ ਬਸ ਧਿਆਨ ਦਿਓ !ਤੁਸੀਂ ਕਦੇ ਵੀ ਸਾਮਵਾਦ ਵੱਲ ਗੌਹ ਨਾ ਕਰਨਾ। ਸਾਮਵਾਦ ਕੁਝ ਨਹੀਂ ਬਲਕਣ ਖੁਦਾ ਦੇ ਹੱਥਾਂ ਵਿੱਚ ਇੱਕ ਹਥਿਆਰ ਹੈ ਤਾਂ ਕਿ ਉਹ, " ਲਹੂ ਦਾ ਬਦਲਾ ਲੈਣ," ਵਿੱਚ ਤੁਹਾਡੀ ਮੱਦਦ ਕਰੇ ਜਿਵੇਂ ਕਿ ਕੱਲ ਰਾਤ ਅਸੀਂ ਇਸਨੂੰ ਵੇਖਾਂਗੇ। ਸਮਝੇ?

*ਅਤੇ ਉਹਨਾਂ ਨੇ ਅਜ਼ਗਰ ਨੂੰ ਮੱਥਾ ਟੇਕਿਆ ....*

173 ਇਹ ਅਜ਼ਗਰ ਕੌਣ ਸੀ ? ਸ਼ੈਤਾਨ। ਇਹ ਠੀਕ ਹੈ? "ਲਾਲ ਅਜ਼ਗਰ। " ਠੀਕ ਹੈ।

*ਇਸ ਲਈ ਜੋ ਉਸਨੇ ਦਰਿੰਦੇ ਨੂੰ ਆਪਣਾ ਇਖਤਿਆਰ ਦਿੱਤਾ ਸੀ* ( ਉਸਨੂੰ, ਉਹਦਾ ਇਖਤਿਆਰ ਕਿੱਥੋਂ ਮਿਲਿਆ,ਵੇਖੋ) *ਨਾਲੇ ਉਹਨਾਂ ਨੇ ਉਸ ਦਰਿੰਦੇ ਨੂੰ ਮੱਥਾ ਟੇਕਿਆ ਅਤੇ ਆਖਿਆ ਭਈ ਇਸ ਦਰਿੰਦੇ ਦੇ ਤੁੱਲ ਕੌਣ ਹੈ ਅਤੇ ਕੌਣ ਇਹਦੇ ਨਾਲ ਲੜ ਸੱਕਦਾ ਹੈ?*

*ਵੱਡਾ ਬੋਲ ਬੋਲਣ ਅਤੇ ਕੁਫਰ ਬਕਣ ਵਾਲਾ ਮੂੰਹ ਉਹਨੂੰ ਦਿੱਤਾ ਗਿਆ ਭਈ ਬਤਾਲੀਆਂ ਮਹੀਨਿਆਂ ਤੀਕੁਰ ਆਪਣਾ ਕੰਮ ਕਰੀ ਜਾਵੇ।*

*ਉਹਨੇ ਪ੍ਰਮੇਸ਼ੁਰ ਦੇ ਵਿਰੁੱਧ ਕੁਫਰ ਬਕਣ ਨੂੰ ਆਪਣਾ ਮੂੰਹ ਖੋਲ੍ਹਿਆ* ( ਇਹ ਹੋਈ ਨਾ ਗੱਲ, ਵੇਖਿਆ, ਠੀਕ ਹੈ) *ਉਸਦੇ ਨਾਮ ਅਤੇ* (ਉਹਨੂੰ ਅਹੁਦਾ ਦਿੱਤਾ ਗਿਆ) *ਉਹਦੇ ਡੇਰੇ ਉੱਤੇ* (ਜੋ ਕਿ ਪਵਿੱਤਰ ਆਤਮਾ ਦੇ ਰਹਿਣ ਦਾ ਸਥਾਨ ਹੈ)......

174 ਆਪਣੇ ਲਈ ਰੋਮ ਵਿੱਚ,ਵੈਟੀਕਨ ਸਿਟੀ ਵਿੱਚ ਸਥਾਨ ਬਣਾਏ। ਤੁਸੀਂ ਹੋਰ ਅਗਾਂਹ ਤੱਕ ਪੜ੍ਹ ਸੱਕਦੇ ਹੋ:

*......ਉਹ ਜਿਹੜੇ ਸੁਰਗ ਵਿਚ ਵੱਸਦੇ ਹਨ।*

175 ਉਹਨਾਂ ਉਤਿ ਇਹ ਆਖਦੇ ਹੋਏ ਕੁਫਰ ਬਕਿਆ ਕਿ ਉਹ ਵਿਚੋਲੇ ਹਨ।

*ਅਤੇ ਉਹਨੂੰ ਦਿੱਤਾ ਗਿਆ ਭਈ ਸੰਤਾਂ ਨਾਲ ਯੁੱਧ ਕਰੇ* (ਅਤੇ ਉਹਨੇ ਕੀਤਾ) *ਅਤੇ ਉਹਨਾਂ ਨੂੰ ਜਿੱਤ ਲਵੇ,* ( ਉਹਨੇ ਕੀਤਾ):......

176 ਰੁੱਖਾਂ ਦੇ ਨਾਲ ਬੰਨ੍ਹ ਕੇ ਉਹਨਾਂ ਨੂੰ ਜਲਾ ਦਿੱਤਾ ਗਿਆ। ਸ਼ੇਰਾਂ ਨੂੰ ਖੁਆ ਦਿੱਤਾ ਗਿਆ। ਅਤੇ ਜਿਵੇਂ ਵੀ ਉਹ ਉਹਨਾਂ ਨੂੰ ਮਾਰ ਸੱਕਦਾ ਸੀ ਉਸਨੇ ਉਹਨਾਂ ਨੂੰ ਮਾਰਿਆ।



ਕਿਉਂਕਿ ਉਸਦੇ ਕੋਲ ਰਾਜਨਿਤਕ ਸ਼ਕਤੀ ਹੈ ਜੋ ਕਿ ਉਸ ਦੀਆਂ ਰਾਸ਼ਟਰੀ ਸਕਤੀਆਂ ਹਨ,ਉਸਦੇ ਕੋਲ ਧਾਰਮਿਕ ਸ਼ਕਤੀਆਂ ਹਨ ਜੋ ਕਿ ਸ਼ੈਤਾਨੀ ਸ਼ਕਤੀਆਂ ਹਨ। ਜਦ ਉਹ ਕੁੱਲੇ ਘੋੜੇ ਤੇ ਹੈ ਤਾਂ ਉਸਦੇ ਕੋਲ ਸਾਰੇ ਤਰ੍ਹਾਂ ਦੀਆਂ ਮਿਲੀਆਂ-ਜੁਲੀਆਂ ਸ਼ਕਤੀਆਂ ਹਨ। ਉਸਦੇ ਕੋਲ ਸਾਰੀ ਤਰ੍ਹਾਂ ਦੀਆਂ ਸ਼ਕਤੀਆਂ ਹਨ।

198 ਪ੍ਰੰਤੂ ਜਦ ਯਿਸੂ ਮਸੀਹ ਆਉਂਦਾ ਹੈ, ਉਹ ਤਾਂ ਇੱਕ ਠੋਸ ਰੰਗ ਦੇ ਘੋੜੇ ਤੇ ਜੋ ਕਿ ਵਚਨ ਹੈ ਆਵੇਗਾ। ਆਮੀਨ !

199 ਇਹ ਕੁੱਲਾ ਰੰਗ, ਲਾਲ, ਕਾਲਾ, ਚਿੱਟਾ ;ਰੰਗਾਂ ਦੇ ਮਿਸ਼ਰਣ ਨਾਲ ਬਣਿਆ ਹੈ, ਇਸ ਇੱਕ ਹੀ ਰੰਗ ਵਿੱਚ ਤਿੰਨ ਰੰਗ ਸ਼ਾਮਿਲ ਹਨ, ਤਿੰਨ ਰੰਗ ਇੱਕ ਹੀ ਰੰਗ ਵਿੱਚ ਦਰਸਾਏ ਗਏ ਹਨ। ਅਤੇ ਤਿੰਨੇ ਸ਼ਕਤੀਆਂ ਇੱਕ ਵਿੱਚ ਹੀ ਦਰਸਾਈਆਂ ਗਈਆਂ ਹਨ, ਚਿੱਟਾ ਘੋੜਾ, ਕਾਲਾ ਘੋੜਾ, ਅਤੇ ਲਾਲ ਘੋੜਾ। ਅਤੇ ਤਿੰਨ ਮੁਕਟ ਇੱਕ ਵਿੱਚ ਹੀ ਹਨ। ਸਮਝੇ? ਯਕੀਨਨ ਇਸੇ ਤਰ੍ਹਾਂ ਹੀ ਹੈ।

200 ਔਹ, ਮੈਂ ਆਪ ਉਸ ਮੁਕਟ ਦੇ ਲਾਗੇ ਖੜਾ ਹੋ ਕੇ ਬੜੇ ਧਿਆਨ ਨਾਲ ਵੇਖਿਆ ਹੈ ;ਮੈਂ ਉਸ ਮੁਕਟ ਨੂੰ ਵੇਖਿਆ ਹੈ। ਕਿਉਂਕਿ ਉਹ ਮੁਕਟ ਸ਼ੀਸ਼ੇ ਦੇ ਫਰੇਮ ਦੇ ਅੰਦਰ ਰੱਖਿਆ ਹੋਇਆ ਸੀ, ਮੈਂ ਉਸਨੂੰ ਫੜ ਨਹੀਂ ਸਕਿਆ। ਉੱਥੇ ਉਸ ਫਰੇਮ ਦੇ ਉੱਤੇ ਇੱਕ ਵੱਡਾ ਸਾਰਾ ਤਾਲਾ ਲੱਗਾ ਹੋਇਆ ਸੀ: ਅਤੇ ਉਹ ਤਿੰਨ ਨੁਕਰਾ ਮੁਕਟ ਇੱਕ ਫਰੇਮ ਵਿੱਚ ਰੱਖਿਆ ਹੋਇਆ ਸੀ। ਇਸ ਲਈ ਮੈਂ ਜਾਣਦਾ ਹਾਂ ਕਿ ਇਹ ਸੱਚ ਹੈ। ਅਹ-ਹਹਹ। ਅਤੇ ਉੱਥੇ ਉਹ ਤਿੰਨ ਨੁਕਰਾ ਮੁਕਟ ਪਿਆ ਹੋਇਆ ਸੀ : ਸੁਰਗ, ਧਰਤੀ, ਅਤੇ ਪੁਰਗੇਟਰੀ ਦੇ ਵਿਕਾਰ ਦੇ ਰੂਪ ਵਿੱਚ।

201 ਤਿੰਨ ਤਰ੍ਹਾਂ ਦੀਆਂ ਸ਼ਕਤੀਆਂ ਇੱਕ ਥਾਂ ਮਿਲੀਆਂ ਹੋਈਆਂ ਹਨ, ਸੱਭ ਇੱਕ ਰੰਗ ਵਿੱਚ ਮਿਲ ਗਈਆਂ ਜੋ ਕਿ ਕੁੱਲਾ ਰੰਗ ਸੀ। ਇਸ ਸਾਰੀ ਚੀਜ਼ ਦੇ ਅੰਦਰ ਮੌਤ ਬੋਲਦੀ ਸੀ, ਰਾਜਨਿਤਕ,ਧਾਰਮਿਕ ਅਤੇ ਸ਼ੈਤਾਨੀ ਸ਼ਕਤੀਆਂ ਇੱਕ ਥਾਂ ਮਿਲ ਗਈਆਂ। ਰਾਜਨਿਤੀ, ਉਹ, ਸ਼ੈਤਾਨ ਰਾਜਨਿਤੀ ਦਾ ਰਾਜਾ ਹੈ। ਚਲਾਕ! ਹਾਂ !ਬਿਲਕੁੱਲ ਉਹ ਇਸੇ ਤਰ੍ਹਾਂ ਹੀ ਹੈ। ਤੁਸੀਂ ਉਸਦੇ ਨਾਲ ਚਲਾਕੀ ਕਰਨ ਦੀ ਕੋਸ਼ਿਸ਼ ਨਾ ਕਰਨਾ। ਬਸ ਪ੍ਰਭੂ ਤੇ ਨਿਹਚਾ ਰੱਖੋ। ਬਸ ਇਹ ਹੀ ਕਰੋ।

202 ਜਿਵੇਂ ਕਿ ਅਸੀਂ ਪਹਿਲਾਂ ਹੀ ਇਸਦਾ ਅਧਿਐਨ ਕਰ ਚੁੱਕੇ ਹਾਂ। ਸਾਰੀ ਹੁਸ਼ਿਆਰੀ, ਅਤੇ ਪੜ੍ਹਾਈਆਂ ਲਿਖਾਈਆਂ ਅਤੇ ਇਸੇ ਤਰ੍ਹਾਂ ਦੀਆਂ ਦੂਜੀਆਂ ਗੱਲਾਂ ਗਲਤ ਪਾਸੇ ਤੋਂ ਆਉਂਦੀਆਂ ਹਨ। ਤੁਸੀਂ ਇਨ੍ਹਾਂ ਗੱਲਾਂ ਨੂੰ ਵਚਨ ਦੇ ਵਿੱਚ ਵੇਖੋ ਤਦ ਤੁਹਾਨੂੰ ਪਤਾ ਲੱਗ ਜਾਵੇਗਾ ਕਿ ਇਹ ਸੱਚ ਹੈ ਜਾਂ ਨਹੀਂ। ਕਾਇਨ ਦੀ ਸੰਤਾਨ ਨੂੰ ਵੇਖੋ ਕੀ ਉਹ ਕੀ ਸਨ। ਤੁਸੀਂ ਸੇਥ ਦੀ ਸੰਤਾਨ ਨੂੰ ਵੇਖੋ ਕਿ ਉਹ ਕੀ ਸਨ। ਜੀ ਨਹੀਂ, ਮੈਂ ਅਗਿਆਨਤਾ ਦਾ ਬਿਲਕੁੱਲ ਵੀ ਸਾਥ ਨਹੀਂ ਦੇ ਰਿਹਾਂ ਹਾਂ। ਤੁਸੀਂ ਬਾਈਬਲ ਵਿੱਚੋਂ ਕਿਸੇ ਵੀ ਮਨੁੱਖ ਨੂੰ ਲੈ ਕੇ ਵੇਖ ਸੱਕਦੇ ਹੋ .......

203 ਅਤੇ ਬਾਈਬਲ ਵਿੱਚ ਇੱਕ ਪੌਲੂਸ ਨਾਮ ਦਾ ਆਦਮੀ ਹੈ, ਜੋ ਕਿ ਬੜਾ ਹੀ ਹੁਸ਼ਿਆਰ ਆਦਮੀ ਸੀ, ਅਤੇ ਉਸਨੇ ਕਿਹਾ ਸੀ ਮਸੀਹ ਨੂੰ ਜਾਨਣ ਲਈ ਉਸਨੂੰ ਆਪਣੀਆਂ ਉਹ ਸੱਭ ਗੱਲਾਂ ਭੁਲਾਉਣੀਆਂ ਪਈਆਂ ਜਿਹੜੀਆਂ ਉਹ ਜਾਣਦਾ ਸੀ। ਉਸਨੇ ਕਿਹਾ, "ਮੈਂ ਕਦੇ ਵੀ ਮਨੁੱਖਾਂ ਦੀ ਚਤੁਰਾਈ ਦੇ ਲੁਭਾਉਣ ਵਾਲੇ ਸ਼ਬਦਾਂ ਦੇ ਨਾਲ ਨਹੀਂ ਆਇਆ, ਪਰ ਮੈਂ ਤੁਹਾਡੇ ਕੋਲ ਮਸੀਹ ਦੇ ਜੀ ਉੱਠਣ ਦੀ ਸਮਰੱਥਾ ਨਾਲ ਆਇਆ ਹਾਂ। " ਇਹ ਠੀਕ ਹੈ। ਪਵਿੱਤਰ ਆਤਮਾ ਦੀ ਸਮਰੱਥਾ।

192 ਧਿਆਨ ਦਿਓ, ਸ਼ੈਤਾਨ ਪੂਰੀ ਤਰ੍ਹਾਂ ਅਪਣੇ ਸਿੰਘਾਸਣ ਤੇ ਹੈ। ਜੀ ਹਾਂ। ਉਸਨੇ ਇਹਨੂੰ ਪ੍ਰਮੇਸ਼ੁਰ ਨੂੰ ਪੇਸ਼ ਕੀਤਾ, ਉਸਨੇ ਇਹਨੂੰ ਸਾਡੇ ਪ੍ਰਭੂ ਦੇ ਅੱਗੇ ਪੇਸ਼ ਕੀਤਾ ਸੀ। ਅਤੇ ਇੱਥੇ ਉਹ ਇਸ ਦਰਿੰਦੇ ਦੇ ਮਨ ਦੇ ਨਾਲ ਬੈਠਾ ਹੋਇਆ ਹੈ। ਹੁਣ, ਇਹ ਆਦਮੀ, ਇਹ ਦਰਿੰਦਾ ਸ਼ੈਤਾਨ ਦਾ ਦੇਹਧਾਰੀ ਰੂਪ ਹੈ। ਉਹ ਆਪਣੇ ਆਪ ਨੂੰ ਧਰਤੀ ਉੱਤੇ ਛਲ ਕਪਟ ਦੇ ਨਾਲ ਵਿਖਾ ਰਿਹਾ ਹੈ। ਹੇ ਮੇਰੇ ਖੁਦਾ! ਉਹ ਸੱਚੇ ਵਚਨ ਵਿੱਚ ਕਪਟ ਦੇ ਨਾਲ ਆਪਣੇ ਆਪ ਨੂੰ ਵਚਨ ਦੇ ਨਾਲ ਜੋੜਦਾ ਹੈ।

193 ਉਸਨੇ ਬਿਲਕੁੱਲ ਉਹ ਹੀ ਕੰਮ ਕੀਤਾ ਹੈ ਜੋ ਉਸਦੇ ਨਮੂਨੇ ਨੇ ਦੋ ਹਜ਼ਾਰ ਸਾਲ ਪਹਿਲਾਂ ਕੀਤਾ ਸੀ, ਉਸਦਾ ਨਮੂਨਾ ਯਹੂਦਾ ਸੀ। ਉਸਨੇ ਕੀ ਕੀਤਾ ਸੀ? ਯਹੂਦਾ ਸ਼ੁਰੂ ਤੋਂ ਹੀ ਸ਼ੈਤਾਨ ਸੀ ਤੇ ਉਹ ਵਿਸ਼ਵਾਸ਼ੀ ਦੇ ਵਾਂਗ ਅੰਦਰ ਆ ਗਿਆ। "ਉਹ ਤਾਂ ਵਿਨਾਸ਼ ਦਾ ਪੁੱਤਰ ਹੀ ਪੈਦਾ ਹੋਇਆ ਸੀ। " ਯਿਸੂ ਮਸੀਹ ਨੇ ਉਸਨੂੰ ਕੁਝ ਨਹੀਂ ਆਖਿਆ ਕਿਉਂਕਿ ਉਹ ਤਾਂ ਉਸਨੂੰ ਅਰੰਭ ਤੋਂ ਹੀ ਜਾਣਦਾ ਸੀ; ਆਮੀਨ, ਕਿਉਂਕਿ ਯਿਸੂ ਵਚਨ ਸੀ। ਠੀਕ ਹੈ। ਯਾਦ ਰੱਖੋ, ਯਹੂਦਾ ਨੇ ਖਜਾਨਚੀ ਦਾ ਸਥਾਨ ਲਿਆ ਸੀ ਅਤੇ ਉਹ ਪੈਸੇ ਦੇ ਦੁਆਰਾ ਡਿੱਗ ਗਿਆ।

194 ਬਿਲਕੁੱਲ ਇਹੋ ਹੀ ਅੱਜ ਦੀ ਕਲੀਸਿਯਾ ਨੇ ਕੀਤਾ ਹੈ। ਜਿਵੇਂ ਕਿ ਅਸੀਂ ਕੱਲ ਰਾਤ ਧਿਆਨ ਦਿੱਤਾ ਸੀ, ਕੈਥੋਲਿਕ ਗਿਰਜਾ ਨੋਵੀਨਾ ਅਥਵਾ ਨਰਕ ਵਿੱਚੋਂ ਬਾਹਰ ਕੱਢਣ ਲਈ ਪੈਸੇ ਲੈਂਦਾ ਹੈ ਦੁਆਵਾਂ ਕਰਾਉਣ ਲਈ ਪੈਸੇ ਲੈਂਦਾ ਹੈ, ਅਤੇ ਸੱਭ ਕਾਸੇ ਦੇ ਲਈ ਪੈਸੇ ਲੈਂਦੇ ਹਨ। ਅਤੇ ਇਸੇ ਤਰ੍ਹਾਂ ਹੀ ਕੈਥੋਲਿਕ ਦੀਆਂ ਧੀਆਂ ਅਰਥਾਤ ਪ੍ਰੋਟੈਸਟੈਂਟ ਕਰਦੇ ਹਨ। ਸਾਰਾ ਕੁਝ ਪੂਰੀ ਤਰ੍ਹਾਂ ਦੇ ਨਾਲ ਪੈਸੇ ਦੇ ਨਾਲ ਹੀ ਜੁੜਿਆ ਹੈ। ਇਹੋ ਹੀ ਕਾਰਨ ਸੀ ਕਿ ਯਹੂਦਾ ਡਿੱਗਿਆ ਸੀ ਇਹ ਹੀ ਸੀ ਜਿਹਦੇ ਲਈ ਉਹ ਡਿੱਗ ਗਿਆ ਸੀ, ਇਹ ਹੀ ਹੈ ਜਿਹਦੇ ਲਈ ਪ੍ਰੋਟੈਸਟੈਂਟ ਡਿੱਗੇ ਹਨ।

195 ਧਿਆਨ ਕਰੋ, ਇਸ ਕੁੱਲੇ ਘੋੜੇ ਦੇ ਸਵਾਰ ਤੇ, ਆਖਰੀ ਸਵਾਰੀ ਉਹ ਇਸ ਕੁੱਲੇ ਘੋੜੇ ਤੇ ਕਰਦਾ ਹੈ। ਇਹ ਆਖਰੀ ਸਵਾਰ ਹੈ। ਹੁਣ, ਇਹ ਸਾਡੇ ਸਮੇਂ ਵਿੱਚ ਨਹੀਂ ਹੈ। ਇਹ ਤਾਂ ਬਾਦ ਵਿੱਚ ਹੋਵੇਗਾ। ਇਹ ਤਾਂ ਮੋਹਰ ਹੈ ਜੋ ਕਿ ਪਹਿਲਾਂ ਦੱਸੀ ਗਈ ਹੈ। ਵੇਖੋ ਇਹ ਤਦ ਹੁੰਦਾ ਹੈ ਜਦ ਕਲੀਸਿਯਾ ਉੱਪਰ ਜਾ ਚੁੱਕੀ ਹੁੰਦੀ ਹੈ। ਜਦ ਮਸੀਹ ਇੱਥੇ ਧਰਤੀ ਤੇ ਇਸ ਤਰ੍ਹਾਂ ਆਉਂਦਾ ਹੈ ......ਇਹ ਵਿਅਕਤੀ ਵੀ ਵਿਖਾਲੀ ਦਿੰਦਾ ਹੈ ਅਤੇ ਉਹ ਪੂਰੀ ਤਰ੍ਹਾਂ ਦੇ ਨਾਲ ਸ਼ੈਤਾਨ ਬਣ ਜਾਂਦਾ ਹੈ ;ਸ਼ੈਤਾਨ ਮਸੀਹ ਵਿਰੋਧੀ ਤੋਂ ਜੋ ਕਿ ਉਹ ਹਮੇਸ਼ਾਂ ਹੀ ਰਿਹਾ ਹੈ ਝੂਠਾ ਨਬੀ ਅਤੇ ਝੂਠੇ ਨਬੀ ਤੋਂ ਦਰਿੰਦੇ ਵਿੱਚ ਬਦਲ ਜਾਂਦਾ ਹੈ-ਫਿਰ ਉਹ ਦਰਿੰਦਾ ਬਣ ਜਾਂਦਾ ਹੈ। ਅਤੇ ਉਹ ਕੁੱਲੇ ਘੋੜੇ ਤੇ ਸਵਾਰ ਹੈ, ਉਹ ਸੱਭ ਤਰ੍ਹਾਂ ਦੇ ਰੰਗਾਂ ਨੂੰ ਮਿਲਾ ਕੇ ਬਣਿਆ ਹੈ, ਉਸ ਘੋੜੇ ਨੂੰ ਸਾਰੇ ਤਰ੍ਹਾਂ ਦੇ ਰੰਗਾਂ ਨਾਲ ਮਿਲਾਉਣ ਨਾਲ ਕੁੱਲਾ ਰੰਗ, ਅਤੇ ਮੌਤ ਬਣਾਇਆ ਗਿਆ ਹੈ।

196 ਪ੍ਰੰਤੂ ਜਦ ਸਾਡਾ ਪ੍ਰਭੂ ਇੱਥੇ ਧਰਤੀ ਤੇ ਵਿਖਾਈ ਦਿੰਦਾ ਹੈ ਤਾਂ ਉਹ ਬਰਫ ਵਰਗੇ ਚਿੱਟੇ ਘੋੜੇ ਤੇ ਸਵਾਰ ਹੋਵੇਗਾ। ਅਤੇ ਉਹ ਸੰਪੂਰਣ ਤੌਰ ਤੇ ਇਮਾਨੂੰਏਲ ਹੋਵੇਗਾ, ਖੁਦਾ ਦਾ ਵਚਨ ਇੱਕ ਮਨੁੱਖ ਦੇ ਵਿੱਚ ਦੇਹ ਧਾਰਿਆ ਹੋਵੇਗਾ। ਸਮਝੇ? ਉਹਨਾਂ ਵਿੱਚ ਕਿੰਨੀਆਂ ਭਿੰਨਤਾਵਾਂ ਹਨ। ਇਹ ਉਹਨਾਂ ਦਾ ਫਰਕ ਹੈ।

197 ਧਿਆਨ ਕਰੋ, ਮਸੀਹ ਵਿਰੋਧੀ ਕੁੱਲੇ ਘੋੜੇ ਤੇ ਅਰਥਾਤ ਮਿਲੇ ਜੁਲੇ ਰੰਗਾਂ ਦੇ ਘੋੜੇ ਤੇ ਸਵਾਰ ਹੈ। ਘੋੜਾ ਪਸ਼ੂ ਹੈ ਜੋ ਸ਼ਕਤੀ ਨੂੰ ਦਰਸਾਉਂਦਾ ਹੈ। ਉਸਦੀ ਸ਼ਕਤੀ ਮਿਲੀ ਜੁਲੀ ਸ਼ਕਤੀ ਹੈ। ਕਿਉਂ?



*.....ਅਤੇ ਹਰੇਕ ਉੱਮਤ, ਗੋਤ, ਭਾਖਿਆ ਅਤੇ ਕੌਮ ਉੱਤੇ ਉਹਨੂੰ ਇਖਤਿਆਰ ਦਿੱਤਾ ਗਿਆ।*

177 ਰੋਮ ਵਿੱਚ ਇਹ ਤਦ ਤੱਕ ਕਦੇ ਵੀ ਨਾ ਹੋਇਆ ਜਦ ਤੱਕ ਕਿ ਮੂਰਤੀ ਪੂਜਕ ਰੋਮ ਪੋਪਸ਼ਾਹੀ ਰੋਮ ਨਾ ਬਣ ਗਿਆ। ਅਤੇ ਫਿਰ ਰੋਮਨ ਕੈਥੋਲਿਕ ਦੀ ਸ਼ਕਤੀ ਸਾਰੇ ਸੰਸਾਰ ਵਿੱਚ ਫੈਲ ਗਈ ਅਤੇ ਤਦ ਉਨ੍ਹਾਂ ਨੇ ਵਿਸ਼ਵ ਵਿਆਪੀ ਰੋਮਨ ਕੈਥੋਲਿਕ ਗਿਰਜਾ ਬਣਾ ਦਿੱਤਾ।

*ਅਤੇ ਧਰਤੀ ਦੇ ਸੱਭੇ ਵਾਸੀ ਉਹਨੂੰ ਮੱਥਾ ਟੇਕਣਗੇ ਅਰਥਾਤ ਉਹ ਜਿਹਦਾ ਨਾਮ ਉਸ ਲੇਲੇ ਦੀ ਪੋਥੀ ਵਿੱਚ ਨਹੀਂ ਸੀ ਲਿਖਿਆ .....*

178 "ਮੇਰੇ ਤੇਲ ਅਤੇ ਦਾਖਰਸ ਦਾ ਵਿਗਾੜ ਨਾ ਕਰੀਂ। "ਸਮਝੇ?

*ਅਤੇ ਧਰਤੀ ਦੇ ਸੱਭੇ ਵਾਸੀ ਉਹਨੂੰ ਮੱਥਾ ਟੇਕਣਗੇ ਅਰਥਾਤ ਉਹ ਜਿਹਦਾ ਨਾਮ ਉਸ ਲੇਲੇ ਦੀ ਜਿਹੜਾ ਕੋਹਿਆ ਗਿਆ ਸੀ ਜੀਵਨ ਦੀ ਪੋਥੀ ਵਿੱਚ ਜਗਤ ਦੇ ਮੁੱਢੋਂ ਹੀ ਨਹੀਂ ਸੀ ਲਿਖਿਆ ਗਿਆ।*

*ਜੇ ਕਿਸੇ ਦੇ ਕੰਨ ਹੋਣ ਤਾਂ ਸੁਣੇ। ਜੇ ਕਿਸੇ ਨੇ ਅਸੀਰੀ ਵਿੱਚ ਜਾਣਾ ਹੋਵੇ ਤਾਂ ਉਹ ਅਸੀਰੀ ਵਿੱਚ ਜਾਵੇਗਾ, ਜੇ ਕੋਈ ਤਲਵਾਰ ਨਾਲ ਵੱਢੇ ਤਾਂ ਜਰੂਰ ਹੈ ਭਈ ਉਹ ਤਲਵਾਰ ਨਾਲ ਵੱਢਿਆ ਜਾਵੇ। ਏਹ ਸੰਤਾਂ ਦੇ ਸਬਰ ਅਤੇ ਨਿਹਚਾ ਦਾ ਮੌਕਾ ਹੈ।*

179 ਹੁਣ, ਕੱਲ ਰਾਤ ਅਸੀਂ ਉਸਨੂੰ ਉਸਦੀ ਵੱਡੀ ਸਾਰੀ ਤਲਵਾਰ ਦੇ ਨਾਲ, ਜੋ ਕਿ ਮਾਰ ਘੱਤਣ ਲਈ ਸੀ ਵੇਖਿਆ।

180 ਅਸੀਂ ਵੇਖਿਆ ਸੀ ਕਿ ਉਹ ਵੀ ਤਲਵਾਰ ਦੇ ਨਾਲ ਹੀ, ਵਚਨ ਦੀ ਤਲਵਾਰ ਦੇ ਨਾਲ ਮਾਰਿਆ ਜਾਵੇਗਾ। ਪ੍ਰਮੇਸ਼ੁਰ ਦਾ ਵਚਨ ਜੋ ਕਿ ਦੋ ਧਾਰੀ ਤਲਵਾਰ ਨਾਲੋਂ ਵੀ ਚੋਖਾ ਤੇਜ ਹੈ ਉਸਨੂੰ ਮਾਰਦਾ ਹੈ, ਉਸਨੂੰ ਥੱਲੇ ਸੁੱਟਦਾ ਹੈ। ਉਹਨਾਂ ਸੱਤਾਂ ਗਰਜ਼ਾਂ ਦੇ ਅਵਾਜ਼ ਦੇਣ ਤੱਕ ਇੰਤਜ਼ਾਰ ਕਰੋ, ਉਸ ਗਰੁੱਪ ਦਾ ਜਿਹੜਾ ਕਿ ਸੱਚਮੁੱਚ ਪ੍ਰਮੇਸ਼ੁਰ ਦਾ ਵਚਨ ਲੈ ਕੇ ਤੇ ਇਸਨੂੰ ਵਰਤ ਸੱਕਦਾ ਹੈ, ਇਹ ਤਾਂ ਵੱਢ ਦੇਵੇਗਾ ਅਤੇ ਟੁਕੜੇ-ਟੁਕੜੇ ਕਰ ਦੇਵੇਗਾ। ਉਹ ਅਕਾਸ਼ਾਂ ਨੂੰ ਬੰਦ ਕਰ ਸੱਕਦੇ ਹਨ। ਉਹ *ਇਹਨੂੰ* ਜਾਂ *ਉਹਨੂੰ* ਬੰਦ ਕਰ ਸੱਕਦੇ ਹਨ, ਉਹ ਜੋ ਚਾਹੁਣ ਕਰ ਸੱਕਦੇ ਹਨ। ਮਹਿਮਾਂ ਹੋਵੇ !ਉਹ ਤਾਂ ਉਸ ਵਚਨ ਦੇ ਨਾਲ ਜੋ ਉਸਦੇ ਮੂੰਹ ਵਿੱਚੋਂ ਨਿੱਕਲਦਾ ਹੈ, ਜੋ ਦੋਧਾਰੀ ਤਲਵਾਰ ਨਾਲੋਂ ਵੀ ਜ਼ਿਆਦਾ ਤਿੱਖਾ ਹੈ, ਮਾਰਿਆ ਜਾਵੇਗਾ। ਅਗਰ ਉਹ ਚਾਹੁਣ ਤਾਂ ਸੈਂਕੜੇ ਅਰਬਾਂ ਟਨ ਮੱਖੀਆਂ ਬੁਲਾ ਸੱਕਦੇ ਹਨ। ਆਮੀਨ। ਜੋ ਕੁਝ ਵੀ ਉਹ ਕਹਿੰਦੇ ਹਨ, ਉਹ ਹੋ ਜਾਵੇਗਾ, ਕਿਉਂਕਿ ਇਹ ਪ੍ਰਮੇਸ਼ੁਰ ਦਾ ਵਚਨ ਹੈ ਜਿਹੜਾ ਉਸਦੇ ਮੂੰਹ ਵਿੱਚੋਂ ਨਿੱਕਲ ਰਿਹਾ ਹੈ। ਹਾਂ ਜੀ। ਅਮੀਨ। ਵਚਨ ਹਮੇਸ਼ਾਂ ਪ੍ਰਮੇਸ਼ੁਰ ਦਾ ਹੈ, ਪ੍ਰੰਤੂ ਉਹ ਹਮੇਸ਼ਾਂ ਮਨੁੱਖ ਨੂੰ ਵਰਤਦਾ ਹੈ ਕਿ ਉਹਦੇ ਰਾਹੀਂ ਕੰਮ ਕਰੇ।

181 ਪ੍ਰਮੇਸ਼ੁਰ ਉੱਥੇ ਮਿਸਰ ਵਿੱਚ ਉਹਨਾਂ ਲਈ ਮੱਖੀਆਂ ਨੂੰ ਬੁਲਾ ਸੱਕਦਾ ਸੀ, ਪਰ ਉਸਨੇ ਕਿਹਾ," ਮੂਸਾ ਇਹ ਤੇਰਾ ਕੰਮ ਹੈ। ਮੈਂ ਤਾਂ ਬਸ ਤੈਨੂੰ ਦੱਸਾਂਗਾ ਕਿ ਕੀ ਕਰਨਾ ਹੈ ਤੂੰ ਜਾ ਅਤੇ ਇਹਨੂੰ ਕਰ। " ਉਸਨੇ ਇਹਨੂੰ ਪੂਰੀ ਤਰ੍ਹਾਂ ਦੇ ਨਾਲ ਜਾ ਕੇ ਕੀਤਾ। ਵੇਖਿਆ? ਉਹ ਮੱਖੀਆਂ ਨੂੰ ਸੱਦਣ ਲਈ ਸੂਰਜ ਨੂੰ ਚੁਣ ਸੱਕਦਾ ਸੀ, ਉਹ ਉਹਨਾਂ ਨੂੰ ਬੁਲਾਉਣ ਲਈ ਚੰਦ ਨੂੰ ਚੁਣ ਸੱਕਦਾ ਸੀ, ਉਹ ਉਹਨਾਂ

ਨੂੰ ਬੁਲਾਉਣ ਲਈ ਹਵਾ ਨੂੰ ਚੁਣ ਸੱਕਦਾ ਸੀ, ਪ੍ਰੰਤੂ ਉਸਨੇ ਇਸ ਕੰਮ ਦੇ ਲਈ ਆਪਣੇ ਆਦਮੀ ਨੂੰ ਚੁਣਿਆ। ਪਰ ਉਸਨੇ ਕਿਹਾ "ਮੂਸਾ। " ਉਹ,ਉਹ ....ਉਸਨੇ ਤਾਂ ਮੂਸਾ ਦਾ ਨਾਮ ਚੁਣਿਆ। ਠੀਕ ਹੈ।

182 ਹੁਣ ਅਸੀਂ ਇੱਥੇ ਵੇਖਦੇ ਹਾਂ ਕਿ ਜਦ ਇਸ ਸ਼ੈਤਾਨ ਨੂੰ ਸੁਰਗ ਤੋਂ ਥੱਲੇ ਧਰਤੀ ਤੇ ਸੁੱਟ ਦਿੱਤਾ ਗਿਆ ਤਾਂ ਉਸਨੇ ਦਰਿੰਦੇ ਵਿੱਚ ਦੇਹਧਾਰ ਲਈ। ਹੁਣ ਉਹ ਦਰਿੰਦਾ ਹੈ ; ਉਹ ਮਸੀਹ ਵਿਰੋਧੀ ਹੈ,ਝੂਠਾ ਨਬੀ ਹੈ ਅਤੇ ਹੁਣ ਇੱਕ ਦਰਿੰਦਾ ਜਾਂ ਪਸ਼ੂ ਹੈ। ਅਤੇ ਉਹਨੂੰ ਇੱਕ ਨਾਮ ਦਿੱਤਾ ਗਿਆ ਹੈ ਜੋ ਮੌਤ ਸਦਾਉਂਦਾ ਹੈ !ਅਤੇ ਪਤਾਲ ਉਹਦੇ ਮਗਰ-ਮਗਰ ਚੱਲਿਆ ਆਉਂਦਾ ਹੈ !ਸ਼ੈਤਾਨ ਪੂਰੀ ਤਰ੍ਹਾਂ ਦੇ ਨਾਲ ਆਪਣੇ ਸਿੰਘਾਸਣ ਤੇ ਬੈਠਾ ਹੋਇਆ ਹੈ !ਹੇ ਮੇਰੇ ਖੁਦਾ !ਧਰਤੀ ਉੱਤੇ ਉਹ ਸ਼ੈਤਾਨ ਹੈ, ਧਰਤੀ ਉੱਤੇ ਉਹ ਪ੍ਰਤੀਨਿਧੀ ਹੈ, ਅਤੇ ਉਹ ਧਰਤੀ ਦੀਆਂ ਉਹਨਾਂ ਸਭਨਾਂ ਬਾਦਸ਼ਾਹੀਆਂ ਦਾ ਸਰਦਾਰ ਹੈ, ਜਿਹੜੀਆਂ ਉਸਨੇ ਮੱਤੀ 4 ਵਿੱਚ ਯਿਸੂ ਮਸੀਹ ਨੂੰ ਵਿਖਾਈਆਂ ਸਨ ਅਤੇ ਉਸਨੂੰ ਦੇਣ ਦੀ ਪੇਸ਼ਕਸ਼ ਕੀਤੀ ਸੀ। ਸ਼ੈਤਾਨ ਹੁਣ ਪੂਰੀ ਤਰ੍ਹਾਂ ਇੱਕ ਰਾਜਾ ਬਣ ਗਿਆ ਹੈ।

183 ਹੁਣ ਇਹ ਤਾਂ ਬਾਦ ਵਿੱਚ ਵਾਪਰਦਾ ਹੈ। ਹੁਣ ਉਹ ਇੱਕ ਝੂਠਾ ਨਬੀ ਹੈ। ਕੁਝ ਸਮੇਂ ਬਾਦ ਜਦ ਉਹ ਯਹੂਦੀਆਂ ਨਾਲ ਬੰਨ੍ਹਿਆ ਨੇਮ ਤੋੜੇ ਦੇਵੇਗਾ ਤਾਂ ਉਹ ਦਰਿੰਦਾ ਬਣ ਜਾਵੇਗਾ। ਤੁਸੀਂ ਜਾਣਦੇ ਹੋ ਕਿ ਕਿਵੇਂ ਅਸੀਂ ......ਠੀਕ ਹੈ, ਹੁਣ ਧਿਆਨ ਦਿਓ, ਉਸ ਸਮੇਂ ਉਹਨੂੰ ਦਰਿੰਦੇ ਦਾ ਦਿਲ ਦਿੱਤਾ ਜਾਵੇਗਾ ਅਤੇ ਸ਼ੈਤਾਨ ਖੁਦ ਨੂੰ ਉਸ ਦਰਿੰਦੇ ਵਿੱਚ ਦੇਹਧਾਰੀ ਕਰੇਗਾ। ਕਿਉਂਕਿ ਜਦ ਕਲੀਸਿਯਾ ਉੱਪਰ ਚਲੀ ਜਾਂਦੀ ਹੈ, ਸ਼ੈਤਾਨ ਨੂੰ ਧਰਤੀ ਤੇ ਸੁੱਟ ਦਿੱਤਾ ਜਾਂਦਾ ਹੈ। ਵੇਖਿਆ। ਸਮਝੇ?ਫਿਰ ਸ਼ੈਤਾਨ ਦਾ ਦੋਸ਼ ਲਾਉਣ ਦਾ ਕੰਮ ਖਤਮ ਹੋ ਜਾਂਦਾ ਹੈ। ਸਮਝੇ? ਹੁਣ, ਜਦ ਤਕ .........

184 ਵੇਖੋ, ਜਦ ਤੱਕ ਵਿਚੋਲਾ ਸਿੰਘਾਸਣ ਤੇ ਹੈ ਸ਼ੈਤਾਨ ਉੱਥੇ ਖੜਾ ਹੋ ਸੱਕਦਾ ਹੈ ਅਤੇ ਦੋਸ਼ ਲਗਾ ਸੱਕਦਾ ਹੈ ਕਿਉਂਕਿ ਉਹ ਸਿੰਘਾਸਣ ਦੇ ਦੂਜੇ ਪਾਸੇ ਖੜਾ ਦੋਸ਼ ਲਗਾਉਂਦਾ ਹੈ। ਉਹ ਮਸੀਹ ਦਾ ਵਿਰੋਧੀ ਹੈ। ਅਤੇ ਮਸੀਹ ਹੈ .....ਉਹ ਉੱਥੇ ਖੜਾ ਹੈ, ਉਹ ਵਿਰੋਧੀ ਉੱਥੇ ਖੜਾ ਹੈ, ਅਤੇ ਇਹ ਕਹਿ ਰਿਹਾ ਹੈ, "ਪਰ ਜਰਾ ਠਹਿਰੋ !ਆਦਮ ਡਿੱਗ ਪਿਆ !ਆਦਮ ਨੇ *ਇਹ* ਕੀਤਾ ਸੀ !ਮੈਂ ਉਹਨੂੰ ਜਿੱਤ ਲਿਆ ਹੈ। ਮੈਂ ਉਸਦੀ ਪਤਨੀ ਨੂੰ ਝੂਠ ਤੇ ਵਿਸ਼ਵਾਸ਼ ਕਰਾ ਦਿੱਤਾ। ਅਤੇ ਤੂੰ ਕਿਹਾ ਸੀ ਕਿ ਉਹ ਇਸਦੇ ਨਾਲ ਨਾਸ਼ ਹੋ ਜਾਵੇਗੀ। ਮੈਂ ਉਹਨੂੰ ਲੈ ਲਿਆ ਹੈ !"

185 ਪਰ ਵਿਚੋਲਾ, ਸਾਡਾ ਛੁਡਾਉਣ ਵਾਲਾ ਨੇੜੇ ਦਾ ਸਾਕ, ਆਮੀਨ, ਆਪਣੇ ਲਹੂ ਲੈ ਕੇ ਉੱਥੇ ਖੜਾ ਹੈ, ਅਮੀਨ, ਅਤੇ ਉਹ ਮਹਾਂ ਪਾਪੀ ਦੇ ਦਿਲ ਨੂੰ ਲੈ ਕੇ ਬਦਲ ਸੱਕਦਾ ਹੈ। ਵਿਚੋਲਾ ਸਿੰਘਾਸਣ ਦੇ ਉੱਤੇ ਬੈਠਾ ਹੈ। ਜੀ ਹਾਂ ਸ਼੍ਰੀ ਮਾਨ।

ਸ਼ੈਤਾਨ ਆਖਦਾ ਹੈ, " ਪਰ ਉਹ ਤਾਂ ਦੋਸ਼ੀ ਹਨ !"

ਉਹ ਕਹਿ ਸੱਕਦਾ ਹੈ, " ਉਹ ਦੋਸ਼ੀ ਨਹੀਂ ਹਨ। "

186 ਉਹ ਕਲੋਰੋਕਸ ਜੋ ਕਿ ਰੰਗਕਾਟ ਹੈ ਉਸਦੀ ਖੋਜ ਸਿਆਹੀ ਜਾਂ ਹੋਰ ਕਾਸੇ ਦੇ ਦਾਗ ਧੋਣ ਲਈ ਖੋਜ ਕੀਤੀ ਗਈ ਸੀ। ਉਹਨਾਂ ਦੇ ਕੋਲ ਇਹ ਰੰਗਕਾਟ ਹੈ। ਅਤੇ ਇਹ ਰੰਗਕਾਟ ਸਿਆਹੀ ਦੇ ਦਾਗ ਨੂੰ ਇਸ ਤਰ੍ਹਾਂ ਤੋੜ ਦਿੰਦਾ ਹੈ ਕਿ ਤੁਸੀਂ ਇਸਨੂੰ ਫਿਰ ਨਹੀਂ ਲੱਭ ਸੱਕਦੇ ਹੋ। ਅਤੇ ਇਹ



ਵਾਪਸ ਗੈਸਾਂ ਅਤੇ ਬ੍ਰਹਿਮੰਡ ਦੇ ਪ੍ਰਕਾਸ ਵਿੱਚ ਚਲਾ ਜਾਂਦਾ ਹੈ। ਅਤੇ ਸਾਰੇ ਕਿਣਕਿਆਂ ਅਤੇ ਸੱਭ ਕਾਸੇ ਨੂੰ ਲੰਘ ਕੇ ਪਾਰ ਚਲਾ ਜਾਂਦਾ ਹੈ ਜਦ ਤੱਕ ਕਿ ਇਹ ਆਪਣੀ ਅਸਲੀ ਹਾਲਤ ਵਿੱਚ ਫਿਰ ਵਾਪਿਸ ਨਹੀਂ ਚਲਾ ਜਾਂਦਾ ਜਿੱਥੋਂ ਕਿ ਇਹ ਆਇਆ ਸੀ। ਇਹ ਇੱਕ ਰਚਨਾ ਹੈ। ਰਚਨਾ ਨੇ ਤਾਂ ਰਚਨਹਾਰੇ ਤੋਂ ਹੀ ਆਉਣਾ ਹੈ। ਪ੍ਰੰਤੂ ਉਹ ਸਾਰੇ ਰਸਾਇਣਕ ਜੋ ਬਣਾਏ ਗਏ ਸਨ ਅਤੇ ਇਕੱਠੇ ਕੀਤੇ ਗਏ ਸਨ ਟੁੱਟ ਜਾਂਦੇ ਹਨ, ਅਤੇ ਬਸ ਇਹੋ ਕੁਝ ਹੀ ਉਸ ਸਿਆਹੀ ਦੇ ਦਾਗ ਦੇ ਨਾਲ ਹੁੰਦਾ ਹੈ। ਫਿਰ ਉਸ ਦਾ ਕੋਈ ਵੀ ਅੰਸ਼ ਤੱਕ ਬਾਕੀ ਨਹੀਂ ਰਹਿੰਦਾ ਹੈ। ਇੱਥੋਂ ਤੋੜੀ ਕਿ ਪਾਣੀ ਵੀ ਰੰਗਕਾਟ ਕਲੋਰੋਕਸ ਦੇ ਨਾਲ ਮਿਲ ਜਾਂਦਾ ਹੈ ਜੋ ਕਿ ਧੂੜਾਂ ਹਨ।

187 ਆਮੀਨ ! ਪ੍ਰਮਸ਼ੇਰ ਦੀ ਤਾਰੀਫ ਹੋਵੇ ! ਇਹ ਪੂਰੀ ਤਰ੍ਹਾਂ ਸਾਫ ਹੋ ਗਿਆ ਹੈ। ਜਦ ਖੁਦਾ ਦਾ ਸੱਚਾ ਬੱਚਾ ਆਪਣੇ ਗੁਨਾਹਾਂ ਨੂੰ ਮੰਨ ਲੈਂਦਾ ਹੈ ਤਾਂ ਇਹੋ ਕੁਝ ਹੀ ਯਿਸੂ ਮਸੀਹ ਦਾ ਲਹੂ ਉਸਦੇ ਲਈ ਕਰਦਾ ਹੈ ਅਤੇ ਉਸਦੀ ਦਯਾ ਵਿੱਚ ਉਹ ਧਰਮੀ ਠਹਿਰ ਕੇ ਖੜਾ ਹੋ ਜਾਂਦਾ ਹੈ ਅਤੇ ......ਉਸਦੀ ਕਿਰਪਾ ਅਤੇ ਭਲਿਆਈ ਵਿੱਚ ਸੰਗਤ ਕਰਦਾ ਹੈ !ਇੱਥੇ ਤੱਕ ਕਿ ਇਹ ਕੰਮ ਏਡਾ ਮਹਾਨ ਹੈ ਕਿ ਖੁਦਾ ਵੀ ਕਹਿੰਦਾ ਹੈ, " ਮੈਂ ਇਸਦੇ ਪਾਪ ਨੂੰ ਯਾਦ ਤੱਕ ਵੀ ਨਹੀਂ ਕਰ ਸੱਕਦਾ। ਅਤੇ ਉਹ ਤਾਂ ਪੂਰੀ ਤਰ੍ਹਾਂ ਦੇ ਨਾਲ ਮੇਰਾ ਪੁੱਤਰ ਹੈ। "

188 ਯਿਸੂ ਨੇ ਕਿਹਾ ਸੀ, " ਮੈਂ ਤੁਹਾਨੂੰ ਸੱਚ-ਸੱਚ ਆਖਦਾ ਹਾਂ ਕਿ ਜੇ ਕੋਈ ਇਸ ਪਹਾੜ ਨੂੰ ਕਹੇ ਉੱਠ ਅਤੇ ਸਮੁੰਦਰ ਵਿੱਚ ਜਾ ਪੈ, ਅਤੇ ਮਨ ਵਿੱਚ ਸ਼ੱਕ ਨਾ ਕਰੇ ਪਰ ਨਿਹਚਾ ਕਰੇ ਕਿ ਜੋ ਆਖਿਆ ਹੈ ਹੁੰਦਾ ਹੈ ਤਾਂ ਜੋ ਤੁਸਾਂ ਆਖਿਆ ਹੈ ਉਹ ਹੋ ਜਾਵੇਗਾ। " ਤੁਸੀਂ ਛੁਡਾਏ ਹੋਏ ਪੁੱਤਰ ਹੋ। ਆਮੀਨ! ਮੈਂ ਜਾਣਦਾ ਹਾਂ ਕਿ ਇਹ ਸੱਚ ਹੈ।

189 ਮੈਂ ਛੇ ਅਲੱਗ-ਅਲੱਗ ਸਮਿਆਂ ਤੇ ਗਲਹਿਰੀਆਂ ਨੂੰ ਪ੍ਰਗਟ ਹੁੰਦੇ ਹੋਏ ਵੇਖ ਚੁੱਕਾ ਹਾਂ ਅਤੇ ਮੈਂ ਨਹੀਂ ਜਾਣਦਾ ਸੀ ਕਿ ਇਹ ਗਲਹਿਰੀ ਇੱਥੇ ਬੈਠੀ ਹੋਵੇਗੀ। ਜਿਸ ਤਰ੍ਹਾਂ ਉਹ ਗਲਹਿਰੀਆਂ ਦੀ ਰਚਨਾ ਕਰ ਸੱਕਦਾ ਹੈ ਉਸੇ ਤਰ੍ਹਾਂ ਹੀ ਉਹ ਮੱਖੀਆਂ ਦੀ ਰਚਨਾ ਵੀ ਕਰ ਸੱਕਦਾ ਹੈ ਜਾਂ ਡੱਡੂਆਂ ਦੀ ਰਚਨਾ ਕਰ ਸੱਕਦਾ ਹੈ ਜਾਂ ਉਹ ਕਿਸੇ ਵੀ ਚੀਜ਼ ਦੀ ਸ਼੍ਰਿਸ਼ਟੀ ਕਰ ਸੱਕਦਾ ਹੈ। ਉਹ, ਉਹ ਖੁਦਾ ਹੈ, ਉਹ ਰਚਨਹਾਰਾ ਹੈ। ਠੀਕ ਐ !ਅਤੇ ਜਦ ਕੋਈ ਮਰਨਹਾਰ ਮਨੁੱਖ ......

190 ਅਤੇ ਜਦ ਕੋਈ ਮਰਨਹਾਰ ਉਸ ਪਾਪ ਦਾ ਇਕਰਾਰ ਕਰ ਲੈਂਦਾ ਹੈ ਅਤੇ ਉਸਨੂੰ ਯਿਸੂ ਮਸੀਹ ਦੇ ਕਲੋਰੋਕਸ ਰੰਗਕਾਟ ਵਿੱਚ ਪਾ ਦਿੰਦਾ ਹੈ ਤਾਂ ਉਹ ਉਸਦੇ ਸਾਰੇ ਪਾਪਾਂ ਨੂੰ ਸਾਫ ਕਰ ਦਿੰਦਾ ਹੈ। ਅਤੇ ਫਿਰ ਉਹ ਪੂਰੀ ਤਰਾਂ ਦੇ ਨਾਲ ਸ਼ੁੱਧ, ਖਾਲਸ, ਪਾਪ ਰਹਿਤ, ਬਿਨਾਂ ਕਿਸੇ ਦੋਸ਼ ਦੇ ਹੁੰਦਾ ਹੈ। "ਜਿਹੜਾ ਪ੍ਰਮੇਸ਼ੁਰ ਤੋਂ ਜੰਮਿਆ ਹੈ ਉਹ ਪਾਪ ਨਹੀਂ ਕਰ ਸੱਕਦਾ। " ਕਿਉਂਕਿ ਉਹਦੇ ਅਤੇ ਪ੍ਰਮੇਸ਼ੁਰ ਦੇ ਵਿਚਕਾਰ ਰੰਗਕਾਟ ਖਲੋਤਾ ਹੋਇਆ ਹੈ। ਇਹ ਕਿੰਝ ਪਰਮੇਸ਼ੁਰ ਦੇ ਕੋਲ ਉਤਾਂਹ ਪਹੁੰਚ ਸੱਕਦਾ ਹੈ ਜਦ ਕਿ ਯਿਸੂ ਮਸੀਹ ਦਾ ਲਹੂ ਇਹਨੂੰ ਤੋੜ ਕੇ ਤੇ ਇਸਨੂੰ ਠੀਕ ਸ਼ੈਤਾਨ ਦੇ ਕੋਲ ਜੋ ਵਿਗਾੜਨ ਵਾਲਾ ਹੈ,ਵਾਪਿਸ ਭੇਜ ਦਿੰਦਾ ਹੈ।

191 ਵਾਹ ! ਮੈਂ ਧਾਰਮਿਕ ਮਹਿਸੂਸ ਕਰ ਰਿਹਾ ਹਾਂ। ਮੈਂ ਤੁਹਾਨੂੰ ਦੱਸਦਾ ਹਾਂ ਕਿ ਜਿਉਂ ਜਿਉਂ ਇਹ ਪ੍ਰਗਟ ਹੋ ਰਿਹਾ ਹੈ ਮੈਨੂੰ ਉਤੇਜਨਾ ਮਿਲ ਰਹੀ ਹੈ।